1-Jan-PAGE-1-ADVT.qxd 12/31/2025 10:30 PM Page 1

ਵੀਰਵਾਰ, 1 ਜਨਵਰੀ, 2026

18 ਪੋਹ { ਨਾਨਕਸ਼ਾਹੀ 557 / ਬਿਕਰਮੀ 2082 }

ਜਿਲਦ/VOL. : 74

ਅੰਕ/NO. : 212

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • THURSDAY, 1 JANUARY, 2026

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14



1-Jan-PAGE-1.qxd 12/31/2025 10:59 PM Page 1

ਵੀਰਵਾਰ, 1 ਜਨਵਰੀ, 2026 | 18 ਪੋਹ | ਨਾਨਕਸ਼ਾਹੀ 557 | ਬਿਕਰਮੀ 2082 | ਜਿਲਦ/VOL. : 74 | ਅੰਕ/NO. : 212 | Regd. No : L-4/Pb-JL-0023/2024-26, (R.N.I.)-00068/57 | www.nawanzamana.in

# ਨਵਾਂ ਜ਼ਮਾਨਾ

ਕੀਮਤ/PRICE : 5.00 ਰੁਪਏ DAILY NAWAN ZAMANA • THURSDAY, 1 JANUARY, 2026 ਸਫ਼ੇ : 14



ਸਿਡਨੀ ਦੇ ਹਾਰਬਰ ਬ੍ਰਿਜ 'ਤੇ ਨਵੇਂ ਸਾਲ ਦਾ ਆਤਿਸ਼ਬਾਜ਼ੀ ਨਾਲ ਸਵਾਗਤ।

## ਭਾਰਤ-ਪਾਕਿ ਤਣਾਅ ਘਟਾਉਣ 'ਚ ਸਾਡਾ ਵੀ ਰੋਲ ਰਿਹਾ : ਚੀਨ

**ਬੀਜਿੰਗ** : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਸੰਭਾਵੀ ਜੰਗ ਨੂੰ ਰੋਕਣ ਦੇ ਵਾਰ-ਵਾਰ ਕੀਤੇ ਗਏ ਦਾਅਵਿਆਂ ਤੋਂ ਬਾਅਦ ਹੁਣ ਚੀਨ ਨੇ ਵੀ ਦਾਅਵਾ ਕੀਤਾ ਹੈ ਕਿ ਉਸ ਨੇ ਇਸ ਸਾਲ ਦੇ ਸ਼ੁਰੂ ਵਿੱਚ ਦੋਵਾਂ ਦੇਸ਼ਾਂ ਦੇ ਫੌਜੀ ਟਕਰਾਅ ਤੋਂ ਬਾਅਦ ਪੈਦਾ ਹੋਏ ਤਣਾਅ ਨੂੰ ਸੁਲਝਾਉਣ ਲਈ ਵਿਚੋਲਗੀ ਕੀਤੀ ਸੀ। ਮੰਗਲਵਾਰ ਨੂੰ ਕੌਮਾਂਤਰੀ ਸਥਿਤੀ ਅਤੇ ਚੀਨ ਦੇ ਵਿਦੇਸ਼ੀ ਸੰਬੰਧਾਂ ਬਾਰੇ ਇੱਕ ਸਿੰਪੋਜ਼ੀਅਮ ਵਿੱਚ ਬੋਲਦਿਆਂ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨੇ ਕਿਹਾ ਕਿ ਬੀਜਿੰਗ ਨੇ ਭਾਰਤ-ਪਾਕਿਸਤਾਨ ਡੈੱਡਲਾਕ ਸਮੇਤ ਕਈ ਵਿਸ਼ਵਵਿਆਪੀ ਸੰਘਰਸ਼ਾਂ ਵਿੱਚ ਵਿਚੋਲੇ ਦੀ ਭੂਮਿਕਾ ਨਿਭਾਈ ਹੈ। ਵਾਂਗ ਨੇ ਕਿਹਾ ਕਿ ਚੀਨ ਨੇ ਉੱਤਰੀ ਮਿਆਂਮਾਰ, ਈਰਾਨ ਪ੍ਰਮਾਣੂ ਮੁੱਦੇ, ਫਲਸਤੀਨ-ਇਜ਼ਰਾਈਲ ਅਤੇ ਹਾਲ ਹੀ ਵਿੱਚ ਕੰਬੋਡੀਆ-ਥਾਈਲੈਂਡ ਵਿਵਾਦ ਦੇ ਨਾਲ-ਨਾਲ ਭਾਰਤ-ਪਾਕਿਸਤਾਨ ਦੇ ਤਣਾਅ ਨੂੰ ਹੱਲ ਕਰਨ ਲਈ ਨਿਰਪੱਖ ਪਹੁੰਚ ਅਪਣਾਈ ਸੀ। ਇਹ ਟਕਰਾਅ 22 ਅਪ੍ਰੈਲ ਨੂੰ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਤੋਂ ਬਾਅਦ ਸ਼ੁਰੂ ਹੋਇਆ ਸੀ, ਜਿਸ ਦੇ ਜਵਾਬ ਵਿੱਚ ਭਾਰਤ ਨੇ 'ਅਪ੍ਰੇਸ਼ਨ ਸਿੰਧੂਰ' ਰਾਹੀਂ ਪਾਕਿਸਤਾਨ 'ਚ ਦਹਿਸ਼ਤਗਰਦਾਂ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਸੀ। ਹਾਲਾਂਕਿ, ਭਾਰਤ ਨੇ ਹਮੇਸ਼ਾ ਕਿਸੇ ਤੀਜੀ ਧਿਰ ਦੀ ਵਿਚੋਲਗੀ ਦੇ ਦਾਅਵਿਆਂ ਨੂੰ ਖਾਰਜ ਕੀਤਾ ਹੈ ਅਤੇ ਕਿਹਾ ਹੈ ਕਿ 10 ਮਈ ਨੂੰ ਦੋਵਾਂ ਦੇਸ਼ਾਂ ਦੇ ਡੀ ਜੀ ਐੱਮ ਓਜ਼ ਵਿਚਕਾਰ ਸਿੱਧੀ ਗੱਲਬਾਤ ਤੋਂ ਬਾਅਦ ਹੀ ਫੌਜੀ ਕਾਰਵਾਈ ਰੁਕੀ ਸੀ।

ਦੂਜੇ ਪਾਸੇ, ਅਮਰੀਕੀ ਰਿਪੋਰਟਾਂ ਵਿੱਚ ਚੀਨ 'ਤੇ ਅਪ੍ਰੇਸ਼ਨ ਸਿੰਧੂਰ ਤੋਂ ਬਾਅਦ ਸੋਸ਼ਲ ਮੀਡੀਆ ਰਾਹੀਂ ਗਲਤ ਜਾਣਕਾਰੀ ਫੈਲਾਉਣ ਅਤੇ ਭਾਰਤੀ ਰਫਾਲ ਜਹਾਜ਼ਾਂ ਦੀ ਸਾਖ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨ ਦੇ ਦੋਸ਼ ਵੀ ਲੱਗੇ ਸਨ। ਕਾਂਗਰਸ ਨੇ ਕਿਹਾ ਕਿ ਚੀਨ ਦਾ ਦਾਅਵਾ ਚਿੰਤਾਜਨਕ ਹੈ ਅਤੇ ਭਾਰਤ ਦੇ ਲੋਕ ਸਰਕਾਰ ਤੋਂ ਸਪੱਸ਼ਟਤਾ ਚਾਹੁੰਦੇ ਹਨ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਦਾਅਵੇ 'ਤੇ ਆਪਣੀ ਚੁੱਪੀ ਤੋੜਨ। ਦੇਸ਼ ਦੀ ਕੌਮੀ ਸੁਰੱਖਿਆ ਦਾ ਮਜ਼ਾਕ ਬਣ ਗਿਆ ਹੈ। ਉਨ੍ਹਾ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਭਾਰਤ ਤੇ ਪਾਕਿਸਤਾਨ ਨੂੰ ਲੜਨੋਂ ਹਟਾਉਣ ਦਾ 65 ਵਾਰ ਦਾਅਵਾ ਕਰ ਚੁੱਕੇ ਹਨ, ਪਰ ਪ੍ਰਧਾਨ ਮੰਤਰੀ ਨੇ ਆਪਣੇ ਅਖੌਤੀ ਦੋਸਤ ਦੇ ਦਾਅਵਿਆਂ ਬਾਰੇ ਮੂੰਹ ਬੰਦ ਹੀ ਰੱਖਿਆ ਹੋਇਆ ਹੈ। ਹੁਣ ਚੀਨੀ ਵਿਦੇਸ਼ ਮੰਤਰੀ ਨੇ ਦਾਅਵਾ ਕਰ ਦਿੱਤਾ ਹੈ।

ਡਿਪਟੀ ਚੀਫ ਆਫ ਆਰਮੀ ਸਟਾਫ ਲੈਫਟੀਨੈਂਟ ਜਨਰਲ ਰਾਹੁਲ ਸਿੰਘ ਨੇ ਚਾਰ ਜੁਲਾਈ 2025 ਨੂੰ ਜਨਤਕ ਤੌਰ 'ਤੇ ਕਿਹਾ ਸੀ ਕਿ 'ਅਪ੍ਰੇਸ਼ਨ ਸਿੰਧੂਰ' ਦੌਰਾਨ ਭਾਰਤ ਅਸਲ ਵਿੱਚ ਚੀਨ ਨਾਲ ਸਿੱਝ ਰਿਹਾ ਸੀ। ਰਮੇਸ਼ ਨੇ ਕਿਹਾ ਕਿ ਚੀਨ ਦੀ ਪਾਕਿਸਤਾਨ ਨਾਲ ਡੂੰਘੀ ਆੜੀ ਹੈ ਅਤੇ ਉਸ ਵੱਲੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਵਿਚੋਲਗੀ ਦਾ ਦਾਅਵਾ ਚਿੰਤਾਜਨਕ ਹੈ। ਇਹ ਸਿਰਫ ਇਸ ਕਰਕੇ ਨਹੀਂ ਕਿ ਉਸ ਨੇ ਦੇਸ਼ ਦੇ ਲੋਕਾਂ ਨੂੰ ਦਿਵਾਏ ਗਏ ਵਿਸ਼ਵਾਸ ਦੇ ਉਲਟ ਕਿਹਾ ਹੈ, ਸਗੋਂ ਇਸ ਕਰਕੇ ਵੀ ਹੈ ਕਿ ਦਾਅਵੇ ਕਰਨ ਵਾਲਿਆਂ ਨੇ ਭਾਰਤ ਦੀ ਕੌਮੀ ਸੁਰੱਖਿਆ ਦਾ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ।

## ਸਿੱਖ ਇਤਿਹਾਸ ਦਾ ਤਾਮਿਲ 'ਚ ਗਾਇਨ




**ਚੰਡੀਗੜ੍ਹ** : ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਹੁਣ ਦੱਖਣੀ ਭਾਰਤ ਦੀ ਤਾਮਿਲ ਭਾਸ਼ਾ ਵਿੱਚ ਵੀ ਗਾਇਆ ਜਾਵੇਗਾ। ਚੇਨਈ ਵਿੱਚ ਚੱਲ ਰਹੇ ਮਾਰਗਜ਼ੀਲ ਮੱਕਲ ਈਸਾਈ ਉਤਸਵ ਦੌਰਾਨ ਪ੍ਰਸਿੱਧ ਫਿਲਮ ਨਿਰਮਾਤਾ ਪਾ ਰੰਜੀਤ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਸਾਲ ਨੂੰ ਸਮਰਪਤ ਪਹਿਲਾ ਤਾਮਿਲ ਗੀਤ 'ਸ੍ਰਿਸ਼ਟੀ-ਕੀ-ਚਾਦਰ—ਗੁਰੂ ਤੇਗ ਬਹਾਦਰ ਜੀ' ਰਿਲੀਜ਼ ਕੀਤਾ ਗਿਆ। ਬਹੁਜਨ ਦ੍ਰਾਵਿੜ ਪਾਰਟੀ (ਬੀ ਡੀ ਪੀ) ਦੇ ਬਾਨੀ ਜੀਵਨ ਸਿੰਘ ਵੱਲੋਂ ਲਿਖੇ ਗਏ ਇਸ ਗੀਤ ਵਿੱਚ ਗੁਰੂ ਤੇਗ ਬਹਾਦਰ ਜੀ ਨੂੰ ਸਮੁੱਚੀ ਮਾਨਵਤਾ ਦੇ ਰੱਖਿਅਕ ਵਜੋਂ ਪੇਸ਼ ਕੀਤਾ ਗਿਆ ਹੈ। ਗੀਤ ਦੇ ਬੋਲ ਗੁਰੂ ਸਾਹਿਬ ਵੱਲੋਂ ਧਾਰਮਕ ਕੱਟੜਤਾ ਅਤੇ ਜਾਤੀਵਾਦ ਵਿਰੁੱਧ ਲੜੀ ਗਈ ਜੰਗ ਨੂੰ ਬਾਖੂਬੀ ਬਿਆਨ ਕਰਦੇ ਹਨ। ਇਸ ਨੂੰ ਪੁਧੂਵਈ ਸਿੱਥਨ ਜੈਮੂਰਤੀ, ਐੱਮ. ਫ਼ਰੀਦਾ ਅਤੇ ਪੀ. ਸਮਾਨਾ ਨੇ ਆਪਣੀ ਸੁਰੀਲੀ ਆਵਾਜ਼ ਨਾਲ ਸ਼ਿੰਗਾਰਿਆ ਹੈ। ਗੀਤ ਦੀ ਵੀਡੀਓ ਵਿੱਚ ਆਧੁਨਿਕ ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੁਆਰਾ ਤਿਆਰ ਕੀਤੇ ਗਏ ਦ੍ਰਿਸ਼ਾਂ ਦੇ ਨਾਲ-ਨਾਲ 'ਸਕੂਲ ਆਫ ਮੀਰੀ ਪੀਰੀ ਤਾਮਿਲਨਾਡੂ' ਦੀਆਂ ਝਲਕੀਆਂ ਵੀ ਦਿਖਾਈਆਂ ਗਈਆਂ ਹਨ। ਵੀਡੀਓ ਵਿੱਚ ਤਾਮਿਲ ਅਤੇ ਪੰਜਾਬੀ ਸਿੱਖਾਂ ਨੂੰ ਇਕੱਠੇ ਲੰਗਰ ਸੇਵਾ ਕਰਦੇ ਦਿਖਾ ਕੇ ਬਰਾਬਰੀ ਦਾ ਸੁਨੇਹਾ ਦਿੱਤਾ ਗਿਆ ਹੈ, ਜੋ ਸਿੱਖੀ ਅਤੇ ਦ੍ਰਾਵਿੜ ਵਿਚਾਰਧਾਰਾ ਦੇ ਆਪਸੀ ਸਾਂਝੇ ਸਿਧਾਂਤਾਂ ਨੂੰ ਦਰਸਾਉਂਦਾ ਹੈ। ਇਸ ਸੱਭਿਆਚਾਰਕ ਸਾਂਝ ਦੇ ਪਿੱਛੇ ਇੱਕ ਡੂੰਘਾ ਸੰਬੰਧ ਹੈ।

ਸਾਲ 2021 ਵਿੱਚ ਦਿੱਲੀ ਦੇ ਸਿੰਘੂ ਬਾਰਡਰ 'ਤੇ ਹੋਏ ਕਿਸਾਨ ਅੰਦੋਲਨ • ਬਾਕੀ ਸਫਾ 13 'ਤੇ

## ਸਵੱਛਤਮ ਸ਼ਹਿਰ 'ਚ ਦੂਸ਼ਿਤ ਪਾਣੀ ਨਾਲ 9 ਮੌਤਾਂ



**ਇੰਦੌਰ** : ਦੇਸ਼ ਦੇ ਸਭ ਤੋਂ ਸਵੱਛ ਸ਼ਹਿਰ ਇੰਦੌਰ 'ਚ ਦੂਸ਼ਿਤ ਪਾਣੀ ਨਾਲ 9 ਲੋਕ ਮਾਰੇ ਗਏ ਹਨ। ਪੰਜ ਮਹੀਨੇ ਦੇ ਅਵਯਾਨ ਸਾਹੂ ਸਣੇ 4 ਨੇ ਬੁੱਧਵਾਰ ਦਮ ਤੋੜਿਆ। 100 ਤੋਂ ਵੱਧ ਲੋਕ ਹਸਪਤਾਲਾਂ ਵਿੱਚ ਹਨ। ਮੇਅਰ ਪੁਸ਼ਯਮਿਤਰਾ ਭਾਰਗਵ ਨੇ 7 ਮੌਤਾਂ ਦੀ ਪੁਸ਼ਟੀ ਕੀਤੀ ਹੈ, ਜਦਕਿ ਕਈ ਲੋਕ ਵੱਧ ਮੌਤਾਂ ਦੀ ਗੱਲ ਕਹਿ ਰਹੇ ਹਨ। ਮੇਅਰ ਨੇ ਕਿਹਾ, 'ਸਿਹਤ ਵਿਭਾਗ ਨੇ ਭਾਗੀਰਥਪੁਰਾ ਵਿੱਚ ਉਲਟੀਆਂ-ਟੱਟੀਆਂ ਨਾਲ ਤਿੰਨ ਮੌਤਾਂ ਦੀ ਗੱਲ ਕਹੀ ਹੈ, ਪਰ ਮੇਰੀ ਜਾਣਕਾਰੀ ਮੁਤਾਬਕ ਹਸਪਤਾਲਾਂ ਵਿੱਚ ਚਾਰ ਹੋਰ ਲੋਕਾਂ ਨੇ ਵੀ ਦਮ ਤੋੜਿਆ ਹੈ।' ਭਾਰਗਵ ਨੇ ਦੱਸਿਆ ਕਿ ਪੀਣ ਵਾਲੇ ਪਾਣੀ ਦੀ ਪਾਈਪ ਵਿੱਚ ਡਰੇਨੇਜ ਦਾ ਪਾਣੀ ਵੜਨ ਕਾਰਨ ਲੋਕ ਬਿਮਾਰ ਹੋਏ। ਡੀ ਸੀ ਸ਼ਿਵਮ ਵਰਮਾ ਨੇ ਦੱਸਿਆ ਕਿ ਡਾਕਟਰਾਂ ਨੇ ਦੂਸ਼ਿਤ ਪਾਣੀ ਨਾਲ ਚਾਰ ਮੌਤਾਂ ਦੀ ਪੁਸ਼ਟੀ ਕੀਤੀ ਹੈ। 149 ਮਰੀਜ਼ 27 ਹਸਪਤਾਲਾਂ ਵਿੱਚ ਦਾਖਲ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਮਰਨ ਵਾਲਿਆਂ ਵਿੱਚ ਛੇ ਔਰਤਾਂ ਹਨ। ਮੁੱਖ ਮੰਤਰੀ ਮੋਹਨ ਯਾਦਵ ਨੇ ਮ੍ਰਿਤਕਾਂ ਦੇ ਪਰਵਾਰਾਂ ਨੂੰ ਦੋ-ਦੋ ਲੱਖ ਰੁਪਏ ਦੇਣ ਅਤੇ ਮਰੀਜ਼ਾਂ ਦਾ ਇਲਾਜ ਸਰਕਾਰ ਵੱਲੋਂ ਕਰਾਉਣ ਦਾ ਐਲਾਨ ਕੀਤਾ ਹੈ।

ਭਾਗੀਰਥਪੁਰਾ ਸ਼ਹਿਰੀ ਵਿਕਾਸ ਤੇ ਹਾਊਸਿੰਗ ਮੰਤਰੀ ਕੈਲਾਸ਼ ਵਿਜੇਵਰਗੀਆ ਦੇ ਅਸੈਂਬਲੀ ਹਲਕੇ ਵਿੱਚ ਪੈਂਦਾ ਹੈ। ਉਨ੍ਹਾ ਕਿਹਾ ਕਿ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਮੌਤਾਂ ਹੋਈਆਂ ਹਨ।

### ਸਕੂਲਾਂ 'ਚ ਛੁੱਟੀਆਂ ਹੁਣ 7 ਤੱਕ

**ਚੰਡੀਗੜ੍ਹ** : ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕੜਾਕੇ ਦੀ ਠੰਢ ਅਤੇ ਸੰਘਣੀ ਧੁੰਦ ਨੂੰ ਦੇਖਦਿਆਂ ਸਕੂਲਾਂ ਦੀਆਂ ਛੁੱਟੀਆਂ 7 ਜਨਵਰੀ ਤੱਕ ਵਧਾ ਦਿੱਤੀਆਂ ਹਨ। ਅਧਿਆਪਕਾਂ ਅਤੇ ਵੱਖ-ਵੱਖ ਯੂਨੀਅਨਾਂ ਵੱਲੋਂ ਛੁੱਟੀਆਂ ਵਧਾਉਣ ਦੀ ਮੰਗ ਕੀਤੀ ਜਾ ਰਹੀ ਸੀ। ਰਾਜ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਹਾਲਾਤ ਆਮ ਹੋਣ 'ਤੇ 8 ਜਨਵਰੀ ਤੋਂ ਸਾਰੇ ਸਕੂਲ ਨਿਯਮਤ ਸਮੇਂ ਅਤੇ ਵਿਵਸਥਾ ਅਨੁਸਾਰ ਚਲਾਏ ਜਾਣਗੇ।

### ਸੁਰੰਗ 'ਚ ਟਰੇਨ ਤੇ ਮਾਲ ਗੱਡੀ ਦੀ ਟੱਕਰ, 88 ਜ਼ਖਮੀ

**ਗੋਪੇਸ਼ਵਰ** : ਚਮੋਲੀ ਜ਼ਿਲ੍ਹੇ ਵਿੱਚ ਵਿਸ਼ਨੂੰਗੜ੍ਹ-ਪੀਪਲਕੋਟੀ ਹਾਈਡਰੋਇਲੈਕਟ੍ਰਿਕ ਪ੍ਰੋਜੈਕਟ ਦੀ ਪੀਪਲਕੋਟੀ ਸੁਰੰਗ ਦੇ ਅੰਦਰ ਇੱਕ ਲੋਕੋ ਟਰੇਨ ਅਤੇ ਮਾਲ ਗੱਡੀ ਦੀ ਟੱਕਰ ਹੋਣ ਕਾਰਨ 88 ਵਿਅਕਤੀ ਜ਼ਖ਼ਮੀ ਹੋ ਗਏ। ਚਮੋਲੀ ਦੇ ਡੀ ਸੀ ਗੌਰਵ ਕੁਮਾਰ ਨੇ ਦੱਸਿਆ ਕਿ ਮੰਗਲਵਾਰ ਦੇਰ ਸ਼ਾਮ ਹੋਏ ਇਸ ਹਾਦਸੇ ਦੇ ਸਮੇਂ ਟਰੇਨ ਵਿੱਚ 109 ਲੋਕ ਸਵਾਰ ਸਨ, ਜਿਨ੍ਹਾਂ ਵਿੱਚ ਜ਼ਿਆਦਾਤਰ ਮਜ਼ਦੂਰ ਸਨ। ਸਾਰੇ ਜ਼ਖਮੀਆਂ ਦੀ ਹਾਲਤ ਸਥਿਰ ਹੈ। ਟੀ ਐੱਚ ਡੀ ਸੀ (ਇੰਡੀਆ) ਵੱਲੋਂ 444 ਮੈਗਾਵਾਟ ਦਾ ਹਾਈਡਰੋਇਲੈਕਟ੍ਰਿਕ ਪ੍ਰੋਜੈਕਟ ਚਮੋਲੀ ਜ਼ਿਲ੍ਹੇ ਵਿੱਚ ਹੇਲਾਂਗ ਅਤੇ ਪੀਪਲਕੋਟੀ ਦੇ ਵਿਚਕਾਰ ਅਲਕਨੰਦਾ ਨਦੀ 'ਤੇ ਬਣਾਇਆ ਜਾ ਰਿਹਾ ਹੈ। ਇਸ ਪ੍ਰਾਜੈਕਟ ਰਾਹੀਂ ਚਾਰ ਟਰਬਾਈਨਾਂ ਦੀ ਮਦਦ ਨਾਲ 111 ਮੈਗਾਵਾਟ ਬਿਜਲੀ ਪੈਦਾ ਕੀਤੀ ਜਾਣੀ ਹੈ ਅਤੇ ਇਸ ਨੂੰ ਅਗਲੇ ਸਾਲ ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ।

### ਜਾਦੂ-ਟੂਣੇ ਦੇ ਸ਼ੱਕ 'ਚ ਜੋੜੇ ਨੂੰ ਸਾੜ ਦਿੱਤਾ

**ਡਿਫੂ** : ਅਸਾਮ ਦੇ ਕਾਰਬੀ ਆਂਗਲੋਂਗ ਜ਼ਿਲ੍ਹੇ ਦੇ ਹੌਰਾਘਾਟ ਇਲਾਕੇ ਦੇ ਬੇਲੋਗੁਰੀ ਮੁੰਡਾ ਪਿੰਡ ਵਿੱਚ ਮੰਗਲਵਾਰ ਰਾਤ ਲੋਕਾਂ ਨੇ ਜਾਦੂ-ਟੂਣੇ ਵਿੱਚ ਸ਼ਾਮਲ ਹੋਣ ਦੇ ਸ਼ੱਕ ਵਿੱਚ ਇੱਕ ਜੋੜੇ ਨੂੰ ਜ਼ਿੰਦਾ ਸਾੜ ਦਿੱਤਾ। ਸ਼ਰਾਰਤੀ ਅਨਸਰਾਂ ਨੇ ਪਹਿਲਾਂ ਜੋੜੇ 'ਤੇ ਉਨ੍ਹਾਂ ਦੇ ਘਰ ਦੇ ਅੰਦਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕੀਤਾ ਤੇ ਫਿਰ ਘਰ ਨੂੰ ਅੱਗ ਲਗਾ ਦਿੱਤੀ।ਮ੍ਰਿਤਕਾਂ ਦੀ ਪਛਾਣ ਗਾਰਡੀ ਬਿਰੋਵਾ (43) ਅਤੇ ਮੀਰਾ ਬਿਰੋਵਾ (33) ਵਜੋਂ ਹੋਈ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਇਲਾਕਾ ਅੰਧਵਿਸ਼ਵਾਸ ਦੀ ਲਪੇਟ ਵਿੱਚ ਹੈ ਅਤੇ ਲੋਕ ਅਜੇ ਵੀ ਅਫਵਾਹਾਂ 'ਤੇ ਵਿਸ਼ਵਾਸ ਕਰਦੇ ਹਨ।

## ਨਸ਼ੇੜੀ ਡਰੋਨ ਫੁੰਡਣ ਲਈ ਕੇਂਦਰ ਤੋਂ 175 ਕਰੋੜ ਮੰਗੇ

### ਪਾਸਪੋਰਟ ਸਿਸਟਮ ਨੂੰ ਫੌਜਦਾਰੀ ਰਿਕਾਰਡ ਨਾਲ ਜੋੜਿਆ ਜਾਵੇਗਾ



**ਚੰਡੀਗੜ੍ਹ** : ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਦੱਸਿਆ ਹੈ ਕਿ ਸੁਰੱਖਿਆ ਅਤੇ ਸਰਹੱਦ ਪਾਰੋਂ ਡਰੋਨ ਰਾਹੀਂ ਹੋਣ ਵਾਲੀ ਤਸਕਰੀ ਨੂੰ ਰੋਕਣ ਲਈ ਸੂਬਾ ਸਰਕਾਰ ਨੇ ਅਗਲੇ ਵਿੱਤੀ ਸਾਲ ਵਿੱਚ 17 ਨਵੇਂ ਐਂਟੀ-ਡਰੋਨ ਸਿਸਟਮ ਖਰੀਦਣ ਲਈ ਕੇਂਦਰ ਸਰਕਾਰ ਤੋਂ 175 ਕਰੋੜ ਰੁਪਏ ਦੇ ਫੰਡਾਂ ਦੀ ਮੰਗ ਕੀਤੀ ਹੈ। ਵਰਤਮਾਨ ਵਿੱਚ ਤਿੰਨ ਸਿਸਟਮ ਸਰਹੱਦੀ ਖੇਤਰਾਂ ਵਿੱਚ ਕੰਮ ਕਰ ਰਹੇ ਹਨ ਅਤੇ ਛੇ ਹੋਰ ਜਲਦੀ ਹੀ ਚਾਲੂ ਕਰ ਦਿੱਤੇ ਜਾਣਗੇ। ਡੀ ਜੀ ਪੀ ਨੇ ਖੁਲਾਸਾ ਕੀਤਾ ਕਿ ਸੰਗਠਤ ਅਪਰਾਧ ਨੂੰ ਵਿਗਿਆਨਕ ਤਰੀਕੇ ਨਾਲ ਨਜਿੱਠਣ ਲਈ ਪੰਜਾਬ ਪੁਲਸ ਦੋ ਨਵੇਂ ਸਾਫਟਵੇਅਰ ਲਾਂਚ ਕਰੇਗੀ। ਇਸ ਵਿੱਚ ਪੰਜਾਬ ਆਰਟੀਫੀਸ਼ੀਅਲ ਇੰਟੈਲੀਜੈਂਸ ਸਿਸਟਮ (ਪੀ ਏ ਆਈ ਐੱਸ) ਦਾ ਅਪਗ੍ਰੇਡਿਡ ਵਰਜ਼ਨ ਸ਼ਾਮਲ ਹੈ, ਜਿਸ ਵਿੱਚ ਅਪਰਾਧੀਆਂ ਦੀ ਆਵਾਜ਼ ਦੀ ਪਛਾਣ (ਵਾਇਸ ਐਨਾਲਿਸਿਸ) ਅਤੇ ਚਿਹਰੇ ਦੀ ਪਛਾਣ (ਫੇਸ਼ੀਅਲ ਰੈਕੋਗਨੀਸ਼ਨ) ਦੀ ਸਹੂਲਤ ਹੋਵੇਗੀ। ਇਸ ਤੋਂ ਇਲਾਵਾ ਇੱਕ ਨਵਾਂ ਸਰਚ ਸਿਸਟਮ ਵੀ ਚਾਲੂ ਕੀਤਾ ਜਾਵੇਗਾ, ਜਿਸ ਨੂੰ ਕੌਮੀ ਜਾਂਚ ਏਜੰਸੀ (ਏ ਐੱਨ ਆਈ) ਦੇ ਡਾਟਾਬੇਸ ਨਾਲ ਜੋੜਿਆ ਗਿਆ ਹੈ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੰਜਾਬ ਪੁਲਸ ਹੁਣ ਨਸ਼ਾ ਤਸਕਰਾਂ ਦੀ ਆਰਥਕ ਕਮਰ ਤੋੜਨ 'ਤੇ ਧਿਆਨ ਕੇਂਦਰਤ ਕਰੇਗੀ। ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ ਐੱਨ ਟੀ ਐੱਫ) • ਬਾਕੀ ਸਫਾ 13 'ਤੇ

### ਐੱਸ ਕੁਮਾਰਸ ਦੀ ਬਕਿੰਘਮ ਪੈਲੇਸ ਨੇੜਲੀ ਜਾਇਦਾਦ ਕੁਰਕ

**ਨਵੀਂ ਦਿੱਲੀ** : ਈ ਡੀ ਨੇ ਟੈਕਸਟਾਈਲ ਖੇਤਰ ਦੀ ਪ੍ਰਮੁੱਖ ਕੰਪਨੀ ਐੱਸ ਕੁਮਾਰਸ ਨੇਸ਼ਨਵਾਈਡ ਲਿਮਟਿਡ ਅਤੇ ਇਸ ਦੇ ਸਾਬਕਾ ਸੀ ਐੱਮ ਡੀ ਨਿਤਿਨ ਕਸਲੀਵਾਲ ਵਿਰੁੱਧ ਮਨੀ ਲਾਂਡਰਿੰਗ ਅਤੇ ਬੈਂਕ ਲੋਨ ਧੋਖਾਧੜੀ ਦੇ ਮਾਮਲੇ ਵਿੱਚ ਲੰਡਨ ਦੇ ਬਕਿੰਘਮ ਪੈਲੇਸ ਨੇੜੇ 150 ਕਰੋੜ ਰੁਪਏ ਦੀ ਜਾਇਦਾਦ ਕੁਰਕ ਕੀਤੀ ਹੈ। ਕਸਲੀਵਾਲ 'ਤੇ ਭਾਰਤੀ ਬੈਂਕਾਂ ਦੇ ਕੰਸੋਰਟੀਅਮ ਨਾਲ 1,400 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਹੈ। ਈ ਡੀ ਅਨੁਸਾਰ, ਕਸਲੀਵਾਲ ਨੇ ਵਿਦੇਸ਼ੀ ਨਿਵੇਸ਼ ਦੇ ਨਾਂਅ 'ਤੇ ਫੰਡਾਂ ਦੀ ਹੇਰਾਫੇਰੀ ਕੀਤੀ ਅਤੇ ਬ੍ਰਿਟਿਸ਼ ਵਰਜਿਨ ਆਈਲੈਂਡਜ਼, ਜਰਸੀ ਅਤੇ ਸਵਿਟਜ਼ਰਲੈਂਡ ਵਰਗੇ ਟੈਕਸ ਹੈਵਨ ਦੇਸ਼ਾਂ ਵਿੱਚ ਨਿੱਜੀ ਟਰੱਸਟਾਂ ਦਾ ਇੱਕ ਗੁੰਝਲਦਾਰ ਜਾਲ ਬਣਾ ਕੇ ਵਿਦੇਸ਼ਾਂ ਵਿੱਚ ਜਾਇਦਾਦਾਂ ਹਾਸਲ ਕੀਤੀਆਂ। ਜਾਂਚ ਵਿੱਚ ਸਾਹਮਣੇ ਆਇਆ ਕਿ 'ਕੈਥਰੀਨ ਟਰੱਸਟ' ਰਾਹੀਂ ਲੰਡਨ ਸਥਿਤ ਇਸ ਮਹਿੰਗੀ ਜਾਇਦਾਦ 'ਤੇ ਕੰਟਰੋਲ ਰੱਖਿਆ ਗਿਆ ਸੀ।

## ਚੱਲਦੀ ਵੈਨ 'ਚ ਜਬਰ-ਜ਼ਨਾਹ ਕਰਕੇ ਸੁੱਟਿਆ

**ਫਰੀਦਾਬਾਦ** : ਇੱਥੇ ਇੱਕ 25 ਸਾਲਾ ਵਿਆਹੁਤਾ ਔਰਤ ਨਾਲ ਚੱਲਦੀ ਵੈਨ ਵਿੱਚ ਕਥਿਤ ਤੌਰ 'ਤੇ ਸਮੂਹਕ ਜਬਰ-ਜ਼ਨਾਹ ਕਰਕੇ ਉਸ ਨੂੰ ਚੱਲਦੀ ਗੱਡੀ ਵਿੱਚੋਂ ਸੜਕ 'ਤੇ ਸੁੱਟ ਦਿੱਤਾ ਗਿਆ, ਜਿਸ ਕਾਰਨ ਉਸ ਦੇ ਸਿਰ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਪੁਲਸ ਨੇ ਦੋ ਵਿਅਕਤੀ ਗ੍ਰਿਫਤਾਰ ਕਰ ਲਏ ਹਨ।

ਇਹ ਘਟਨਾ ਸੋਮਵਾਰ ਦੇਰ ਰਾਤ ਵਾਪਰੀ ਜਦੋਂ ਦੋਵਾਂ ਮੁਲਜ਼ਮਾਂ ਨੇ ਸਵਾਰੀ ਦੀ ਉਡੀਕ ਕਰ ਰਹੀ ਔਰਤ ਨੂੰ ਲਿਫਟ ਦੀ ਪੇਸ਼ਕਸ਼ ਕੀਤੀ। ਉਹ ਉਸ ਨੂੰ ਮੰਜ਼ਲ 'ਤੇ ਲਿਜਾਣ ਦੀ ਬਜਾਏ ਗੁਰੂਗ੍ਰਾਮ ਵੱਲ ਲੈ ਗਏ ਅਤੇ ਕਾਰ ਦੇ ਅੰਦਰ ਹੀ ਉਸ ਨਾਲ ਜਬਰ-ਜ਼ਨਾਹ ਕੀਤਾ। ਉਨ੍ਹਾਂ ਔਰਤ ਨੂੰ ਸਾਰੀ ਰਾਤ ਗੱਡੀ ਵਿੱਚ ਘੁਮਾਇਆ ਅਤੇ ਵੱਡੇ ਤੜਕੇ ਕਰੀਬ 3 ਵਜੇ ਰਾਜਾ ਚੌਕ ਨੇੜੇ 90 ਕਿਲੋਮੀਟਰ ਪ੍ਰਤੀ ਘੰਟਾ ਤੋਂ ਵੱਧ ਦੀ ਰਫਤਾਰ ਨਾਲ ਚੱਲ ਰਹੀ ਗੱਡੀ ਵਿੱਚੋਂ ਬਾਹਰ ਸੁੱਟ ਦਿੱਤਾ।

ਹਾਲਤ ਨਾਜ਼ੁਕ ਹੋਣ ਕਾਰਨ ਔਰਤ ਅਜੇ ਬਿਆਨ ਦਰਜ ਕਰਵਾਉਣ ਦੇ ਯੋਗ ਨਹੀਂ ਹੈ। ਪੀੜਤਾ ਦੀ ਭੈਣ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਅਨੁਸਾਰ, ਔਰਤ ਆਪਣੇ ਮਾਪਿਆਂ ਦੇ ਘਰ ਰਹਿ ਰਹੀ ਸੀ ਅਤੇ ਸੋਮਵਾਰ ਸ਼ਾਮ ਨੂੰ ਸੈਕਟਰ 23 ਵਿੱਚ ਆਪਣੀ ਸਹੇਲੀ ਦੇ ਘਰ ਗਈ ਸੀ, ਜਿੱਥੋਂ ਵਾਪਸ ਆਉਂਦੇ ਸਮੇਂ ਉਸ ਨੂੰ ਮੁਲਜ਼ਮਾਂ ਨੇ ਲਿਫਟ ਦਿੱਤੀ ਸੀ। ਪੁਲਸ ਨੇ ਅਪਰਾਧ ਵਿੱਚ ਵਰਤੀ ਗਈ ਵੈਨ ਜ਼ਬਤ ਕਰ ਲਈ ਹੈ ਅਤੇ ਮੁਲਜ਼ਮਾਂ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਫਰੀਦਾਬਾਦ ਪੁਲਸ ਦੇ ਬੁਲਾਰੇ ਯਸ਼ਪਾਲ ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਹਾਲਾਂਕਿ ਸ਼ਨਾਖਤ ਪਰੇਡ ਹੋਣ ਤੱਕ ਉਨ੍ਹਾਂ ਦੇ ਨਾਂਅ ਅਤੇ ਫੋਟੋਆਂ ਨਸ਼ਰ ਨਹੀਂ ਕੀਤੀਆਂ ਜਾ ਸਕਦੀਆਂ।

## ਨ.ਫਰੀ ਘੱਟ, ਸਕਿਉਰਟੀ ਲੈਣ ਵਾਲੇ ਨੇਤਾ ਵੱਧ

**ਫਗਵਾੜਾ** : ਪੰਜਾਬ ਭਰ ਵਿੱਚ ਪੁਲਸ ਮੁਲਾਜ਼ਮਾਂ ਦੀ ਭਾਰੀ ਕਮੀ ਦੇ ਬਾਵਜੂਦ ਸਥਾਨਕ ਆਗੂਆਂ ਤੋਂ ਲੈ ਕੇ ਸੀਨੀਅਰ ਅਹੁਦੇਦਾਰਾਂ ਤੱਕ ਸਿਆਸੀ ਨੇਤਾਵਾਂ ਨਾਲ ਵੱਡੀ ਗਿਣਤੀ ਵਿੱਚ ਸੁਰੱਖਿਆ ਗਾਰਡ ਤਾਇਨਾਤ ਹਨ, ਜੋ ਜਨਤਕ ਸੁਰੱਖਿਆ ਤਰਜੀਹਾਂ ਅਤੇ ਸਰੋਤਾਂ ਦੀ ਵੰਡ 'ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਲੰਬੇ ਸਮੇਂ ਤੋਂ ਪੰਜਾਬ ਪੁਲਸ ਵਿੱਚ ਲੋੜੀਂਦੀ ਨਵੀਂ ਭਰਤੀ ਨਹੀਂ ਹੋਈ ਹੈ, ਜਿਸ ਦੇ ਨਤੀਜੇ ਵਜੋਂ ਵੱਖ-ਵੱਖ ਜ਼ਿਲ੍ਹਿਆਂ ਦੇ ਪੁਲਸ ਸਟੇਸ਼ਨ ਕਿੱਲਤ ਨਾਲ ਜੂਝਦੇ ਰਹਿੰਦੇ ਹਨ। ਇਸ ਘਾਟ ਦਾ ਪ੍ਰਭਾਵ ਜ਼ਮੀਨੀ ਪੱਧਰ 'ਤੇ ਦਿਖਾਈ ਦੇ ਰਿਹਾ ਹੈ ਅਤੇ ਪੁਲਸ ਜਾਂਚ, ਗਸ਼ਤ ਅਤੇ ਅਪਰਾਧ ਰੋਕੂ ਕਾਰਵਾਈਆਂ ਦਬਾਅ ਹੇਠ ਹਨ, ਜਦੋਂ ਕਿ ਫੋਰਸ ਵਧ ਰਹੇ ਅਪਰਾਧਕ ਗ੍ਰਾਫ ਨਾਲ ਨਜਿੱਠਣ ਲਈ ਸੰਘਰਸ਼ ਕਰ ਰਹੀ ਹੈ।

ਜਿੱਥੇ ਪੁਲਸ ਦੀ ਨਫਰੀ ਲਗਾਤਾਰ ਘਟ ਰਹੀ ਹੈ, ਉੱਥੇ ਹੀ ਸਿਆਸੀ ਆਗੂਆਂ ਨਾਲ ਲੱਗੇ ਸੁਰੱਖਿਆ ਕਰਮਚਾਰੀਆਂ ਦੀ ਗਿਣਤੀ ਵਿੱਚ ਕਾਫੀ ਵਾਧਾ ਹੋਇਆ ਹੈ। ਪਿਛਲੀਆਂ ਸਰਕਾਰਾਂ ਦੌਰਾਨ ਮਨਜ਼ੂਰ ਕੀਤੇ ਗਏ ਸੁਰੱਖਿਆ ਕਵਰ ਜ਼ਿਆਦਾਤਰ ਬਰਕਰਾਰ ਹਨ ਅਤੇ ਕਈ ਮਾਮਲਿਆਂ ਵਿੱਚ ਖਤਰੇ ਦੇ ਬਦਲੇ ਹੋਏ ਅਨੁਮਾਨਾਂ ਦੇ ਬਾਵਜੂਦ ਇਨ੍ਹਾਂ ਦਾ ਵਿਸਥਾਰ ਕੀਤਾ ਗਿਆ ਹੈ।

ਇਸ ਨੇ ਇੱਕ ਅਜੀਬ ਸਥਿਤੀ ਪੈਦਾ ਕਰ ਦਿੱਤੀ ਹੈ। ਜਿੱਥੇ ਪੁਲਸ ਸਟੇਸ਼ਨ ਘੱਟ ਸਟਾਫ ਨਾਲ ਕੰਮ ਕਰਦੇ ਹਨ, ਉੱਥੇ ਹਥਿਆਰਬੰਦ ਗਾਰਡਾਂ ਦੇ ਕਾਫਲੇ ਉਨ੍ਹਾਂ ਨੇਤਾਵਾਂ ਦੇ ਨਾਲ ਚੱਲਦੇ ਹਨ ਜਿਨ੍ਹਾਂ ਨੂੰ ਕੋਈ ਖਾਸ ਖਤਰਾ ਨਹੀਂ ਹੈ। ਸੀਨੀਅਰ ਪੁਲਸ ਅਧਿਕਾਰੀਆਂ ਅਨੁਸਾਰ ਭਰਤੀ ਪ੍ਰਕਿਰਿਆ ਪਿਛਲੇ ਕਰੀਬ ਚਾਰ ਸਾਲਾਂ ਤੋਂ ਸੁਸਤ ਪਈ • ਬਾਕੀ ਸਫਾ 13 'ਤੇ

### ਆਰ ਟੀ ਏ ਦੀ ਬਾਥਰੂਮ 'ਚੋਂ ਲਾਸ਼ ਮਿਲੀ



**ਜਲੰਧਰ** : ਇੱਥੇ ਤਾਇਨਾਤ ਰੀਜਨਲ ਟਰਾਂਸਪੋਰਟ ਅਥਾਰਟੀ ਅਫਸਰ ਰਵਿੰਦਰ ਸਿੰਘ ਗਿੱਲ ਦੀ ਜਲੰਧਰ ਹਾਈਟਸ ਵਿਚਲੀ ਰਿਹਾਇਸ਼ ਦੇ ਬਾਥਰੂਮ ਵਿੱਚੋਂ ਲਾਸ਼ ਮਿਲੀ ਹੈ। ਪੁਲਸ ਅਨੁਸਾਰ ਰਵਿੰਦਰ ਸਿੰਘ ਗਿੱਲ ਬੁੱਧਵਾਰ ਸਵੇਰੇ ਆਪਣੇ ਫਲੈਟ ਵਿੱਚੋਂ ਦੇਰ ਤੱਕ ਬਾਹਰ ਨਹੀਂ ਆਏ ਤਾਂ ਉਨ੍ਹਾ ਦੇ ਡਰਾਈਵਰ ਤੇ ਗੰਨਮੈਨ ਨੇ ਘਰ ਦੇ ਕਮਰਿਆਂ ਵਿੱਚ ਭਾਲ ਕਰਨ ਦੌਰਾਨ ਬਾਥਰੂਮ ਦਾ ਦਰਵਾਜ਼ਾ ਖੋਲ੍ਹ ਕੇ ਦੇਖਿਆ ਤਾਂ ਉੱਥੇ ਉਹ ਫਰਸ਼ 'ਤੇ ਡਿੱਗੇ ਹੋਏ ਸਨ। ਪੁਲਸ ਨੇ ਮ੍ਰਿਤਕ ਦੇਹ ਪੋਸਟਮਾਰਟਮ ਲਈ ਭੇਜ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਗਿੱਲ ਦੇ ਦੋ ਪੁੱਤਰ ਹਨ। ਇੱਕ ਪੁੱਤਰ ਦਾ ਵਿਆਹ ਕੁਝ ਦਿਨ ਪਹਿਲਾਂ ਹੀ ਹੋਇਆ ਸੀ। ਉਹ ਇਸ ਤੋਂ ਪਹਿਲਾਂ ਬਠਿੰਡਾ ਵਿੱਚ ਮੋਟਰ ਵਹੀਕਲ ਇੰਸਪੈਕਟਰ ਵਜੋਂ ਰਹੇ ਅਤੇ ਤਰੱਕੀ ਮਿਲਣ ਤੋਂ ਬਾਅਦ ਚੰਡੀਗੜ੍ਹ ਹੈੱਡ ਆਫਿਸ ਵਿੱਚ ਡਿਊਟੀ ਕਰ ਰਹੇ ਸਨ ਅਤੇ ਜਲੰਧਰ ਆਰ ਟੀ ਏ ਦਾ ਚਾਰਜ ਵੀ ਉਨ੍ਹਾ ਕੋਲ ਸੀ।



ਸ੍ਰੀਨਗਰ ਦੀ ਡੱਲ ਝੀਲ 'ਚ ਸ਼ਿਕਾਰਿਆਂ 'ਚ ਘੁੰਮਦੇ ਸੈਲਾਨੀ।

## ਅੱਜ-ਨਾਮਾ

ਨਵੇਂ ਸਾਲ ਵਿੱਚ ਲਿਖੋ ਕੋਈ ਨਵਾਂ ਅੱਖਰ,
ਮਿਟਦੇ ਪੁਰਾਣੇ ਕੁਝ ਦਾਗ ਮਿਟਾਉ ਬੇਲੀ।
ਬੀਤ ਗਏ ਸਾਲ ਕੋਈ ਲੱਗਿਆ ਫੱਟ ਹੈਸੀ,
ਵੱਟ ਕੇ ਚੀਸ ਉਹਦੀ ਪੀੜ ਭੁਲਾਉ ਬੇਲੀ।
ਆਪਣੇ ਕੋਲੋਂ ਵੀ ਭੁੱਲ ਕੋਈ ਹੋਈ ਜੇਕਰ,
ਕਰਿਉ ਪ੍ਰਣ, ਨਹੀਂ ਹੋਵੇ ਦੁਹਰਾਉ ਬੇਲੀ।
ਨੇੜੇ-ਤੇੜੇ ਆ ਪੀੜਤ ਕੋਈ ਨਜ਼ਰ ਪੈਂਦਾ,
ਹੋਵੇ ਕੁਝ ਹਿੰਮਤ ਤਾਂ ਪੀੜ ਵੰਡਾਉ ਬੇਲੀ।
ਚੜ੍ਹਨਾ ਸੂਰਜ ਤਾਂ ਭਲਕ ਨੂੰ ਅੱਜ ਵਰਗਾ,
ਪੈਣੀ ਹੈ ਸ਼ਾਮ ਨੂੰ ਅੱਜ ਜਿਹੀ ਰਾਤ ਬੇਲੀ।
ਮਿਲ ਕੇ ਸੱਭੋ ਭਵਿੱਖ ਵੱਲ ਨਜ਼ਰ ਕਰੀਏ,
ਭੁੱਲ ਕੇ ਹੋਰ ਸਭ ਅਰਥ-ਅਰਥਾਤ ਬੇਲੀ।

-ਤੀਸ ਮਾਰ ਖਾਂ

## 40 ਫੀਸਦੀ ਬੋਝ ਰਾਜਾਂ 'ਤੇ ਪਾ ਕੇ ਭਾਜਪਾ ਨੇ ਰੁਜ਼ਗਾਰ ਦੀ ਗਰੰਟੀ ਨੂੰ ਖ਼ਤਮ ਕੀਤਾ : ਚੀਮਾ

**ਚੰਡੀਗੜ੍ਹ, (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**



ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਸਿੱਧਾ ਨਿਸ਼ਾਨਾ ਸਾਧਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਬੁੱਧਵਾਰ ਕਿਹਾ ਕਿ ਕੇਂਦਰ ਸਰਕਾਰ ਆਪਣੇ ਗਰੀਬ ਵਿਰੋਧੀ ਏਜੰਡੇ ਨੂੰ ਅੱਗੇ ਵਧਾਉਣ ਲਈ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਮਨਰੇਗਾ) ਦੇ ਸੁਧਾਰਾਂ ਦੇ ਨਾਂਅ 'ਤੇ ਜਾਣਬੁੱਝ ਕੇ ਜਨਤਾ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾ ਕਿਹਾ ਕਿ 23,000 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਭਾਜਪਾ ਦੇ ਸੁਧਾਰਾਂ ਦੇ ਦਾਅਵਿਆਂ ਦੀ ਅਸਲੀਅਤ ਨੂੰ ਬੇਨਕਾਬ ਕਰਦੇ ਹਨ।

ਵਿੱਤ ਮੰਤਰੀ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ ਕਿ ਵਿੱਤੀ ਬੋਝ ਦਾ 40 ਫੀਸਦੀ ਹਿੱਸਾ ਰਾਜਾਂ 'ਤੇ ਪਾ ਕੇ ਅਤੇ ਸਕੀਮ ਦੇ ਅਧਿਕਾਰ-ਅਧਾਰਤ ਢਾਂਚੇ ਨੂੰ ਖੋਖਲਾ ਕਰਕੇ ਭਾਜਪਾ ਨੇ ਅਸਲ ਵਿੱਚ ਰੁਜ਼ਗਾਰ ਦੀ ਗਾਰੰਟੀ ਨੂੰ ਖ਼ਤਮ ਕਰ ਦਿੱਤਾ ਹੈ ਅਤੇ ਭਾਰਤ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕੀਤਾ ਹੈ। ਉਨ੍ਹਾ ਕਿਹਾ ਕਿ ਜਿੱਥੇ ਪੰਜਾਬ ਵਿਧਾਨ ਸਭਾ ਇਨ੍ਹਾਂ ਕਦਮਾਂ ਵਿਰੁੱਧ ਕਾਮਿਆਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ, ਉੱਥੇ ਹੀ ਕਾਂਗਰਸ ਸ਼ਾਸਤ ਰਾਜਾਂ ਨੇ ਚੁੱਪ ਰਹਿਣ ਦਾ ਰਾਹ ਚੁਣਿਆ ਹੈ। ਚੀਮਾ ਨੇ ਭਾਜਪਾ ਲੀਡਰਸ਼ਿਪ ਵੱਲੋਂ ਆਪਣੀਆਂ ਕਾਰਵਾਈਆਂ ਨੂੰ ਜਾਇਜ਼ ਠਹਿਰਾਉਣ ਲਈ 'ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਬਾਰੇ ਸਥਾਈ ਕਮੇਟੀ 2024-25' ਦਾ ਗ਼ਲਤ ਹਵਾਲਾ ਦੇਣ ਲਈ ਨਿਸ਼ਾਨਾ ਸਾਧਿਆ। ਉਨ੍ਹਾ ਸਪੱਸ਼ਟ ਕੀਤਾ ਕਿ ਸਪਤਗਿਰੀ ਸ਼ੰਕਰ ਉਲਾਕਾ ਦੀ ਪ੍ਰਧਾਨਗੀ ਵਾਲੀ ਕਮੇਟੀ ਨੇ ਕਦੇ ਵੀ ਸਕੀਮ ਦਾ ਨਾਂਅ ਧਰਮ ਦੇ ਆਧਾਰ 'ਤੇ ਰੱਖਣ ਜਾਂ ਪਾਬੰਦੀਸ਼ੁਦਾ ਤਬਦੀਲੀਆਂ ਲਿਆਉਣ ਦੀ ਸਿਫ਼ਾਰਸ਼ ਨਹੀਂ ਕੀਤੀ ਸੀ, ਇਸ ਦੀ ਬਜਾਏ ਕਮੇਟੀ ਨੇ ਪੈਂਡਿੰਗ ਫੰਡਾਂ ਨੂੰ ਤੁਰੰਤ ਜਾਰੀ ਕਰਨ ਲਈ ਕਿਹਾ। ਵਿੱਤ ਮੰਤਰੀ ਨੇ ਭਾਜਪਾ ਵੱਲੋਂ ਇਨ੍ਹਾਂ ਗੁੰਮਰਾਹਕੁੰਨ ਦਾਅਵਿਆਂ ਦੀ ਵਰਤੋਂ ਕਰਕੇ ਉਸ 'ਜਾਣਬੁੱਝ ਕੇ ਕੀਤੀ ਗਈ ਸਾਜ਼ਿਸ਼' ਨੂੰ ਛੁਪਾਉਣ ਦੀ ਨਿਖੇਧੀ ਕੀਤੀ, ਜਿਸ ਦਾ ਉਦੇਸ਼ ਗਰੀਬਾਂ, ਦਲਿਤਾਂ ਅਤੇ ਛੋਟੇ ਕਿਸਾਨਾਂ ਨੂੰ ਉਨ੍ਹਾਂ ਦੇ ਰੋਜ਼ੀ-ਰੋਟੀ ਦੇ ਮੁੱਢਲੇ ਅਧਿਕਾਰ ਤੋਂ ਵਾਂਝੇ ਕਰਨਾ ਹੈ।ਚੀਮਾ ਨੇ ਖੁਲਾਸਾ ਕੀਤਾ ਕਿ ਜਦੋਂ ਕਿ ਭਾਜਪਾ 'ਸੁਧਾਰ' ਦਾ ਬਿਰਤਾਂਤ ਸਿਰਜ ਰਹੀ ਹੈ, ਕੇਂਦਰ ਸਰਕਾਰ 23,000 ਕਰੋੜ ਰੁਪਏ ਤੋਂ ਵੱਧ ਦੀਆਂ ਵੱਡੀਆਂ ਬਕਾਇਆ ਦੇਣਦਾਰੀਆਂ 'ਤੇ ਬੈਠੀ ਹੈ। ਇਸ ਵਿੱਚ ਮਜ਼ਦੂਰਾਂ ਦੀ 12,219 ਕਰੋੜ ਰੁਪਏ ਦੀ ਅਣਪਛਾਤੀ ਮਜ਼ਦੂਰੀ ਅਤੇ ਪੇਂਡੂ ਵਿਕਾਸ ਪ੍ਰੋਜੈਕਟਾਂ ਲਈ ਪੰਚਾਇਤਾਂ ਦੇ 11,227 ਕਰੋੜ ਰੁਪਏ ਦੇ ਮਟੀਰੀਅਲ ਖਰਚੇ ਸ਼ਾਮਲ ਹਨ।ਉਹਨਾ ਕਿਹਾ ਕਿ ਸਕੀਮ ਵਿੱਚ ਸੁਧਾਰ ਦੇ ਭਾਜਪਾ ਦੇ ਦਾਅਵਿਆਂ ਦੇ ਬਾਵਜੂਦ 2025-26 ਲਈ ਰੱਖੇ ਗਏ ਬਜਟ ਦਾ ਲਗਭਗ 27 ਪ੍ਰਤੀਸ਼ਤ ਹਿੱਸਾ ਜਾਰੀ ਨਹੀਂ ਕੀਤਾ ਗਿਆ, ਜਿਸ ਨਾਲ ਲੱਖਾਂ ਪਰਵਾਰ ਭੁੱਖਮਰੀ ਅਤੇ ਨਿਰਾਸ਼ਾ ਵੱਲ ਧੱਕੇ ਜਾ ਰਹੇ ਹਨ।

### ਮਨਰੇਗਾ ਨੂੰ ਖਤਮ ਕਰਨ 'ਚ ਅਕਾਲੀ ਦਲ ਦੀ ਮਿਲੀਭੁਗਤ : ਧਾਲੀਵਾਲ



**ਚੰਡੀਗੜ੍ਹ, (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)** -ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ 'ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਗਾਇਆ ਕਿ ਉਹ ਨਵੇਂ ਪੇਸ਼ ਕੀਤੇ ਗਏ ਜੀ-ਰਾਮ-ਜੀ ਬਿੱਲ ਰਾਹੀਂ ਗਰੀਬਾਂ, ਦਲਿਤਾਂ ਅਤੇ ਮਹਿਲਾ ਮਨਰੇਗਾ ਮਜ਼ਦੂਰਾਂ ਵਿਰੁੱਧ ਸਾਜ਼ਿਸ਼ ਰਚ ਰਹੇ ਹਨ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਸੁਧਾਰਾਂ ਦੇ ਨਾਂਅ 'ਤੇ ਇਹ ਨਵਾਂ ਬਿੱਲ ਲਿਆ ਕੇ ਭਾਜਪਾ ਨੇ ਗਰੀਬਾਂ ਦੇ ਮੂੰਹੋਂ ਆਖਰੀ ਬੁਰਕੀ ਵੀ ਖੋਹ ਲਈ ਹੈ। ਇਹ ਬਿੱਲ ਕਰੋੜਾਂ ਮਨਰੇਗਾ ਵਰਕਰਾਂ, ਖਾਸ ਕਰਕੇ ਦਲਿਤਾਂ ਅਤੇ ਪਛੜੇ ਵਰਗਾਂ ਦੀ ਰੋਜ਼ੀ-ਰੋਟੀ 'ਤੇ ਸਿੱਧਾ ਹਮਲਾ ਹੈ।

ਧਾਲੀਵਾਲ ਨੇ ਦਾਅਵਾ ਕੀਤਾ ਕਿ 'ਆਪ' ਨੇ ਪੰਜਾਬ ਵਿਧਾਨ ਸਭਾ ਵਿੱਚ ਇਸ ਬਿੱਲ ਦਾ ਸਖ਼ਤ ਵਿਰੋਧ ਕੀਤਾ ਹੈ ਅਤੇ ਲੋੜ ਪੈਣ 'ਤੇ ਸੜਕਾਂ 'ਤੇ ਵੀ ਸੰਘਰਸ਼ ਕੀਤਾ ਜਾਵੇਗਾ। ਉਨ੍ਹਾ ਐਲਾਨ ਕੀਤਾ ਕਿ ਆਮ ਆਦਮੀ ਪਾਰਟੀ ਅੰਦੋਲਨ ਲਈ ਪੂਰੀ ਤਰ੍ਹਾਂ ਤਿਆਰ ਹੈ। ਅਸੀਂ ਕਿਸੇ ਵੀ ਕੀਮਤ 'ਤੇ ਇਸ ਗਰੀਬ ਵਿਰੋਧੀ ਬਿੱਲ ਨੂੰ ਲਾਗੂ ਨਹੀਂ ਹੋਣ ਦਿਆਂਗੇ।ਅਕਾਲੀ ਦਲ ਦੇ ਦੋਹਰੇ ਮਾਪਦੰਡਾਂ 'ਤੇ ਸਵਾਲ ਉਠਾਉਂਦਿਆਂ ਧਾਲੀਵਾਲ ਨੇ ਕਿਹਾ ਕਿ ਵਿਧਾਨ ਸਭਾ ਦੀ ਚਰਚਾ ਦੌਰਾਨ ਅਕਾਲੀ ਦਲ ਦੀ ਗੈਰ-ਹਾਜ਼ਰੀ ਭਾਜਪਾ ਨਾਲ ਉਨ੍ਹਾਂ ਦੀ ਗੁਪਤ ਸਾਂਝ ਨੂੰ ਸਪੱਸ਼ਟ ਕਰਦੀ ਹੈ। ਉਨ੍ਹਾ ਕਿਹਾ ਕਿ ਜਦੋਂ ਪੰਜਾਬ ਵਿਧਾਨ ਸਭਾ ਨੇ ਭਾਜਪਾ ਦੇ • ਬਾਕੀ ਸਫਾ 13 'ਤੇ



ਮਨੀ ਸਿੰਗਲਾ
ਪ੍ਰੈਸ ਰਿਪੋਰਟਰ
M. 73551-50910

# ਬਾਘਾ ਪੁਰਾਣਾ ਵਿਸ਼ੇਸ਼ ਸਪਲੀਮੈਂਟ

ਨਵਾਂ ਜ਼ਮਾਨਾ ਦੇ ਪੱਤਰਕਾਰ ਮਨੀ ਸਿੰਗਲਾ ਨੂੰ ਨਵੇਂ ਸਾਲ ਤੇ ਬਾਘਾ ਪੁਰਾਣਾ ਵਿਸ਼ੇਸ਼ ਸਪਲੀਮੈਂਟ ਕੱਢਣ ਤੇ ਲੱਖ-ਲੱਖ ਵਧਾਈਆਂ



ਸ਼੍ਰੀ ਅਜੈ ਗਾਂਧੀ ਐਸ.ਐਸ.ਪੀ | ਗੁਲਨੀਤ ਸਿੰਘ ਖੁਰਾਣਾ ਐਸ.ਐਸ.ਪੀ | ਕੁਲਵੰਤ ਸਿੰਘ ਡਿਪਟੀ ਕਮਿਸ਼ਨਰ | ਸੰਦੀਪ ਹੰਸ ਡਿਪਟੀ ਕਮਿਸ਼ਨਰ | ਹਰੀਸ਼ ਨਾਇਰ ਡਿਪਟੀ ਕਮਿਸ਼ਨਰ | ਜੋਰਾ ਸਿੰਘ ਕਾਗਰਾ ਡੀ.ਐਸ.ਪੀ. | ਸ਼ਮਸ਼ੇਰ ਸਿੰਘ ਸ਼ੇਰਗਿੱਲ ਡੀ.ਐਸ.ਪੀ | ਜਸਬਿੰਦਰ ਖਹਿਰਾ ਡੀ.ਐਸ.ਪੀ | ਜੰਗਜੀਤ ਸਿੰਘ ਡੀ.ਐਸ.ਪੀ

ਮਨੀ ਸਿੰਗਲਾ ਪੱਤਰਕਾਰ ਨਵਾਂ ਜਮਾਨਾ ਅਤੇ ਸਮੂਹ ਸਟਾਫ ਆਪ ਜੀ ਦੀ ਚੰਗੀ ਸਿਹਤ ਲਈ ਕਾਮਨਾ ਕਰਦਾ ਹੈ ।

## ਸਮੂਹ ਹਲਕਾ ਬਾਘਾ ਪੁਰਾਣਾ ਨਿਵਾਸੀਆਂ ਨੂੰ ਨਵੇਂ ਸਾਲ ਦੇ ਆਗਮਨ ਦੀਆਂ ਲੱਖ-ਲੱਖ ਵਧਾਈਆਂ !



ਦਲਬੀਰ ਸਿੱਧੂ ਡੀ.ਐਸ.ਪੀ. | ਜਸਵਰਿੰਦਰ ਸਿੰਘ ਡੀ.ਐਸ.ਪੀ. | ਕਿੱਕਰ ਸਿੰਘ ਡੀ.ਐਸ.ਪੀ. | ਜਤਿੰਦਰ ਸਿੰਘ ਥਾਣਾ ਮੁੱਖੀ | ਬਿਕਰਮਜੀਤ ਸਿੰਘ ਇੰਸਪੈਕਟਰ | ਕਮਲਜੀਤ ਸਿੰਘ ਐਸ.ਆਈ. | ਤਰਸੇਮ ਸਿੰਘ ਐਸ.ਆਈ



ਬਾਲ ਕ੍ਰਿਸ਼ਨ ਬਾਲੀ | ਬਲਵਿੰਦਰ ਗਰਗ | ਐਡਵੋਕੇਟ ਨਰ ਸਿੰਘ ਬਰਾੜ | ਵਿਜੈ ਬਾਂਸਲ ਪ੍ਰਧਾਨ | ਚੇਅਰਮੈਨ ਪ੍ਰਿੰਸੀਪਲ ਗੁਰਦੇਵ ਸਿੰਘ | ਡਾਇਰੈਕਟਰ/ਪ੍ਰਿੰਸੀਪਲ ਸੰਦੀਪ ਮਹਿਤਾ | ਚੇਅਰਮੈਨ ਨਵਦੀਪ ਸਿੰਘ ਬਰਾੜ | ਡਾਇਰਕਟਰ ਅਜੈਪਾਲ ਸਿੰਘ | ਚੇਅਰਮੈਨ ਮਨੋਜ ਕੁਮਾਰ

ਜਗਸੀਰ ਗਰਗ ਕੌਂਸਲਰ | ਸੂਬੇਦਾਰ ਬਲਦੇਵ ਸਿੰਘ | ਪਵਨ ਗੋਇਲ | ਮਨਦੀਪ ਕੱਕੜ ਕੌਂਸਲਰ | ਦਵਿੰਦਰ ਬਾਂਸਲ ਬੱਲੂ | ਰਮਨ ਅਰੋੜਾ | ਲੱਕੀ ਕੁਕਰੇਜ਼ਾ | ਰਵਿੰਦਰ ਸਿੰਘ | ਤੀਰਥ ਰਾਮ ਬਾਂਸਲ

ਵਿਜੈ ਮਿੱਤਲ | ਮਨੀ ਗਰਗ | ਸ਼ਾਮ ਬਾਂਸਲ | ਯੋਗੇਸ਼ ਬਾਂਸਲ ਯੋਗੀ | ਰਾਕੇਸ਼ ਗਰਗ | ਰਾਜੀਵ ਮਿੱਤਲ | ਐਡਵੋਕੇਟ ਅਮਿਤ ਗੋਇਲ | ਮਿਲਨ ਗਰਗ | ਹੇਮ ਰਾਜ ਫਰੰਡ

ਯੋਗੇਸ਼ ਜਿੰਦਲ ਜੁਗਨੂੰ | ਰਾਜੇਸ਼ ਰਾਜਾ | ਮਨੋਜ ਗੋਇਲ | ਗੁਰਪ੍ਰੀਤ ਸਿੰਘ ਗੋਰਾ | ਆਸ਼ੂਤੋਸ਼ ਭੰਡਾਰੀ ਆਸ਼ੂ | ਮਦਨ ਗੋਪਾਲ ਗਰਗ | ਸੰਜੂ ਮਿੱਤਲ | ਰਾਮ ਤੀਰਥ LIC | ਬਲਵੀਰ ਭੰਗੂ


KATARIA FOREX
Kataria Forex
ਨਵੇਂ ਸਾਲ ਤੇ ਲੋਹੜੀ ਦੀਆਂ
ਆਪ ਸਭ ਨੂੰ ਲੱਖ-ਲੱਖ ਵਧਾਈਆਂ
2026
ਵਿਦੇਸ਼ਾਂ ਵਿਚ ਪੈਸੇ ਭੇਜੋ ਬਜ਼ਾਰ ਨਾਲੋਂ ਘੱਟ ਰੇਟਾਂ ਤੇ
OUR SERVICES
SHIVAM KATARIA
AIR TICKETS, TRAVEL INSURANCE, TRAVEL CARD, RAILWAY TICKET, VEHICLE INSURANCE ,HOLIDAY PACKAGE, MONEY EXCHANGE, STUDENT FEE, GIC, SEND MONEY ABROAD
+91 9592470055 / +91 9592370055 Kotkapura Road Baghapurana

Raju Setia Director 98140-59309
Parveen Setia Director 98764-00309
SETIA COLD STORAGE
SETIA TRAVELS
M. 93208-00009
SETIA FOREX PVT. LTD.
ਇੱਥੇ ਵਿਦੇਸ਼ੀ ਕਰੰਸੀ ਖ੍ਰੀਦੀ ਅਤੇ ਵੇਚੀ ਜਾਂਦੀ ਹੈ ।
XPRESS MONEY MoneyGram WESTREN UNION Trans-Fast Ria
Ph. 01636-240309, 241309
e-mail: setiamoneychanger@gmail.com
INDO Canadian Bus Service ਹਵਾਈ ਟਿਕਟਾਂ
D.M. Market , Bhagat Singh Chowk, Mudki Road, Bagha Purana
MONEY TRANSFER STUDENT G.I.C.

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ
ਰਕੇਸ਼ ਬਾਂਸਲ M. 99140-40008
ਵਿਮਲ ਗਰਗ M. 98726-42047
ਅਗਰਵਾਲ ਮਾਰਬਲਜ਼
ਇੱਥੇ ਹੋਲਸੇਲ ਰੇਟਾਂ ਤੇ ਮਾਰਬਲ, ਗਰੇਨਾਇਟ, ਵਾੱਲ ਤੇ ਫਲੋਰ ਟਾਇਲਾਂ ਖ੍ਰੀਦੋ ।
ਮੋਗਾ ਰੋਡ, ਸਾਹਮਣੇ ਗਿੱਲ ਢਾਬਾ, ਬਾਘਾ ਪੁਰਾਣਾ ।

ਇੰਟਰਨੈਸ਼ਨਲ ਟੇਲਰਜ਼ ਵਾਲਿਆਂ ਦਾ ਨਵਾਂ ਕੱਪੜੇ ਦਾ ਸ਼ੋ-ਰੂਮ
ਇੰਟਰਨੈਸ਼ਨਲ ਟੇਲਰਜ਼ ਐਂਡ ਫੈਬਰਿਕਸ
M. 84375-06570
ਸਪੈਸ਼ਲਿਸਟ ਕੋਟ-ਪੈਂਟ ਪੈਂਟ-ਸ਼ਰਟ ਕੁੜਤਾ ਪਜ਼ਾਮਾ
Siyaram's Raymond D&J Kriplon
ਹਰਪ੍ਰੀਤ ਸਿੰਘ ਘੋਟੂ
ਮਦਾਰੀ ਮਾਰਕੀਟ, ਬਾਘਾ ਪੁਰਾਣਾ (ਮੋਗਾ)

ਹੈਪੀ ਸਾਈਕਲ ਸਟੋਰ ਚੱਨੂ ਵਾਲਾ ਰੋਡ, ਬਾਘਾ ਪੁਰਾਣਾ M. 73551-50910

Sukesh Kumar 98146-09714
Raman Garg 99149-02007
ਗੌਂਦੇ ਦੀ ਹੱਟੀ
Bhag Mal Rajinder Pal
Deals in: All Stationary, Books, Sports Goods, Copies & Model School Books
MOGA ROAD, BAGHA PURANA

Vijay Garg
Amit Garg
Ravi Garg
ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
97656-78630
98140-90031
ਲੱਖ-ਲੱਖ ਵਧਾਈਆਂ
Vijay Di Hatti
Vijay Kumar & Sons
ਇੱਥੇ ਹਰ ਪ੍ਰਕਾਰ ਦੀ ਸ਼ਟੇਸ਼ਨਰੀ, ਕਿਤਾਬਾਂ-ਕਾਪੀਆਂ, ਸਕੂਲ ਬੈਗ ਅਤੇ ਖੇਡਾਂ ਦਾ ਸਮਾਨ ਥੋਕ ਰੇਟਾਂ ਤੇ ਮਿਲਦਾ ਹੈ
Bhagat Singh Chowk, BAGHA PURANA

ਜੈ ਮਾਤਾ ਦੀ ਜੈ ਬਾਬਾ ਖੇਤਰਪਾਲ ਜੀ
ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਸ਼੍ਰੀ ਰਾਧੇ ਕ੍ਰਿਸ਼ਨ ਫੀਡ ਫੈਕਟਰੀ
ਫੂਲੇਵਾਲਾ ਰੋਡ, ਘੋਲੀਆ ਕਲਾਂ (ਮੋਗਾ) M. 98147-10587

GURU JI FURNITURE AND ELECTRONICS
ਬਹੁਤ ਹੀ ਘੱਟ ਰੇਟ ਤੇ ਅਸਾਨ ਕਿਸ਼ਤਾਂ ਤੇ ਫਰਨੀਚਰ ਅਤੇ ਇਲੈਕਟ੍ਰੋਨਿਕਸ ਦਾ ਸਮਾਨ ਖਰੀਦੋ ।
Office 6239950012
Gourav Garg 9877919367
Arun bansal 9814111865
Sunil Garg (Somi) 9780396519
Gurpreet singh (kala) 8437900625
gurujifurnitureandelectronics@gmail.com
mudki road near setia cold store bagha purana 2 distt moga
SAMSUNG SONY LG Godrej Xiaomi HAVELLS orient

Punjab Govt. Regd. Lic. No. 040/270
Harlal Singh (Director)
Amritpal Kaur (MD)
JMS IMMIGRATION
STUDY VISA VISITOR VISA
SPOUSE OPEN WORK PERMIT
ਸਾਰੇ ਪੈਸੇ ਵੀਜ਼ਾ ਲੱਗਣ ਤੋਂ ਬਾਅਦ
NEHRU MANDI, BAGHA PURANA | MOB. 95800-01313

ਸਮੂਹ ਹਲਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
Lic. No. MGA/103 & FDK /9
EDISON
IMMIGRATION & EDUCATION SERVICES
NANNY VISA SERVICE IELTS - PTE
DIRECTOR H.S BRAR
CONTACT US : 97695-20000, 95221-00002
OPP. CENTRAL BANK OF INDIA, KKP ROAD, BAGHA PURANA

ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ
ਲੱਖ-ਲੱਖ ਵਧਾਈਆਂ
Ganesh JEWELLERS
A HALLMARK CERTIFIED SHOWROOM
97811-78000,96461-78000
Moga Road, Bagha Purana
Follow us on :
SBI Approved Valuator Show Room

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ
ਰੋਸ਼ਨ ਲਾਲ ਰੋਸ਼ੀ | ਡੇਵਿਡ ਬਾਂਸਲ | ਨਵੀਨ ਬਾਂਸਲ
ਰੋਸ਼ੀ ਦੀ ਹੱਟੀ ਮੁੱਦਕੀ ਰੋਡ, ਬਾਘਾ ਪੁਰਾਣਾ M.98555-56461, 90415-07558

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਅਮਰਜੀਤ ਸਿੰਘ ਮਾਣੂੰਕੇ
ਸਾਬਕਾ ਚੇਅਰਮੈਨ ਬਲਾਕ ਸੰਮਤੀ ਬਾਘਾ ਪੁਰਾਣਾ
M. 98143-10921

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਗੁਰਮੇਲ ਸਿੰਘ ਢਿੱਲੋ | ਗੁਰਦਿੱਤ ਸਿੰਘ ਢਿੱਲੋ | ਹਰਦਿੱਤ ਸਿੰਘ ਢਿੱਲੋ

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਪੰਜਾਬੀਆਂ ਦੀ ਆਪਣੀ ਖੇਤਰੀ ਪਾਰਟੀ (ਸ਼੍ਰੋ.ਅ.ਦ) ਜੁਆਇਨ ਕਰੋ
ਸਰਪੰਚ ਹਰਜਿੰਦਰ ਸਿੰਘ ਰੋਡੇ
ਸੰਜੀਵ ਕੁਮਾਰ ਬਿੱਟੂ ਰੋਡੇ
ਸਾਬਕਾ ਚੇਅਰਮੈਨ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਬਚਿੱਤਰ ਸਿੰਘ ਕਾਲੇਕੇ ਸਾਬਕਾ ਚੇਅਰਮੈਨ | ਹਰਜਿੰਦਰ ਸਿੰਘ ਗਿੱਲ ਕਨੇਡਾ ਸੀਨੀ. ਅਕਾਲੀ ਆਗੂ | ਤਰਲੋਚਨ ਸਿੰਘ ਕਾਲੇਕੇ ਸਰਕਲ ਪ੍ਰਧਾਨ | ਮਨਪ੍ਰੀਤ ਸਿੰਘ ਗਿੱਲ ਕਨੇਡਾ ਯੂਥ ਆਗੂ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਚਰਨਪ੍ਰੀਤ ਸਿੰਘ ਸਾਬਕਾ ਕੌਂਸਲਰ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਗੋਰਾ ਸੰਗਤਪੁਰਾ ਅਕਾਲੀ ਆਗੂ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਆਓ ਆਪਣੀ ਖੇਤਰੀ ਪਾਰਟੀ ਨਾਲ ਜੁੜੀਏ
ਸਰਪੰਚ ਜਗਮੋਹਣ ਸਿੰਘ ਜੈ ਸਿੰਘ ਵਾਲਾ | ਵਿੱਕੀ ਫੂਲੇਵਾਲਾ | ਰਾਜਵਿੰਦਰ ਸਿੰਘ ਜੈ ਸਿੰਘ ਵਾਲਾ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ, ਲੋਹੜੀ, ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਰਾਮ ਬਾਂਸਲ ਯੂਥ ਪ੍ਰਧਾਨ, ਬਾਘਾ ਪੁਰਾਣਾ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਆਓ ਆਪਣੀ ਖੇਤਰੀ ਪਾਰਟੀ ਨਾਲ ਜੁੜੀਏ
ਪਵਨ ਢੰਡ ਸ਼ਹਿਰੀ ਪ੍ਰਧਾਨ | ਰਾਕੇਸ਼ ਜਿੰਦਲ ਤੇਤਾ ਸੀਨੀਅਰ ਆਗੂ | ਹਰਿੰਦਰ ਪਾਲੀ ਸੀਨੀਅਰ ਆਗੂ | ਜਗਸੀਰ ਸਿੱਧੂ ਯੂਥ ਆਗੂ

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਸੁਖਵੀਰ ਸਿੰਘ ਬਾਘਾ ਪੁਰਾਣਾ
ਜਨਮਦੀਪ ਸਿੰਘ ਚੰਨੂੰਵਾਲਾ

ਪਵਨ ਬਾਂਸਲ | ਨਿਖਿਲ ਬਾਂਸਲ
ਦੇਸ਼ ਵਿਦੇਸ਼ ਵੱਸ ਰਹੇ ਸਮੂਹ ਪੰਜਾਬੀਆਂ ਨੂੰ ਨਵੇਂ ਸਾਲ , ਲੋਹੜੀ ਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਸੋਮਾ ਬਿਲਡਰਜ਼, ਬਾਘਾ ਪੁਰਾਣਾ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ ਲੱਖ ਲੱਖ ਵਧਾਈਆਂ
ਯਾਦਵਿੰਦਰਾ ਫੂਡ ਪ੍ਰੋਸੈਸਰਜ਼ ਪ੍ਰਾ.ਲਿਮਿ.
ਮੁੱਦਕੀ ਰੋਡ , ਬਾਘਾ ਪੁਰਾਣਾ ।
A.R. Bansal Construction Co.
ਚੰਦ ਪੁਰਾਣਾ ।
ਬਾਊ ਅਮਰਨਾਥ ਬਾਂਸਲ | ਯਾਦਵਿੰਦਰ ਬਾਂਸਲ
ਤਰੁਣ ਬਾਂਸਲ ਅਕਾਸ਼ ਬਾਂਸਲ

ਸ. ਮਹੇਸ਼ਇੰਦਰ ਸਿੰਘ ਸਾਬਕਾ ਐਮ.ਐਲ.ਏ. | ਐਡਵੋਕੇਟ ਧਰਮਪਾਲ ਡੀ.ਪੀ. ਨਿਹਾਲ ਸਿੰਘ ਵਾਲਾ
ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਰੋਹਿਤ ਗਰਗ ਕਾਕਾ, ਬਾਘਾ ਪੁਰਾਣਾ

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਭੋਲਾ ਸਿੰਘ ਬਰਾੜ (ਸੀਨੀਅਰ ਕਾਂਗਰਸ ਆਗੂ)

ਨਵੇਂ ਸਾਲ ਅਤੇ ਲੋਹੜੀ-ਮਾਘੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਜਗਸੀਰ ਸਿੰਘ ਕਾਲੇਕੇ (ਸੀਨੀਅਰ ਕਾਂਗਰਸ ਆਗੂ)

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ ਦੁਰਗਾ ਮੰਦਿਰ ਕਮੇਟੀ ਰਜਿ: ਵੱਲੋਂ
ਲੱਖ-ਲੱਖ ਵਧਾਈਆਂ
ਰਮਨ ਕੁਮਾਰ ਮਿੱਤਲ ਪ੍ਰਧਾਨ | ਦੀਕਸ਼ਤ ਗਰਗ ਸੈਕਟਰੀ | ਦੀਪਕ ਬਾਂਸਲ ਕੈਸ਼ੀਅਰ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਵੱਲੋਂ : ਯੂਥ ਆਗੂ ਆਮ ਆਦਮੀ ਪਾਰਟੀ
ਸੋਨੀ ਧਾਲੀਵਾਲਾ ਮਾੜੀ ਮੁਸਤਫਾ
ਪ੍ਰਦੀਪ ਰੋਡੇ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਚੇਅਰਮੈਨ ਵਿਕਰਮਜੀਤ ਵਿੱਕੀ ਸੁਖਾਨੰਦ | ਅੰਤਰਜੀਤ ਸਿੰਘ ਟਿੰਕੂ ਮੱਲਕੇ ਪ੍ਰਧਾਨ ਟਰੱਕ ਯੂਨੀਅਨ ਬਾਘਾ ਪੁਰਾਣਾ | ਗੁਰਪ੍ਰੀਤ ਕੌਂਢਾਰਾ ਲਧਾਈ ਕੇ ਯੂਥ ਆਗੂ
ਵੱਲੋਂ: ਕੁਲਜੀਤ ਸਿੰਘ ਲੱਖਾ ਸਰਪੰਚ ਚੰਨੂਵਾਲਾ ਅਤੇ ਸਮੂਹ ਆਪ ਵਰਕਰ

ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਕੁਲਜੀਤ ਲੱਖਾ ਸਰਪੰਚ | ਮਾ. ਬਲਜੀਤ ਸਿੰਘ | ਗੁਰਵੀਰ ਸਿੰਘ
ਵੱਲੋਂ: ਕੁਲਜੀਤ ਸਿੰਘ ਲੱਖਾ ਸਰਪੰਚ ਚੰਨੂਵਾਲਾ ਅਤੇ ਸਮੂਹ ਆਪ ਵਰਕਰ

ਜਸਵਿੰਦਰ ਸਿੰਘ ਰਾਜਾ ਸਰਪੰਚ ਮੱਲਕੇ | ਹਰਵਿੰਦਰ ਕੌਰ
ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ, ਲੋਹੜੀ ਅਤੇ ਮਾਘੀ ਦੀਆਂ
ਲੱਖ-ਲੱਖ ਵਧਾਈਆਂ
ਪਰਮਿੰਦਰ ਸਿੰਘ ਪ੍ਰਧਾਨ ਮੱਲਕੇ ਸੁਸਾਇਟੀ

1-Jan-PAGE-4.qxd 12/31/2025 9:27 PM Page 1

ਨਵਾਂ ਜ਼ਮਾਨਾ
ਵੀਰਵਾਰ, 1 ਜਨਵਰੀ 2026

# ਅੰਦੋਲਨ ਹੀ ਸੁਨਹਿਰੇ ਭਵਿੱਖ ਦੀ ਗਰੰਟੀ

*ਨਵੇਂ ਸਾਲ ਦੀ ਆਮਦ ਤੋਂ ਐਨ ਪਹਿਲਾਂ ਦੋ ਜਨ-ਅੰਦੋਲਨਾਂ ਨੂੰ ਅਦਾਲਤ ਤੋਂ ਮਿਲੀ ਕਾਮਯਾਬੀ ਨੇ ਸੰਕੇਤ ਦਿੱਤਾ ਹੈ ਕਿ ਆਉਣ ਵਾਲਾ ਸਾਲ ਆਗੂਆਂ ਦਾ ਨਹੀਂ, ਜਨ-ਅੰਦੋਲਨਾਂ ਦਾ ਹੋਵੇਗਾ, ਜਿਸ ਦੀ ਲੋੜ ਲਗਾਤਾਰ ਮਹਿਸੂਸ ਕੀਤੀ ਜਾ ਰਹੀ ਸੀ। ਕਿਹਾ ਜਾਂਦਾ ਹੈ ਕਿ ਜਦ ਅੱਤਵਾਦੀ ਤਾਕਤਾਂ ਹਾਵੀ ਹੋਣ ਲਗਦੀਆਂ ਹਨ ਤਾਂ ਜਨ-ਅੰਦੋਲਨ ਉਨ੍ਹਾਂ ਨੂੰ ਪਟਖਣੀ ਦੇਣੀ ਸ਼ੁਰੂ ਕਰ ਦਿੰਦੇ ਹਨ। ਪਿਛਲੇ ਦਿਨੀਂ ਵੱਡੇ ਜਨ-ਅੰਦੋਲਨ ਦਾ ਬਿਗਲ ਰਾਜਸਥਾਨ ਦੇ ਲੋਕਾਂ ਨੇ ਅਰਾਵਲੀ ਪਰਬਤ ਲੜੀ ਨੂੰ ਬਚਾਉਣ ਲਈ ਕੇਂਦਰ ਸਰਕਾਰ ਖਿਲਾਫ ਵਜਾਇਆ, ਜਿਸ ਦੇ ਨਤੀਜੇ ਵਜੋਂ 100 ਮੀਟਰ ਤੋਂ ਹੇਠਾਂ ਵਿਸ਼ਾਲ ਅਰਾਵਲੀ ਪਠਾਰੀ ਖੇਤਰ ਦੀ ਹੋ ਰਹੀ ਲੁੱਟ-ਚੋਂਘ ਦਾ ਸੁਪਰੀਮ ਕੋਰਟ ਨੇ ਖੁਦ ਨੋਟਿਸ ਲੈ ਕੇ ਆਪਣੇ ਹੀ ਪਹਿਲੇ ਹੁਕਮ 'ਤੇ ਰੋਕ ਲਾ ਦਿੱਤੀ। ਇਸ ਨਾਲ 'ਕਾਰਪੋਰੇਟੀ ਸੂਰਮਿਆਂ' ਨੂੰ ਡੂੰਘਾ ਫੱਟ ਲੱਗੇਗਾ। ਅਰਾਵਲੀ ਦੀ ਖੁਦਾਈ ਬੜੀ ਤੇਜ਼ੀ ਨਾਲ ਜਾਰੀ ਸੀ। ਰਾਜਸਥਾਨ ਦੀ ਬਹੁਰੰਗੀ ਸੰਸਕ੍ਰਿਤੀ ਵਾਲੀ ਆਬਾਦੀ ਨੇ ਦਿਖਾ ਦਿੱਤਾ ਕਿ ਉਨ੍ਹਾਂ ਦੀਆਂ ਰਗਾਂ ਵਿੱਚ ਆਪਣੀ ਜਨਮ ਭੂਮੀ ਨੂੰ ਬਚਾਉਣ ਦਾ ਜਿਹੜਾ ਜਜ਼ਬਾ ਹੈ, ਉਹ ਬਹਾਦਰੀ ਨਾਲ ਓਤ-ਪੋਤ ਹੈ। ਉਨ੍ਹਾਂ ਅਰਾਵਲੀ ਨੂੰ ਬਲੀ ਤੋਂ ਬਚਾ ਲਿਆ, ਵਰਨਾ ਦੇਸ਼ ਦਾ ਭੂਗੋਲ ਬਦਲ ਜਾਂਦਾ। ਉੱਤਰ-ਮੱਧ ਭਾਰਤ ਰੇਗਿਸਤਾਨ ਵਿੱਚ ਬਦਲ ਜਾਂਦਾ। ਦੂਜੀ ਘਟਨਾ ਨਾਬਾਲਗਾ ਨਾਲ ਗੈਂਗਰੇਪ ਅਤੇ ਉਸ ਦੇ ਪਿਤਾ ਦੇ ਹਤਿਆਰੇ ਉਨਾਓ ਦੇ ਸਾਬਕਾ ਭਾਜਪਾ ਵਿਧਾਇਕ ਕੁਲਦੀਪ ਸਿੰਘ ਸੇਂਗਰ ਨੂੰ ਦਿੱਲੀ ਹਾਈ ਕੋਰਟ ਵੱਲੋਂ ਦਿੱਤੀ ਗਈ ਜ਼ਮਾਨਤ 'ਤੇ ਸੁਪਰੀਮ ਕੋਰਟ ਵੱਲੋਂ ਰੋਕ ਲਾਉਣ ਦੀ ਹੈ।*

*ਦੇਸ਼ ਵਿੱਚ ਇਸ ਸਮੇਂ ਦਬੰਗਾਂ ਤੇ ਅਡਾਨੀ ਦੇ ਕਾਰੋਬਾਰਾਂ ਦੀ ਧਮਕ ਹੀ ਸੁਣਾਈ ਦਿੰਦੀ ਹੈ। ਛੱਤੀਸਗੜ੍ਹ, ਸਿੰਗਰੌਲੀ (ਮੱਧ ਪ੍ਰਦੇਸ਼) ਤੋਂ ਲੈ ਕੇ ਲੱਦਾਖ ਵਿੱਚ ਵੀ ਖਣਿਜਾਂ ਦੀ ਲੁੱਟ ਲਈ ਸਰਕਾਰ ਨੇ ਜੰਗਲਾਂ ਦੇ ਵਢਾਂਗੇ ਦੀ ਜਿਸ ਤਰ੍ਹਾਂ ਮੁਹਿੰਮ ਛੇੜ ਰੱਖੀ ਹੈ, ਉਥੇ ਆਦਿਵਾਸੀ ਆਪਣੀ ਲੜਾਈ ਇਕੱਲਾ ਲੜ ਰਿਹਾ ਹੈ। ਜੇ ਉਸ ਨੂੰ ਵੀ ਪ੍ਰਦੇਸ਼ ਵਾਸੀ ਰਾਜਸਥਾਨੀਆਂ ਵਰਗਾ ਸਹਿਯੋਗ ਦੇਣ ਤਾਂ ਉੱਥੋਂ ਵੀ ਕਾਰਪੋਰੇਟੀਆਂ ਨੂੰ ਭਜਾਇਆ ਜਾ ਸਕਦਾ ਹੈ।*

*ਜਿੱਥੋਂ ਤੱਕ ਦਬੰਗਈ ਦਾ ਸਵਾਲ ਹੈ, ਕੁਲਦੀਪ ਸੇਂਗਰ ਦੀ ਜ਼ਮਾਨਤ 'ਤੇ ਰੋਕ ਲੱਗਣ ਨਾਲ ਇਹ ਆਸ ਬਝਦੀ ਹੈ ਕਿ ਜੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਲੋਕ ਅੱਗੇ ਆਉਂਦੇ ਹਨ ਤਾਂ ਉਨ੍ਹਾਂ ਦਾ ਹੌਸਲਾ ਵਧਦਾ ਹੈ। ਸੇਂਗਰ ਦੀਆਂ ਕਰਤੂਤਾਂ ਦੇ ਬਾਅਦ ਉਸ ਨੂੰ ਜ਼ਮਾਨਤ ਮਿਲਣ ਅਤੇ ਉਸ ਦਾ ਸਵਾਗਤ ਹੋਣ ਤੋਂ ਨਾ ਸਿਰਫ ਪੀੜਤ ਪਰਵਾਰ ਖੌਫ ਵਿੱਚ ਸੀ, ਸਗੋਂ ਉਸ ਦੀ ਹਮਾਇਤ ਕਰ ਰਹੇ ਲੋਕ ਵੀ ਹੈਰਾਨ ਸਨ, ਪਰ ਦਿੱਲੀ ਤੋਂ ਲੈ ਕੇ ਦੇਸ਼ ਭਰ ਵਿੱਚ ਪੀੜਤ ਪਰਵਾਰ ਨੂੰ ਜਿਹੜੀ ਹਮਾਇਤ ਮਿਲੀ, ਅੰਦੋਲਨ ਹੋਏ, ਸੋਸ਼ਲ ਮੀਡੀਆ ਨੇ ਯੂ ਪੀ ਸਰਕਾਰ ਦੀ ਇੱਜ਼ਤ ਨੂੰ ਜਿਵੇਂ ਤਾਰ-ਤਾਰ ਕੀਤਾ, ਉਸ ਨੇ ਦਿਖਾਇਆ ਕਿ ਜਦੋਂ ਲੋਕ ਪਿੜ ਮੱਲਦੇ ਹਨ ਤਾਂ ਕੀ ਨਹੀਂ ਕਰ ਦਿੰਦੇ।*

*ਨਵੇਂ ਸਾਲ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਦੋ ਹੁਕਮਾਂ ਨੇ ਜਨ-ਅੰਦੋਲਨਾਂ 'ਤੇ ਇੱਕ ਤਰ੍ਹਾਂ ਨਾਲ ਮੋਹਰ ਲਾਈ ਹੈ। ਦੋਹਾਂ ਅੰਦੋਲਨਾਂ ਦੀ ਖਾਸੀਅਤ ਇਹ ਰਹੀ ਕਿ ਇਨ੍ਹਾਂ ਵਿੱਚ ਕਿਸੇ ਪਾਰਟੀ ਦੇ ਆਗੂ ਨੇ ਅਗਵਾਈ ਨਹੀਂ ਕੀਤੀ, ਸਗੋਂ ਲੋਕਾਂ ਦੀ ਆਪੋਜ਼ੀਸ਼ਨ ਆਗੂਆਂ ਨੇ ਪਿੱਛਿਓਂ ਹਮਾਇਤ ਕੀਤੀ। ਇਸ ਲਈ ਇਹ ਜਿੱਤ ਜਨਤਾ ਜਨਾਰਦਨ ਦੀ ਜਿੱਤ ਹੈ। ਦੇਸ਼ ਵਿੱਚ ਜਿਵੇਂ 'ਵਨ ਮੈਨ ਸ਼ੋਅ' ਚੱਲ ਰਿਹਾ ਹੈ, ਦਬੰਗਾਂ, ਪਖੰਡੀਆਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ, ਘੱਟ-ਗਿਣਤੀਆਂ ਖਿਲਾਫ ਜਨੂੰਨ ਭੜਕਾਇਆ ਜਾ ਰਿਹਾ ਹੈ, ਪੇਂਡੂ ਮਜ਼ਦੂਰਾਂ ਦਾ ਰੁਜ਼ਗਾਰ ਖੋਹਿਆ ਜਾ ਰਿਹਾ ਹੈ, ਸਿੱਖਿਆ ਦਾ ਨਿੱਜੀਕਰਨ ਕਰਕੇ ਬੱਚਿਆਂ ਦੇ ਮੁਫਤ ਸਕੂਲੀ ਸਿੱਖਿਆ ਦੇ ਹੱਕ ਨੂੰ ਖੋਹਿਆ ਜਾ ਰਿਹਾ ਹੈ, ਬੇਟੀ ਬਚਾਓ ਮੁਹਿੰਮ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ, ਦੇਸ਼ ਲਈ ਕੁਰਬਾਨ ਹੋਣ ਵਾਲਿਆਂ ਦੀ ਥਾਂ .ਗੱਦਾਰਾਂ ਦੀਆਂ ਮੂਰਤੀਆਂ ਲਾਈਆਂ ਜਾ ਰਹੀਆਂ ਹਨ ਅਤੇ ਲੋਕਤੰਤਰ ਦੀ ਮਜ਼ਬੂਤ ਇਕਾਈ ਚੋਣ ਕਮਿਸ਼ਨ ਨੇ ਆਪਣਾ ਵਿਸ਼ਵਾਸ ਗੁਆ ਲਿਆ ਹੈ, ਉਸ ਵਕਤ ਸੱਤਿਆਗ੍ਰਹਿ ਤੇ ਜਨ-ਅੰਦੋਲਨ ਹੀ ਇੱਕੋ-ਇੱਕ ਸਹਾਰਾ ਹੈ। ਆਓ, ਇੱਕਜੁੱਟ ਹੋ ਕੇ ਲੁਟੇਰਿਆਂ ਨੂੰ ਭਜਾਉਣ ਲਈ ਅੰਦੋਲਨ ਵਿੱਚ ਕੁੱਦੀਏ।*

## ਨਾਰਦ ਮੁਨੀਆਂ ਦਾ ਟੋਲਾ !

*ਕਿਹਨੂੰ ਮੰਨੀਏ ਕਿਹਨੂੰ ਛੱਡ ਦੇਈਏ,*
*ਹੈ ਸੂਚਨਾਵਾਂ ਦਾ ਹੜ੍ਹ ਆਇਆ।*
*ਉਹ ਖੁਦ ਦੀ ਕੀਤੀ ਗਲਤੀ ਨੂੰ,*
*ਸਾਡੇ ਸਿਰਾਂ ਦੇ ਉੱਤੇ ਮੜ੍ਹ ਆਇਆ।*
*ਕੁਝ ਸਿੱਕਿਆਂ ਬਦਲੇ ਭੇਸ ਵਟਾ ਕੇ,*
*ਚੋਰੀ ਅੰਦਰ ਵੜ ਆਇਆ।*
*ਇਕ ਟੋਲਾ ਨਾਰਦ ਮੁਨੀਆਂ ਦਾ,*
*ਇਸ ਬਸਤੀ 'ਤੇ ਚੜ੍ਹ ਆਇਆ।*
*ਲੈ ਹੱਥ ਵਿੱਚ ਫੁੱਲ ਗੁਲਾਬਾਂ ਦੇ,*
*ਪੁੱਟਣ ਲਈ ਸਾਡੀ ਜੜ੍ਹ ਆਇਆ।*
*ਜੋ ਆਮ ਲੋਕਾਂ ਨੂੰ ਦਿਸਦੀ ਨ੍ਹੀਂ,*
*ਹੱਥਾਂ ਵਿੱਚ ਲੈ ਕੇ ਛੜ ਆਇਆ।*

**-ਗੁਲਪੁਰ**

# ਪੌਣੀ ਸਦੀ ਜਮ੍ਹਾਂ ਸਵਾ ਤਿੰਨ ਵਰ੍ਹੇ


ਗੁਰਮੀਤ ਸਿੰਘ ਪਲਾਹੀ

ਪੌਣੀ ਸਦੀ ਤੋਂ ਬਾਅਦ ਸਵਾ ਤਿੰਨ ਵਰ੍ਹੇ ਅਤੇ ਅੱਧਾ ਮਹੀਨਾ ਬੀਤ ਗਿਆ ਹੈ। ਨਵਾਂ ਵਰ੍ਹਾ ਚੜ੍ਹ ਗਿਆ ਹੈ। ਇਨ੍ਹਾਂ ਵਰ੍ਹਿਆਂ 'ਚ ਦੇਸ਼ ਦੇ ਲੋਕਾਂ ਨੇ ਕਈ ਰੰਗ ਵੇਖੇ ਹਨ, ਪਰ ਇੱਕ ਰੰਗ ਤੋਂ ਅਸੀਂ ਭਾਰਤੀ ਛੁਟਕਾਰਾ ਨਹੀਂ ਪਾ ਸਕੇ। ਸਗੋਂ ਇਹ ਰੰਗ ਏਨਾ ਗੂੜ੍ਹਾ ਹੋ ਗਿਆ ਹੈ, ਸਾਡੇ ਹੱਡਾਂ 'ਚ ਏਨਾ ਰਚ-ਰਚਾ ਦਿੱਤਾ ਗਿਆ ਹੈ ਕਿ ਧੋਣ ਨਾਲ਼ ਹੋਰ ਗੂੜ੍ਹਾ ਹੋ ਰਿਹਾ ਹੈ। ਇਹ ਹੈ ਕਾਲਾ ਰੰਗ—ਗ਼ੁਰਬਤ ਦਾ, ਗ਼ਰੀਬੀ ਦਾ, ਕੰਗਾਲੀ ਦਾ, ਦਰਿੱਦਰਤਾ ਦਾ, ਥੁੜ੍ਹਾਂ ਦਾ, ਨਿਰਧਨਤਾ ਦਾ ਤੇ ਮੁਥਾਜ਼ੀ ਦਾ।

ਥੁੜ੍ਹਾਂ ਮਾਰੇ ਭਾਰਤੀ ਲੋਕਾਂ ਵੱਲੋਂ ਦਰਿੱਦਰਤਾ ਨਾਲ਼ ਲੜਾਈ ਲੜਦਿਆਂ ਸਦੀਆਂ ਬੀਤ ਗਈਆਂ। ਸਾਧਨ-ਵਿਹੂਣੇ ਲੋਕ ਆਪਣੇ ਆਪ ਨੂੰ ਜਿਉਂਦਿਆਂ ਰੱਖਣ ਲਈ ਸਾਧਨ-ਭਰਪੂਰ ਹੈਂਕੜਬਾਜ਼ ਹਾਕਮਾਂ ਨਾਲ਼ ਜੰਗ-ਯੁੱਧ ਲੜਦੇ ਰਹੇ, ਹੱਕਾਂ ਲਈ ਸੰਘਰਸ਼ ਕਰਦੇ ਰਹੇ। ਅੱਖਾਂ 'ਚ ਚੰਗੀ ਜ਼ਿੰਦਗੀ ਜਿਉਣ ਦੇ ਸੁਪਨੇ ਸੰਜੋਅ ਕੇ ਕੁਰਬਾਨੀਆਂ ਦਿੰਦੇ ਰਹੇ, ਪਰ ਇਹ ਕੁਰਬਾਨੀਆਂ ਚਤੁਰ ਹਾਕਮਾਂ ਦੀਆਂ ਕੋਝੀਆਂ ਚਾਲਾਂ ਅੱਗੇ ਫਿੱਕੀਆਂ ਪੈਂਦੀਆਂ ਰਹੀਆਂ। ਸਾਜ਼ਿਸ਼ੀ, ਸਵਾਰਥੀ ਹੁਕਮਰਾਨ ਆਮ ਲੋਕਾਂ ਨੂੰ ਲਿਤਾੜ ਕੇ ਉਹਨਾਂ ਦੇ ਸਾਧਨਾਂ 'ਤੇ ਮੁੜ ਕਾਬਜ਼ ਹੁੰਦੇ ਰਹੇ।

ਇਹੋ ਕੁਝ ਲਗਾਤਾਰ ਕੀਤੀਆਂ ਗਈਆਂ ਵੱਡੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਦੇ ਬਾਵਜੂਦ ਭਾਰਤੀਆਂ ਨਾਲ਼ ਵਾਪਰਦਾ ਰਿਹਾ। ਅੱਜ ਦੇਸ਼ 'ਤੇ ਉਹ ਲੋਕ ਕਾਬਜ਼ ਹਨ, ਜਿਨ੍ਹਾਂ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਮਾਸਾ-ਤੋਲਾ ਵੀ ਹਿੱਸਾ ਨਹੀਂ ਪਾਇਆ, ਪਰ ਉਹ ਅੱਜ ਦੇਸ਼ ਦੇ ਅਖੌਤੀ ਮਾਲਕ ਹਨ।

ਭਾਰਤ ਹਾਲੇ ਤੱਕ ਹਿੰਦੂ ਰਾਸ਼ਟਰ ਨਹੀਂ ਬਣਿਆ, ਜਿਸ ਨੂੰ ਬਣਾਉਣ ਲਈ ਮੌਜੂਦਾ ਹਾਕਮ ਪੱਬਾਂ ਭਾਰ ਹਨ, ਲੇਕਿਨ ਹਿੰਦੂ ਰਾਸ਼ਟਰ ਦੀਆਂ ਕੁਝ ਝਾਕੀਆਂ ਦੇਖਣ ਨੂੰ ਮਿਲ ਰਹੀਆਂ ਹਨ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਮਾਣ ਨਾਲ ਆਪਣੇ ਆਪ ਨੂੰ ਬੁਲਡੋਜ਼ਰ ਬਾਬਾ ਕਹਿੰਦੇ ਹਨ, ਪਰ ਉਹਨਾ ਦੇ ਬੁਲਡੋਜ਼ਰ ਕਦੇ ਹਿੰਦੂ ਅਪਰਾਧੀਆਂ ਦੇ ਘਰ ਨਹੀਂ ਤੋੜਦੇ। ਮੁਸਲਮਾਨਾਂ ਦੇ ਘਰ ਟੁੱਟਦੇ ਹਨ, ਬਿਨਾਂ ਅਦਾਲਤ ਵਿੱਚ ਅਪਰਾਧ ਸਾਬਤ ਕੀਤਿਆਂ।

ਕਿਹੋ ਜਿਹੀ ਉਲਟੀ-ਪੁਲਟੀ ਹਿੰਦੂ ਰਾਸ਼ਟਰ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ ਹਾਕਮਾਂ ਵੱਲੋਂ, ਜਿੱਥੇ ਧਰਮ ਦੇਖ ਕੇ ਜੇਲ੍ਹ ਭੇਜਿਆ ਜਾ ਰਿਹਾ ਹੈ। ਸਥਿਤੀ ਇਹ ਬਣਾਈ ਜਾ ਰਹੀ ਹੈ ਕਿ ਧਰਮ ਦੇਖ ਕੇ ਬੁਲਡੋਜ਼ਰ ਭੇਜਣ ਦੀ ਪ੍ਰਵਿਰਤੀ ਜ਼ੋਰ ਫੜ ਰਹੀ ਹੈ, ਜਦਕਿ ਦੇਸ਼ ਦੀ ਸੁਪਰੀਮ ਕੋਰਟ ਨੇ ਬੁਲਡੋਜ਼ਰ ਇਨਸਾਫ਼ ਨੂੰ ਸਰਾਸਰ ਗ਼ਲਤ ਕਿਹਾ ਹੈ।

ਪਰ ਇਨਸਾਫ਼ ਦਾ ਇੱਕ ਹੋਰ ਰੰਗ ਧਿਆਨ ਖਿੱਚਦਾ ਹੈ। ਪਿਛਲੇ ਹਫ਼ਤੇ ਕੁਲਦੀਪ ਸਿੰਘ ਸੇਂਗਰ ਦੀ ਸਜ਼ਾ ਦਿੱਲੀ ਦੀ ਇੱਕ ਅਦਾਲਤ ਨੇ ਘੱਟ ਕਰ ਦਿੱਤੀ। ਭਾਜਪਾ ਦੇ ਇਸ ਵਿਧਾਇਕ ਨੂੰ 2017 ਵਿੱਚ ਇੱਕ ਨਾਬਾਲਗ ਲੜਕੀ ਨਾਲ਼ ਉਨਾਵ ਵਿੱਚ ਬਲਾਤਕਾਰ ਕਰਨ ਲਈ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ। ਦਿੱਲੀ ਦੀ ਅਦਾਲਤ ਨੇ ਇਸ ਆਧਾਰ 'ਤੇ ਸਜ਼ਾ ਘੱਟ ਕਰ ਦਿੱਤੀ ਕਿ ਪੋਕਸੋ ਦੇ ਤਹਿਤ ਵਿਧਾਇਕ ਨੂੰ ਸਰਕਾਰੀ ਅਧਿਕਾਰੀ ਨਹੀਂ ਮੰਨਿਆ ਜਾ ਸਕਦਾ। ਕੁਲਦੀਪ ਸਿੰਘ ਸੇਂਗਰ ਜੇਲ੍ਹ ਵਿੱਚ ਹੀ ਰਹੇਗਾ, ਕਿਉਂਕਿ ਜਿਸ ਬੱਚੀ ਨਾਲ਼ ਬਲਾਤਕਾਰ ਕੀਤਾ ਗਿਆ ਸੀ, ਉਸ ਦੇ ਪਿਤਾ ਦੀ ਹੱਤਿਆ ਵੀ ਇਸ ਵੱਲੋਂ ਕੀਤੀ ਗਈ ਸੀ।

ਇਹੋ ਜਿਹੀਆਂ ਘਟਨਾਵਾਂ ਪੌਣੀ ਸਦੀ ਤੋਂ ਵੱਧ ਅਰਸਾ ਬੀਤਣ ਬਾਅਦ ਇਹ ਸਿੱਧ ਨਹੀਂ ਕਰਦੀਆਂ ਕਿ ਭਾਰਤ ਹਿੰਦੂ ਰਾਸ਼ਟਰ ਬਣਨ ਵੱਲ ਅੱਗੇ ਵਧ ਰਿਹਾ ਹੈ ਅਤੇ ਧਰਮ-ਨਿਰਪੱਖਤਾ ਅਤੇ ਬਹੁਲਵਾਦ ਦੀ ਕੋਈ ਵੀ ਥਾਂ ਇਸ ਦੇਸ਼ ਵਿੱਚ ਨਹੀਂ ਰਹੇਗੀ? ਹਾਕਮਾਂ ਦਾ ਵਰਤਾਰਾ ਸਿੱਧਾ ਤੇ ਸਪੱਸ਼ਟ ਵਿਖਾਈ ਦੇ ਰਿਹਾ ਹੈ ਕਿ ਆਉਣ ਵਾਲੇ ਦਿਨਾਂ 'ਚ ਭਾਰਤੀ ਸੰਵਿਧਾਨ ਦੀ ਇਸ ਹਿੰਦੂ ਰਾਸ਼ਟਰ ਵਿੱਚ ਹੱਤਿਆ ਕੀਤੀ ਜਾਣ ਵਾਲੀ ਹੈ। ਜੇਕਰ ਇੰਵ ਵਾਪਰਦਾ ਹੈ ਤਾਂ ਭਾਰਤ ਦੇ ਅੰਦਰ ਉਸੇ ਕਿਸਮ ਦੀ ਅਰਾਜਕਤਾ ਵੇਖਣ ਨੂੰ ਮਿਲੇਗੀ, ਜਿਹੋ ਜਿਹੀ ਅੱਜ ਬੰਗਲਾਦੇਸ਼ ਜਾਂ ਪਾਕਿਸਤਾਨ ਵਿੱਚ ਮਿਲਦੀ ਹੈ।

ਅਸਲ ਵਿੱਚ ਦੇਸ਼ ਵਿੱਚ ਨਫ਼ਰਤ ਦੇ ਆਸਾਰ ਬਣਾ ਕੇ ਸੰਵਿਧਾਨ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਬੇਰੁਜ਼ਗਾਰੀ ਦਾ ਦੈਂਤ ਦੇਸ਼ ਵਿੱਚ ਫਨ ਫੈਲਾਈ ਬੈਠਾ ਹੈ। ਨੌਜਵਾਨ ਬੇਰੁਜ਼ਗਾਰੀ ਦਾ ਸੰਤਾਪ ਹੰਢਾ ਰਹੇ ਹਨ,ਪਰਵਾਸ ਝੱਲ ਰਹੇ ਹਨ,ਡਿਗਰੀਆਂ ਹੱਥਾਂ ਵਿੱਚ ਹਨ, ਨੌਕਰੀਆਂ ਨਾ-ਬਰਾਬਰ ਹਨ, ਪਰ ਦੇਸ਼ ਦੇ ਹਾਕਮ ਚੋਣਾਂ ਵੇਲੇ ਵੱਡੇ ਲਾਰੇ ਲਾਉਂਦੇ ਹਨ, ਕਰੋੜਾਂ ਨੌਕਰੀਆਂ ਦੀ ਬਰਕਤ ਲੋਕਾਂ ਪੱਲੇ ਪਾਉਂਦੇ ਹਨ ਅਤੇ ਫਿਰ ਘੁਰਨਿਆਂ 'ਚ ਵੜ ਜਾਂਦੇ ਹਨ।

ਮੁਫ਼ਤ ਰਾਸ਼ਨ ਦੇ ਕੇ ਲੋਕਾਂ ਦੇ ਢਿੱਡ ਨੂੰ ਝੁਲਕਾ ਦੇਣ ਦੀਆਂ ਗੱਲਾਂ ਕਰਕੇ, ਉਹਨਾਂ ਨੂੰ ਪਰਚਾਉਣ ਦਾ ਯਤਨ ਦੇਸ਼ ਭਾਰਤ ਲਈ ਦੁਨੀਆ ਭਰ ਵਿੱਚ ਸ਼ਰਮਿੰਦਗੀ ਦਾ ਵੱਡਾ ਜਲੌਅ ਹੈ। ਪੌਣੀ ਸਦੀ ਤੋਂ ਸਵਾ ਤਿੰਨ ਵਰ੍ਹਿਆਂ ਬਾਅਦ, ਭਾਵ 78 ਸਾਲਾਂ ਬਾਅਦ ਵੀ, ਦੇਸ਼ ਦੀ ਕੁੱਲ 140 ਕਰੋੜ ਤੋਂ ਵੱਧ ਆਬਾਦੀ ਵਿੱਚੋਂ 80 ਕਰੋੜ ਲੋਕ ਮੁਫ਼ਤ ਅਨਾਜ ਪ੍ਰਾਪਤ ਕਰ ਰਹੇ ਹਨ।

ਦੇਸ਼ ਕਾਰਪੋਰੇਟਾਂ ਦੇ ਹੱਥਾਂ 'ਚ ਵੇਚਿਆ ਜਾ ਰਿਹਾ ਹੈ। ਬੁਨਿਆਦੀ ਢਾਂਚੇ ਦੀ ਉਸਾਰੀ ਦੇ ਨਾਂਅ 'ਤੇ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਸਭ ਦਾ ਵਿਕਾਸ ਦੇ ਨਾਂਅ 'ਤੇ ਕਾਰਪੋਰੇਟ ਜਗਤ ਦਾ ਢਿੱਡ ਭਰਿਆ ਜਾ ਰਿਹਾ ਹੈ, ਪਰ ਇਹਨਾਂ ਵੱਡੀਆਂ ਹਾਈਵੇਜ਼ ਦਾ ਅਸਲ ਫ਼ਾਇਦਾ ਕਿਸ ਨੂੰ ਹੈ? ਕਿਸ ਵਰਗ ਦੀ ਆਮਦਨ ਵਧ ਰਹੀ ਹੈ? ਕਿਹੜਾ ਵਰਗ ਇਸ ਵਿਕਾਸ ਤੋਂ ਪੀੜਤ ਹੋ ਰਿਹਾ ਹੈ? ਕਿਸ ਵਰਗ ਦੀਆਂ ਜੇਬਾਂ ਕੱਟੀਆਂ ਜਾ ਰਹੀਆਂ ਹਨ?

ਕਾਰਪੋਰੇਟਿਵ ਵਿਕਾਸ ਨੇ ਕੁਦਰਤ ਦਾ ਢਿੱਡ ਪਾੜ ਦਿੱਤਾ ਹੈ। ਮਨੁੱਖੀ ਕਿਰਤ ਨੂੰ ਖ਼ਤਮ ਕਰਨ ਦਾ ਯਤਨ ਕੀਤਾ ਗਿਆ ਹੈ। ਹਰ ਪਾਸੇ ਕਚਰਾ ਹੀ ਕਚਰਾ, ਗੰਦਗੀ ਦੇ ਢੇਰ ਹਨ। ਅੱਜ ਦਰਿਆਵਾਂ, ਪਹਾੜਾਂ ਦੀ ਸੋਹਣੀ ਧਰਤੀ ਗੰਦਗੀ ਦਾ ਢੇਰ ਬਣਾ ਦਿੱਤੀ ਗਈ ਹੈ। ਸਿੱਟਾ ਹੜ੍ਹਾਂ 'ਚ ਨਿਕਲਿਆ। ਵਾਤਾਵਰਨ 'ਚ ਪ੍ਰਦੂਸ਼ਣ ਵਧਿਆ। ਬਿਮਾਰੀਆਂ 'ਚ ਵਾਧਾ ਹੋਇਆ।

ਪ੍ਰਦੂਸ਼ਣ ਨੇ ਮਨੁੱਖ ਦੇ ਦੁੱਖਾਂ 'ਚ ਵਾਧਾ ਕੀਤਾ। ਬਿਮਾਰੀਆਂ ਦੇ ਇਲਾਜ ਲਈ ਨਵੀਂਆਂ ਦਵਾਈਆਂ ਦੀ ਖੋਜ ਹੋਈ। ਦਵਾਈਆਂ ਅਤੇ ਇਲਾਜ ਮਹਿੰਗੇ ਭਾਅ ਹੋ ਗਏ, ਪਰ ਇਹ ਸਧਾਰਨ ਮਨੁੱਖ ਦੀ ਪਹੁੰਚ ਤੋਂ ਦੂਰ ਰਹੇ। ਸਿੱਟਾ ਇਹ ਕਿ ਭਾਰਤ 'ਚ ਬੱਚਿਆਂ ਦੀ ਉਮਰ ਪੰਜ ਸਾਲ ਪੂਰੇ ਹੋਣ ਤੋਂ ਪਹਿਲਾਂ ਵੱਡੀ ਗਿਣਤੀ ਵਿੱਚ ਮੌਤ ਹੋ ਜਾਂਦੀ ਹੈ, ਕਿਉਂਕਿ ਉਹ ਕੁਪੋਸ਼ਣ ਦਾ ਸ਼ਿਕਾਰ ਰਹਿੰਦੇ ਹਨ।

ਦੇਸ਼, ਜਿਸ ਨੇ ਅਜ਼ਾਦੀ ਤੋਂ ਬਾਅਦ ਪੌਣੀ ਸਦੀ ਤੋਂ ਵੱਧ ਦਾ ਸਮਾਂ ਗੁਜ਼ਾਰ ਲਿਆ ਹੋਵੇ, ਆਪਣੇ ਭਵਿੱਖ—ਬੱਚਿਆਂ ਦੀ ਸਿਹਤ ਅਤੇ ਸਿੱਖਿਆ ਦੀ ਗਰੰਟੀ ਵੀ ਨਹੀਂ ਦੇ ਸਕਿਆ। ਅੱਜ ਇੱਕ ਪਾਸੇ ਪੰਜ-ਸਟਾਰ ਹਸਪਤਾਲ ਅਤੇ ਪਬਲਿਕ ਸਕੂਲ ਹਨ, ਦੂਜੇ ਪਾਸੇ ਆਮ ਲੋਕਾਂ ਲਈ ਗਏ-ਗੁਜ਼ਰੇ ਹਸਪਤਾਲ ਅਤੇ ਸਕੂਲ ਹਨ, ਜਿਨ੍ਹਾਂ ਵਿੱਚ ਕੋਈ ਸੁਵਿਧਾਵਾਂ ਹੀ ਨਹੀਂ।

ਤਾਂ ਫਿਰ 78 ਸਾਲ ਅਜ਼ਾਦੀ ਦੇ ਆਖ਼ਰ ਕਿਹੜੇ ਲੇਖੇ ਲੱਗੇ ਹਨ? ਨਵਾਂ ਸਾਲ ਮੁਬਾਰਕ ਕਹਿਣ ਨੂੰ ਜੀਅ ਕਰਦਾ ਹੈ ਸਭ ਨੂੰ, ਤਾਂ ਆਓ ਵੇਖੀਏ ਵਿਸ਼ਵ ਪੱਧਰ 'ਤੇ ਅਸੀਂ ਕਿੱਥੇ ਖੜੇ ਹਾਂ।

* ਭੁੱਖਮਰੀ ਵਿੱਚ ਵਿਸ਼ਵ ਦੇ 123 ਦੇਸ਼ਾਂ ਵਿੱਚ ਭਾਰਤ ਦੀ ਥਾਂ 102ਵੀਂ ਹੈ।
* ਭਾਰਤੀ ਲੋਕਾਂ ਦੀ ਔਸਤ ਆਮਦਨ 2.15 ਡਾਲਰ ਪ੍ਰਤੀ ਦਿਨ ਹੈ।
* ਸਿਹਤ ਸੁਵਿਧਾਵਾਂ ਵਿੱਚ ਭਾਰਤ ਦਾ ਸਥਾਨ 195 ਦੇਸ਼ਾਂ ਵਿੱਚ 145ਵਾਂ ਹੈ।
* ਭਾਰਤ ਦੀ ਕਿਸੇ ਵੀ ਯੂਨੀਵਰਸਿਟੀ ਦਾ ਨਾਂਅ ਦੁਨੀਆ ਦੀਆਂ ਪਹਿਲੀਆਂ 100 ਯੂਨੀਵਰਸਿਟੀਆਂ ਵਿੱਚ ਸ਼ਾਮਿਲ ਨਹੀਂ।
* ਵਾਤਾਵਰਨ ਸੁਧਾਰ ਵਿੱਚ ਭਾਰਤ 180 ਦੇਸ਼ਾਂ ਵਿੱਚੋਂ 176ਵੇਂ ਸਥਾਨ 'ਤੇ ਹੈ। ਭਾਰਤ ਉਹਨਾਂ 10 ਦੇਸ਼ਾਂ ਵਿੱਚ ਸ਼ਾਮਲ ਹੈ, ਜੋ ਗ੍ਰੀਨ ਹਾਊਸ ਗੈਸਾਂ ਨਾਲ਼ ਪ੍ਰਦੂਸ਼ਣ ਫੈਲਾਉਂਦੇ ਹਨ।

ਮਨੁੱਖ ਦੀ ਮੁਢਲੀ ਲੋੜ ਸਾਫ਼ ਹਵਾ, ਪਾਣੀ, ਚੰਗੀ ਖੁਰਾਕ ਹੈ। ਸਿਹਤ ਅਤੇ ਸਿੱਖਿਆ ਬੁਨਿਆਦੀ ਲੋੜਾਂ ਹਨ, ਪਰ ਭਾਰਤ ਦੇ ਹਾਕਮ ਅਜ਼ਾਦੀ ਦੇ ਪਹਿਲੇ ਦਹਾਕਿਆਂ ਤੋਂ ਹੀ ਅਜ਼ਾਦ ਭਾਰਤ ਦੇ ਲੋਕਾਂ ਨੂੰ ਇਹਨਾਂ ਬੁਨਿਆਦੀ ਹੱਕਾਂ ਦੇਣ ਤੋਂ ਮੂੰਹ ਮੋੜ ਬੈਠੇ। ਅੱਜ ਦੇ ਹਾਕਮ ਤਾਂ ਸਿਹਤ ਅਤੇ ਸਿੱਖਿਆ ਵਰਗੇ ਸੰਵਿਧਾਨਕ ਹੱਕਾਂ ਤੋਂ ਵੀ ਕੰਨੀਂ ਕਤਰਾਂਦੇ ਨਜ਼ਰ ਆ ਰਹੇ ਹਨ। ਆਮ ਲੋਕਾਂ ਨੂੰ ਆਪਣੇ ਰਹਿਮੋ-ਕਰਮ 'ਤੇ ਛੱਡ ਦਿੱਤਾ ਗਿਆ ਹੈ, ਜਿੱਥੇ ਉਹ ਜਿਸਮਾਨੀ ਹੀ ਨਹੀਂ, ਮਾਨਸਿਕ ਪੀੜਾ ਨਾਲ਼ ਪਰੁੰਨੇ ਪਏ ਹਨ, ਇਹੋ ਜਿਹੇ ਹਾਲਾਤਾਂ ਵਿੱਚ ਖ਼ੁਸ਼ ਕਿਵੇਂ ਰਿਹਾ ਜਾ ਸਕਦਾ ਹੈ? ਦੁਨੀਆ ਭਰ ਵਿੱਚ ਖ਼ੁਸ਼ ਰਹਿਣ ਦੇ ਮਾਮਲੇ ਵਿੱਚ ਭਾਰਤ 147 ਦੇਸ਼ਾਂ ਵਿੱਚੋਂ 118ਵੇਂ ਸਥਾਨ 'ਤੇ ਹੈ। ਖ਼ੁਸ਼ ਲੋਕ ਖ਼ੁਸ਼ੀਆਂ ਮਨਾਉਂਦੇ ਹਨ, ਇਕ-ਦੂਜੇ ਨੂੰ ਮੁਬਾਰਕਾਂ ਦਿੰਦੇ ਹਨ।

ਪਰ ਇੱਕ ਗੱਲ ਭਾਰਤੀਆਂ ਵਿੱਚ ਅਜੇ ਵੀ ਚੰਗੀ ਹੈ—ਉਹ ਗਮੀ ਵਿੱਚ ਖ਼ੁਸ਼ੀ, ਦੁੱਖਾਂ ਵਿੱਚ ਸੁੱਖ ਅਤੇ ਪੀੜਾ ਵਿੱਚ ਰਾਹਤ ਲੱਭਣ ਦੀ ਕੋਸ਼ਿਸ਼ ਕਰਦੇ ਹਨ ਅਤੇ ਗੁਲਾਮੀ ਵੇਲੇ ਅਜ਼ਾਦੀ ਲਈ ਸੰਘਰਸ਼ਸ਼ੀਲ ਮੰਨੇ ਜਾਂਦੇ ਹਨ। ਅੱਜ ਉਹਨਾਂ ਲਈ ਫਿਰ ਨਵਾਂ ਸਾਲ ਅਜ਼ਾਦੀ ਦੇ ਸੰਘਰਸ਼ ਦਾ ਪੈਗਾਮ ਲੈ ਕੇ ਆਇਆ ਹੈ। ਉਹਨਾਂ ਦੇ ਚਿਹਰੇ ਪ੍ਰਾਪਤੀਆਂ ਦੀ ਆਸ ਨਾਲ਼ ਖਿੜੇ ਹੋਏ ਹਨ। ਪਿਛਲੇ ਦਿਨਾਂ ਵਿੱਚ ਉਹਨਾਂ ਨੇ ਭਗਵੇਂ ਹਾਕਮਾਂ ਵਿਰੁੱਧ ਲਾਮਬੰਦੀ ਕੀਤੀ ਹੈ। ਉਹਨਾਂ ਹਾਕਮਾਂ ਦੀਆਂ ਗੋਡਣੀਆਂ ਲਵਾਈਆਂ ਹਨ, ਜਿਹੜੇ ਮੱਕਾਰੀ ਨਾਲ਼ ਲੋਕ-ਹਿੱਤਾਂ 'ਤੇ ਡਾਕਾ ਮਾਰਨ ਤੋਂ ਗੁਰੇਜ਼ ਨਹੀਂ ਕਰਦੇ।

ਸਾਰੇ ਸੰਘਰਸ਼ਸ਼ੀਲ ਲੋਕਾਂ ਨੂੰ ਨਵੇਂ ਵਰ੍ਹੇ ਦੀਆਂ ਮੁਬਾਰਕਾਂ। ਮੁੜ ਅਜ਼ਾਦੀ ਲਈ ਅਰੰਭੀ ਮੁਹਿੰਮ ਲਈ ਢੇਰ ਸਾਰੀਆਂ ਮੁਬਾਰਕਾਂ।

**# ਸੰਪਰਕ : 98158-02070**

# ਉਚ ਸਿੱਖਿਆ ਦੇ ਪ੍ਰਸ਼ਾਸਨ 'ਚ ਵੱਡੇ ਬਦਲਾਅ ਲਿਆਉਣ ਲਈ ਬਿੱਲ

**ਲਵਪ੍ਰੀਤ**

ਦੇਸ਼ ਵਿੱਚ ਉੱਚ ਸਿੱਖਿਆ ਦਾ ਪ੍ਰਸ਼ਾਸਨ ਸਿੱਖਿਆ ਮੰਤਰਾਲੇ ਦੇ ਉੱਚ ਸਿੱਖਿਆ ਵਿਭਾਗ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ), ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ) ਅਤੇ ਨੈਸ਼ਨਲ ਕੌਂਸਲ ਫਾਰ ਟੀਚਰ ਐਜੂਕੇਸ਼ਨ (ਏ ਸੀ ਟੀ ਈ) ਨੇ ਦਹਾਕਿਆਂ ਤੋਂ ਮੁੱਖ ਭੂਮਿਕਾ ਨਿਭਾਈ ਹੈ, ਪਰ ਸਮੇਂ ਦੇ ਨਾਲ ਉਨ੍ਹਾਂ ਦੀਆਂ ਢਾਂਚਾਗਤ ਸੀਮਾਵਾਂ ਸਪੱਸ਼ਟ ਹੋ ਗਈਆਂ । ਇਸ ਪਿਛੋਕੜ ਵਿੱਚ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੇ ਲੋਕ ਸਭਾ ਵਿੱਚ ਵਿਕਾਸ ਭਾਰਤ ਸਿੱਖਿਆ ਪ੍ਰਤਿਸ਼ਠਾਨ ਬਿੱਲ ਪੇਸ਼ ਕੀਤਾ। ਇਹ ਬਿੱਲ ਉੱਚ ਸਿੱਖਿਆ ਦੇ ਪ੍ਰਸ਼ਾਸਕੀ ਸੰਗਠਨਾਂ - ਯੂ ਜੀ ਸੀ, ਏ ਆਈ ਸੀ ਟੀ ਈ ਅਤੇ ਐਨ ਸੀ ਟੀ ਈ ਨੂੰ ਇਕਜੁੱਟ ਅਤੇ ਪੁਨਰਗਠਿਤ ਕਰੇਗਾ। ਇਸ ਦਾ ਉਦੇਸ਼ ਉੱਚ ਸਿੱਖਿਆ ਦੇ ਨਿਯਮ, ਗੁਣਵੱਤਾ ਅਤੇ ਮਿਆਰਾਂ ਨੂੰ ਵਧੇਰੇ ਪਾਰਦਰਸ਼ੀ, ਪ੍ਰਭਾਵਸ਼ਾਲੀ ਅਤੇ ਜਵਾਬਦੇਹ ਬਣਾਉਣਾ ਹੈ, ਤਾਂ ਜੋ ਭਾਰਤ ਦੀ ਸਿੱਖਿਆ ਪ੍ਰਣਾਲੀ 21ਵੀਂ ਸਦੀ ਦੀਆਂ ਜ਼ਰੂਰਤਾਂ ਅਤੇ ਵਿਕਾਸ ਭਾਰਤ 2047 ਦੇ ਟੀਚਿਆਂ ਦੇ ਅਨੁਕੂਲ ਹੋਵੇ।

ਪਿਛਲੇ ਕੁਝ ਸਾਲਾਂ ਵਿੱਚ ਸਿੱਖਿਆ ਖੇਤਰ ਵਿੱਚ ਬੇਮਿਸਾਲ ਬਦਲਾਅ ਆਏ ਹਨ। ਸਿੱਖਿਆ ਦੇ ਤਰੀਕਿਆਂ ਵਿੱਚ ਆਨਲਾਈਨ ਕ੍ਰਾਂਤੀ, ਡਿਜੀਟਲ ਪਲੇਟਫਾਰਮਾਂ ਦੀ ਵਿਆਪਕ ਵਰਤੋਂ, ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਨੂੰ ਸ਼ਾਮਲ ਕਰਨਾ ਅਤੇ ਸੰਯੁਕਤ ਰਾਸ਼ਟਰ ਦੇ ਟਿਕਾਊ ਵਿਕਾਸ ਟੀਚਿਆਂ ਵਰਗੀਆਂ ਵਿਸ਼ਵਵਿਆਪੀ ਪਹਿਲਕਦਮੀਆਂ ਸਿੱਖਿਆ ਦੇ ਉਦੇਸ਼, ਪ੍ਰਕਿਰਤੀ ਅਤੇ ਉਮੀਦਾਂ ਨੂੰ ਪੂਰੀ ਤਰ੍ਹਾਂ ਬਦਲ ਰਹੀਆਂ ਹਨ। ਫਿਰ ਵੀ ਹੁਣ ਤੱਕ ਉੱਚ ਸਿੱਖਿਆ ਸ਼ਾਸਨ ਵਿੱਚ ਕੋਈ ਵੱਡੀ ਢਾਂਚਾਗਤ ਤਬਦੀਲੀ ਨਹੀਂ ਆਈ। ਇਸ ਸੰਦਰਭ ਵਿੱਚ ਰਾਸ਼ਟਰੀ ਸਿੱਖਿਆ ਨੀਤੀ, 2020 (ਐੱਨ ਈ ਪੀ-2020) ਨੇ ਉੱਚ ਸਿੱਖਿਆ ਨੂੰ ਨਿਯਮਤ ਅਤੇ ਵਿਕਸਤ ਕਰਨ ਲਈ ਭਾਰਤ ਦੇ ਉੱਚ ਸਿੱਖਿਆ ਕਮਿਸ਼ਨ (ਐੱਚ ਈ ਸੀ ਆਈ) ਦੀ ਸਥਾਪਨਾ ਦਾ ਪ੍ਰਸਤਾਵ ਰੱਖਿਆ। ਇਸ ਪਹਿਲਕਦਮੀ ਨੂੰ ਹੁਣ ਸੰਸਦ ਵਿੱਚ ਡਿਵੈਲਪ ਇੰਡੀਆ ਐਜੂਕੇਸ਼ਨ ਫਾਊਂਡੇਸ਼ਨ ਬਿੱਲ, 2025 ਵਜੋਂ ਪ੍ਰਸਤਾਵਿਤ ਕੀਤਾ ਗਿਆ ਹੈ। ਇਹ ਫਾਊਂਡੇਸ਼ਨ ਭਾਰਤ ਵਿੱਚ ਉੱਚ ਸਿੱਖਿਆ ਲਈ ਇੱਕ ਏਕੀਕ੍ਰਿਤ ਅਤੇ ਏਕੀਕ੍ਰਿਤ ਰੈਗੂਲੇਟਰੀ ਸੰਸਥਾ ਵਜੋਂ ਕੰਮ ਕਰੇਗੀ। ਢਾਂਚੇ ਦੇ ਅੰਦਰ ਤਿੰਨ ਮੁੱਖ ਕੌਂਸਲਾਂ ਦਾ ਪ੍ਰਸਤਾਵ ਹੈ: ਡਿਵੈੱਲਪ ਇੰਡੀਆ ਐਜੂਕੇਸ਼ਨ ਰੈਗੂਲੇਟਰੀ ਕੌਂਸਲ, ਡਿਵੈਲਪ ਇੰਡੀਆ ਐਜੂਕੇਸ਼ਨ ਕੁਆਲਿਟੀ ਕੌਂਸਲ ਅਤੇ ਡਿਵੈਲਪ ਇੰਡੀਆ ਐਜੂਕੇਸ਼ਨ ਸਟੈਂਡਰਡਜ਼ ਕੌਂਸਲ। ਇਹ ਕੌਂਸਲਾਂ ਇਕੱਠੀਆਂ ਮਿਲ ਕੇ ਨਿਯਮਨ, ਗੁਣਵੱਤਾ, ਭਰੋਸਾ ਅਤੇ ਮਿਆਰੀ ਸਥਾਪਨਾ ਵਰਗੇ ਮੁੱਖ ਕਾਰਜਾਂ ਨੂੰ ਸਪੱਸ਼ਟ, ਪਾਰਦਰਸ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਨਗੀਆਂ। ਵਿਕਾਸ ਭਾਰਤ ਸਿੱਖਿਆ ਪ੍ਰਤਿਸ਼ਠਾਨ ਦੀ ਕਮੇਟੀ ਵਿੱਚ ਚੇਅਰਪਰਸਨ ਸਮੇਤ 12 ਮੈਂਬਰ ਹੋਣਗੇ, ਜਦੋਂ ਕਿ ਰੈਗੂਲੇਟਰੀ ਕੌਂਸਲ, ਕੁਆਲਿਟੀ ਕੌਂਸਲ ਅਤੇ ਸਟੈਂਡਰਡ ਕੌਂਸਲ ਦੀਆਂ ਕਮੇਟੀਆਂ ਵਿੱਚ ਪ੍ਰਧਾਨ ਸਮੇਤ 14 ਮੈਂਬਰ ਹੋਣਗੇ। ਇਨ੍ਹਾਂ ਕਮੇਟੀਆਂ ਵਿੱਚ ਉੱਚ ਸਿੱਖਿਆ ਸੰਸਥਾਵਾਂ ਦੇ ਪ੍ਰੋਫੈਸਰ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤੋਂ ਨਾਮਜ਼ਦ ਮੈਂਬਰ, ਆਰਕੀਟੈਕਚਰ ਕੌਂਸਲ ਦੇ ਪ੍ਰਤੀਨਿਧੀ, ਸੀਨੀਅਰ ਅਕਾਦਮਿਕ ਅਤੇ ਸਿੱਖਿਆ ਮੰਤਰਾਲੇ ਦੇ ਪ੍ਰਤੀਨਿਧੀ ਸ਼ਾਮਲ ਹੋਣਗੇ। ਇਹ ਬਿੱਲ ਸਾਰੇ ਹਿੱਸੇਦਾਰਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਏਗਾ ਅਤੇ ਉੱਚ ਸਿੱਖਿਆ ਪ੍ਰਣਾਲੀ ਵਿੱਚ ਵਿਭਿੰਨ ਅਨੁਭਵ ਅਤੇ ਮੁਹਾਰਤ ਨੂੰ ਸ਼ਾਮਲ ਕਰੇਗਾ।

ਰੈਗੂਲੇਟਰੀ ਕੌਂਸਲ ਦੇਸ਼ ਦੇ ਸਾਰੇ ਉੱਚ ਸਿੱਖਿਆ ਸੰਸਥਾਨਾਂ ਦੁਆਰਾ ਨਿਯਮਾਂ ਅਤੇ ਮਿਆਰਾਂ ਦੀ ਪਾਲਣਾ ਨੂੰ ਯਕੀਨੀ ਬਣਾਏਗੀ। ਇਹ ਉੱਚ ਸਿੱਖਿਆ ਦੇ ਵਪਾਰੀਕਰਨ 'ਤੇ ਪਾਬੰਦੀ ਲਗਾਏਗੀ। ਭਾਰਤ ਵਿੱਚ ਵਿਦੇਸ਼ੀ ਯੂਨੀਵਰਸਿਟੀਆਂ ਦੇ ਸੰਚਾਲਨ ਲਈ ਮਾਪਦੰਡ ਨਿਰਧਾਰਤ ਕਰੇਗੀ, ਉੱਚ ਪ੍ਰਦਰਸ਼ਨ ਕਰਨ ਵਾਲੀਆਂ ਭਾਰਤੀ ਯੂਨੀਵਰਸਿਟੀਆਂ ਨੂੰ ਵਿਦੇਸ਼ਾਂ ਵਿੱਚ ਕੈਂਪਸ ਖੋਲ੍ਹਣ ਦੀ ਆਗਿਆ ਦੇਵੇਗੀ ਅਤੇ ਅੰਤਰ-ਯੂਨੀਵਰਸਿਟੀ ਕੇਂਦਰਾਂ ਦੇ ਸੰਚਾਲਨ ਸੰਬੰਧੀ ਫੈਸਲੇ ਲਵੇਗੀ। ਗੁਣਵੱਤਾ ਕੌਂਸਲ ਸਿੱਖਿਆ ਸ਼ਾਸਤਰੀਆਂ ਅਤੇ ਹੋਰ ਹਿੱਸੇਦਾਰਾਂ ਨਾਲ ਸਲਾਹ-ਮਸ਼ਵਰਾ ਕਰਕੇ ਇੱਕ ਨਤੀਜਾ-ਅਧਾਰਤ ਮਾਨਤਾ ਪ੍ਰਣਾਲੀ ਵਿਕਸਤ ਕਰੇਗੀ। ਮਿਆਰ ਪ੍ਰੀਸ਼ਦ ਉੱਚ ਸਿੱਖਿਆ ਵਿੱਚ ਗੁਣਵੱਤਾ ਅਤੇ ਮਿਆਰ ਨਿਰਧਾਰਤ ਕਰਨ ਲਈ ਕੰਮ ਕਰੇਗੀ। ਐੱਨ ਈ ਪੀ -2020 ਦਾ ਦ੍ਰਿਸ਼ਟੀਕੋਣ ਵਿਕਾਸਿਤ ਭਾਰਤ ਸਿੱਖਿਆ ਪ੍ਰਤਿਸ਼ਠਾਨ ਅਤੇ ਇਸ ਦੀਆਂ ਤਿੰਨ ਪ੍ਰੀਸ਼ਦਾਂ ਰਾਹੀਂ ਲਾਗੂ ਕੀਤਾ ਜਾਵੇਗਾ । ਸਾਰੀਆਂ ਪ੍ਰੀਸ਼ਦਾਂ ਵਿੱਚ ਤਾਲਮੇਲ ਅਤੇ ਪ੍ਰਭਾਵਸ਼ਾਲੀ ਸੰਚਾਰ ਨੂੰ ਯਕੀਨੀ ਬਣਾਉਣ ਲਈ ਹੋਰ ਪ੍ਰੀਸ਼ਦਾਂ ਦੇ ਮੈਂਬਰਾਂ ਨੂੰ ਵੀ ਉਨ੍ਹਾਂ ਦੀਆਂ ਕਮੇਟੀਆਂ ਵਿੱਚ ਪ੍ਰਤੀਨਿਧਤਾ ਦਿੱਤੀ ਗਈ ਹੈ।

ਵਿਕਸਤ ਭਾਰਤ ਸਿੱਖਿਆ ਪ੍ਰਤਿਸ਼ਠਾਨ ਬਿੱਲ ਸੁਤੰਤਰ ਭਾਰਤ ਦੇ ਇਤਿਹਾਸ ਵਿੱਚ ਉੱਚ ਸਿੱਖਿਆ ਸ਼ਾਸਨ ਵਿੱਚ ਸਭ ਤੋਂ ਵੱਡੇ ਢਾਂਚਾਗਤ ਬਦਲਾਅ ਵਿੱਚੋਂ ਇੱਕ ਹੈ। ਇਹ ਪਹਿਲਕਦਮੀ, ਵਿਕਸਤ ਭਾਰਤ 2047 ਦੇ ਟੀਚਿਆਂ ਨਾਲ ਜੁੜੀ ਹੋਈ ਹੈ, ਭਾਰਤ ਦੀ ਉੱਚ ਸਿੱਖਿਆ ਪ੍ਰਣਾਲੀ ਨੂੰ ਇੱਕ ਵਿਸ਼ਵਵਿਆਪੀ ਪ੍ਰਣਾਲੀ ਵਿੱਚ ਬਦਲਣ ਦੀ ਸਮਰੱਥਾ ਰੱਖਦੀ ਹੈ, ਇਸ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਅਗਾਂਹਵਧੂ ਬਣਾਉਂਦੀ ਹੈ। ਇਸ ਨਾਲ ਨਾ ਸਿਰਫ਼ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਲਾਭ ਹੋਵੇਗਾ, ਸਗੋਂ ਸਮੁੱਚੀ ਸਿੱਖਿਆ ਪ੍ਰਣਾਲੀ ਦੀ ਗੁਣਵੱਤਾ ਨੂੰ ਵੀ ਯਕੀਨੀ ਬਣਾਇਆ ਜਾਵੇਗਾ।

**# ਸੰਪਰਕ : 94984-00004**

# ਭੀਮਾ ਕੋਰੇਗਾਓਂ ਦੀ ਇਤਿਹਾਸਕ ਲੜਾਈ


ਕੁਲਦੀਪ ਚੰਦ

ਹਰ ਸਾਲ 01 ਜਨਵਰੀ ਨੂੰ ਸਮੂਹ ਦਲਿਤ ਭਾਈਚਾਰੇ ਵੱਲੋਂ ਭੀਮਾ ਕੋਰੇਗਾਓਂ ਦੀ ਗੌਰਵਮਈ ਲੜਾਈ ਦੀ ਵਰ੍ਹੇਗੰਢ ਮਨਾਈ ਜਾਂਦੀ ਹੈ ਅਤੇ ਲੋਕ ਇਕੱਠੇ ਹੋ ਕੇ ਇਸ ਜਿੱਤ ਨੂੰ ਦੱਬੇ-ਕੁਚਲੇ ਭਾਈਚਾਰਿਆਂ ਦੇ ਸਵੈ-ਮਾਣ ਦੀ ਮੁੜ ਪ੍ਰਾਪਤੀ ਦੀ ਸ਼ੁਰੂਆਤ ਵਜੋਂ ਮਨਾਉਂਦੇ ਹਨ। ਭੀਮਾ ਕੋਰੇਗਾਓਂ ਦੀ ਲੜਾਈ 01 ਜਨਵਰੀ 1818 ਨੂੰ ਕੋਰੇਗਾਓਂ ਭੀਮਾ ਵਿਖੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਅਤੇ ਪੇਸ਼ਵਾ ਸੈਨਾ ਵਿਚਕਾਰ ਲੜੀ ਗਈ ਸੀ। ਇਸ ਲੜਾਈ ਦੀ ਖਾਸ ਗੱਲ ਇਹ ਸੀ ਕਿ ਇਸਟ ਇੰਡੀਆ ਕੰਪਨੀ ਦੇ ਝੰਡੇ ਹੇਠ ਮਹਾਰ ਸਿਪਾਹੀਆਂ ਨੇ ਪੇਸ਼ਵਾ ਬਾਜੀਰਾਓ ਦੇ ਸਿਪਾਹੀਆਂ ਨਾਲ ਯੁੱਧ ਕੀਤਾ ਸੀ। ਮਹਾਰਾਂ ਨੇ ਪੇਸ਼ਵਾ ਨੂੰ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਵੱਲੋਂ ਲੜਨਾ ਚਾਹੁੰਦੇ ਹਨ, ਪਰ ਪੇਸ਼ਵਾ ਨੇ ਆਗਿਆ ਨਹੀਂ ਦਿੱਤੀ ਅਤੇ ਅੰਗਰੇਜ਼ਾਂ ਨੇ ਮਹਾਰਾਂ ਦੀ ਇਸ ਪੇਸ਼ਕਸ਼ ਨੂੰ ਸਵੀਕਾਰ ਕਰ ਲਿਆ ਅਤੇ ਮਹਾਰਾਂ ਨੇ ਮਿਲ ਕੇ ਪੇਸ਼ਵਾ ਨੂੰ ਹਰਾਇਆ ਸੀ। ਪੇਸ਼ਵਾ ਬਾਜੀਰਾਓ ਦੀ ਅਗਵਾਈ ਵਿੱਚ ਲੱਗਭੱਗ 28000 ਵਿਅਕਤੀਆਂ ਵਾਲੀ ਮਜ਼ਬੂਤ ਫੋਰਸ ਜਦੋਂ ਪੁਣੇ ਉੱਤੇ ਹਮਲਾ ਕਰਨ ਦੇ ਰਸਤੇ ਵਿੱਚ ਸੀ ਤਾਂ ਅਚਾਨਕ 800 ਵਿਅਕਤੀਆਂ ਵਾਲੀ ਸੁਰੱਖਿਆ ਫੋਰਸ ਦੁਆਰਾ ਮੁਲਾਕਾਤ ਕੀਤੀ ਗਈ, ਜੋ ਅੰਗਰੇਜ ਸੈਨਿਕਾਂ ਦੀ ਮਦਦ ਲਈ ਜਾ ਰਹੀ ਸੀ। ਪੇਸ਼ਵਾ ਨੇ ਲੱਗਭੱਗ 2000 ਸਿਪਾਹੀ ਉਸ ਸੁਰੱਖਿਆ ਫੋਰਸ 'ਤੇ ਹਮਲਾ ਕਰਨ ਲਈ ਭੇਜੇ, ਜੋ ਕੋਰੇਗਾਓਂ ਵਿਚ ਸ਼ਾਮਲ ਹੋਣ ਦੀ ਮੰਗ ਕਰ ਰਹੇ ਸਨ। ਕੈਪਟਨ ਫਰਾਂਸਿਸ ਸਟੌਨਟਨ ਦੀ ਅਗਵਾਈ ਵਿੱਚ ਕੰਪਨੀ ਦੀਆਂ ਫੌਜਾਂ ਨੇ ਲਗਭਗ 12 ਘੰਟਿਆਂ ਤੱਕ ਆਪਣਾ ਬਚਾਅ ਕੀਤਾ। ਇਹ ਲੜਾਈ ਤੀਸਰੇ ਐਂਗਲੋ ਮਰਾਠਾ ਯੁੱਧ ਦਾ ਹੀ ਹਿੱਸਾ ਸੀ। 1800 ਦੇ ਦਹਾਕੇ ਤੱਕ ਮਰਾਠਿਆਂ ਨੂੰ ਇੱਕ ਕਮਜੋਰ ਸੰਘ ਵਿੱਚ ਸੰਗਠਿਤ ਕਰ ਦਿੱਤਾ ਗਿਆ ਸੀ, ਜਿਸ ਦੇ ਮੁੱਖ ਹਿੱਸੇ ਪੁਣੇ ਦੇ ਪੇਸ਼ਵਾ, ਗਵਾਲੀਅਰ ਦੇ ਸਿੰਧੀਆ, ਇੰਦੌਰ ਦੇ ਹੋਲਕਰ, ਬੜੌਦਾ ਦੇ ਗਾਇਕਵਾੜ ਅਤੇ ਨਾਗਪੁਰ ਦੇ ਭੌਂਸਲੇ ਸਨ। ਅੰਗਰੇਜ਼ਾਂ ਨੇ ਇਨ੍ਹਾਂ ਵੱਖ-ਵੱਖ ਧੜਿਆਂ ਨੂੰ ਆਪਣੇ ਅਧੀਨ ਕਰ ਲਿਆ ਸੀ ਅਤੇ ਉਨ੍ਹਾਂ ਨਾਲ ਸ਼ਾਂਤੀ ਸੰਧੀਆਂ 'ਤੇ ਦਸਤਖ਼ਤ ਕੀਤੇ ਸਨ ਅਤੇ ਆਪਣੀਆਂ ਰਾਜਧਾਨੀਆਂ ਤੇ ਰਿਹਾਇਸ਼ਾਂ ਦੀ ਸਥਾਪਨਾ ਕੀਤੀ ਸੀ। ਅੰਗਰੇਜ਼ਾਂ ਨੇ ਪੇਸ਼ਵਾ ਅਤੇ ਗਾਇਕਵਾੜ ਵਿਚਕਾਰ ਮਾਲੀਆ ਵੰਡ ਵਿਵਾਦ ਵਿੱਚ ਦਖ਼ਲ ਦਿੱਤਾ ਅਤੇ 13 ਜੂਨ 1817 ਨੂੰ ਕੰਪਨੀ ਨੇ ਪੇਸ਼ਵਾ ਬਾਜੀਰਾਓ ਨੂੰ ਗਾਇਕਵਾੜ ਦੇ ਮਾਲੀਏ ਤੇ ਦਾਅਵਿਆਂ ਦਾ ਤਿਆਗ ਕਰਨ ਅਤੇ ਅੰਗਰੇਜ਼ਾਂ ਦੇ ਵੱਡੇ ਹਿੱਸੇ ਦੇ ਖੇਤਰ ਨੂੰ ਸੌਂਪਣ ਲਈ ਇੱਕ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਮਜਬੂਰ ਕੀਤਾ। ਪੁਣੇ ਦੀ ਇਸ ਸੰਧੀ ਨੇ ਰਸਮੀ ਤੌਰ 'ਤੇ ਦੂਜੇ ਮਰਾਠਾ ਮੁਖੀਆਂ ਤੇ ਪੇਸ਼ਵਾ ਦੀ ਸਰਦਾਰੀ ਨੂੰ ਖ਼ਤਮ ਕਰ ਦਿੱਤਾ ਸੀ। ਇਸ ਤੋਂ ਬਾਅਦ ਪੇਸ਼ਵਾ ਨੇ ਪੁਣੇ ਵਿਖੇ ਬ੍ਰਿਟਿਸ਼ ਰੈਜ਼ੀਡੈਂਸੀ ਨੂੰ ਸਾੜ ਦਿੱਤਾ, ਪਰ 5 ਨਵੰਬਰ 1817 ਨੂੰ ਪੁਣੇ ਨੇੜੇ ਖੜਕੀ ਦੀ ਲੜਾਈ ਵਿੱਚ ਹਾਰ ਗਿਆ। ਪੇਸ਼ਵਾ ਫਿਰ ਸਤਾਰਾ ਵੱਲ ਭੱਜ ਗਿਆ ਅਤੇ ਕੰਪਨੀ ਦੀਆਂ ਫ਼ੌਜਾਂ ਨੇ ਪੁਣੇ 'ਤੇ ਪੂਰਾ ਕਬਜ਼ਾ ਕਰ ਲਿਆ। ਪੁਣੇ ਨੂੰ ਕਰਨਲ ਚਾਰਲਸ ਬਾਰਟਨ ਬੁਰ ਦੇ ਅਧੀਨ ਰੱਖਿਆ ਗਿਆ ਸੀ, ਜਦੋਂ ਕਿ ਜਨਰਲ ਸਮਿਥ ਦੀ ਅਗਵਾਈ ਵਾਲੀ ਬ੍ਰਿਟਿਸ਼ ਫੋਰਸ ਨੇ ਪੇਸ਼ਵਾ ਦਾ ਪਿੱਛਾ ਕੀਤਾ। ਫਿਰ ਉਸ ਨੇ ਆਪਣਾ ਰਸਤਾ ਬਦਲ ਕੇ ਉੱਤਰ-ਪੱਛਮ ਨਾਸਿਕ ਵੱਲ ਮੁੜਨ ਤੋਂ ਪਹਿਲਾਂ ਪੂਰਬ ਵੱਲ ਮਾਰਚ ਕੀਤਾ। ਇਹ ਮਹਿਸੂਸ ਕਰਦੇ ਹੋਏ ਕਿ ਜਨਰਲ ਸਮਿਥ ਉਸ ਨੂੰ ਰੋਕਣ ਦੀ ਸਥਿਤੀ ਵਿੱਚ ਸੀ ਉਸ ਨੇ ਅਚਾਨਕ ਪੁਣੇ ਵੱਲ ਦੱਖਣ ਵੱਲ ਨੂੰ ਜਾਣਾ ਸ਼ੁਰੂ ਕਰ ਦਿਤਾ। ਦਸੰਬਰ ਦੇ ਅੰਤ ਵਿੱਚ ਕਰਨਲ ਬੁਰ ਨੂੰ ਖਬਰ ਮਿਲੀ ਕਿ ਪੇਸ਼ਵਾ ਪੁਣੇ ਉੱਤੇ ਹਮਲਾ ਕਰਨ ਦਾ ਇਰਾਦਾ ਰੱਖਦਾ ਹੈ ਅਤੇ ਸ਼ਿਰੂਰ ਵਿਖੇ ਤਾਇਨਾਤ ਕੰਪਨੀ ਫੌਜਾਂ ਨੂੰ ਮਦਦ ਲਈ ਕਿਹਾ। ਸ਼ਿਰੂਰ ਤੋਂ ਭੇਜੀਆਂ ਗਈਆਂ ਫ਼ੌਜਾਂ ਪੇਸ਼ਵਾ ਦੀਆਂ ਫ਼ੌਜਾਂ ਨਾਲ ਭਿੜ ਗਈਆਂ, ਨਤੀਜੇ ਵਜੋਂ ਕੋਰੇਗਾਓਂ ਦੀ ਲੜਾਈ ਹੋਈ। ਪੇਸ਼ਵਾ ਦੀ ਫੌਜ ਵਿੱਚ ਲੱਗਭੱਗ 20000 ਘੋੜਸਵਾਰ ਅਤੇ 8000 ਪੈਦਲ ਸਿਪਾਹੀ ਸ਼ਾਮਲ ਸਨ। ਇਹਨਾਂ ਵਿੱਚੋਂ ਲੱਗਭਗ 2000 ਆਦਮੀਆਂ ਨੂੰ ਤਾਇਨਾਤ ਕੀਤਾ ਗਿਆ ਸੀ, ਜੋ ਲੜਾਈ ਦੌਰਾਨ ਲਗਾਤਾਰ ਮਜ਼ਬੂਤ ਹੁੰਦੇ ਰਹੇ ਸਨ। ਕੰਪਨੀ ਦੀਆਂ ਫੌਜਾਂ ਤੇ ਹਮਲਾ ਕਰਨ ਵਾਲੀ ਫੋਰਸ ਵਿਚ 600 ਸਿਪਾਹੀਆਂ ਦੇ ਤਿੰਨ ਪੈਦਲ ਦਲ ਸ਼ਾਮਲ ਸਨ। ਇਨ੍ਹਾਂ ਸਿਪਾਹੀਆਂ ਵਿੱਚ ਅਰਬੀ, ਗੋਸਾਈਂ ਅਤੇ ਮਰਾਠੇ ਸ਼ਾਮਲ ਸਨ। ਜ਼ਿਆਦਾਤਰ ਹਮਲਾਵਰ ਅਰਬੀ ਸਨ, ਜੋ ਪੇਸ਼ਵਾ ਦੇ ਸਿਪਾਹੀਆਂ ਵਿੱਚ ਸਭ ਤੋਂ ਉੱਤਮ ਮੰਨੇ ਜਾਂਦੇ ਸਨ। ਹਮਲੇ ਦਾ ਨਿਰਦੇਸ਼ਨ ਬਾਪੂ ਗੋਖਲੇ, ਅੱਪਾ ਦੇਸਾਈ ਅਤੇ ਤ੍ਰਿੰਬਕਜੀ ਡੇਂਗਲੇ ਨੇ ਕੀਤਾ ਸੀ। ਹਮਲੇ ਦੌਰਾਨ ਕੋਰੇਗਾਓਂ ਪਿੰਡ ਵਿੱਚ ਦਾਖਲ ਹੋਣ ਵਾਲੇ ਇਨ੍ਹਾਂ ਵਿੱਚੋਂ ਤ੍ਰਿੰਬਕਜੀ ਹੀ ਸਨ। ਪੇਸ਼ਵਾ ਅਤੇ ਹੋਰ ਫੌਜ ਮੁਖੀ ਕੋਰੇਗਾਓਂ ਨੇੜੇ ਫੂਲਸ਼ਹਿਰ ਮੌਜੂਦਾ ਫੁਲਗਾਓਂ ਵਿਖੇ ਠਹਿਰੇ ਸਨ। ਮਰਾਠਾ ਛਤਰਪਤੀ ਸਤਾਰਾ ਦਾ ਪ੍ਰਤਾਪ ਸਿੰਘ ਵੀ ਪੇਸ਼ਵਾ ਦੇ ਨਾਲ ਸੀ। ਸ਼ਿਰੂਰ ਤੋਂ ਰਵਾਨਾ ਕੀਤੀ ਗਈ ਕੰਪਨੀ ਦੀਆਂ ਫ਼ੌਜਾਂ ਵਿੱਚ 834 ਆਦਮੀ ਸਨ, ਜਿਨ੍ਹਾਂ ਵਿੱਚ ਬੰਬੇ ਨੇਟਿਵ ਇਨਫੈਂਟਰੀ ਦੀ ਪਹਿਲੀ ਰੈਜੀਮੈਂਟ ਦੀ ਦੂਜੀ ਬਟਾਲੀਅਨ ਦੇ ਲਗਭਗ 500 ਸਿਪਾਹੀ, ਕੈਪਟਨ ਫਰਾਂਸਿਸ ਸਟੌਨਟਨ ਦੀ ਅਗਵਾਈ ਵਿੱਚ ਲੈਫਟੀਨੈਂਟ ਅਤੇ ਐਡਜੂਟੈਂਟ ਪੈਟੀਸਨ, ਲੈਫਟੀਨੈਂਟ ਜੋਨਸ, ਸਹਾਇਕ ਸਰਜਨ ਵਿੰਗੇਟ, ਲੈਫਟੀਨੈਂਟ ਸਵੈਨਸਟਨ ਦੇ ਅਧੀਨ ਲੱਗਭੱਗ 300 ਸਹਾਇਕ ਘੋੜਸਵਾਰ ਅਤੇ ਹੋਰ ਅਧਿਕਾਰੀ ਸ਼ਾਮਲ ਸਨ। ਲੈਫਟੀਨੈਂਟ ਚਿਸ਼ੋਲਮ ਦੀ ਅਗਵਾਈ ਵਿੱਚ ਦੋ 6 ਪਾਊਂਡਰ ਤੋਪਾਂ ਵਾਲੇ 24 ਯੂਰਪੀਅਨ ਅਤੇ 4 ਮੂਲ ਮਦਰਾਸ ਦੇ ਤੋਪਖਾਨੇ ਅਤੇ ਚਿਸ਼ੋਲਮ ਤੋਂ ਇਲਾਵਾ ਅਸਿਸਟੈਂਟ ਕਰਜਨ ਵਾਈਲੀ ਜਾਂ ਵਿਲਡੀ ਤੋਪਖਾਨੇ ਵਿਚ ਇਕਲੌਤਾ ਅਧਿਕਾਰੀ ਸ਼ਾਮਲ ਸੀ। ਭਾਰਤੀ ਮੂਲ ਦੇ ਕੰਪਨੀ ਫੌਜਾਂ ਵਿੱਚ ਮਹਾਰ, ਮਰਾਠੇ, ਰਾਜਪੂਤ, ਮੁਸਲਮਾਨ ਅਤੇ ਯਹੂਦੀ ਸ਼ਾਮਲ ਸਨ। ਕੈਪਟਨ ਸਟੌਨਟਨ ਨੇ ਭੀਮਾ ਨਦੀ ਨੂੰ ਪਾਰ ਕਰਨ ਦੀ ਯੋਜਨਾ ਬਣਾਈ। 5000 ਮਜ਼ਬੂਤ ਪੈਦਲ ਫੌਜ, ਜੋ ਕਿ ਪੇਸ਼ਵਾ ਦੇ ਅੱਡੇ ਤੋਂ ਥੋੜ੍ਹਾ ਅੱਗੇ ਸੀ, ਬ੍ਰਿਟਿਸ਼ ਫੌਜਾਂ ਦੀ ਮੌਜੂਦਗੀ ਬਾਰੇ ਸੂਚਿਤ ਕਰਨ ਲਈ ਪਿੱਛੇ ਹਟ ਗਈ। ਇਸ ਦੌਰਾਨ ਸਟੌਨਟਨ ਨੇ ਨਦੀ ਪਾਰ ਕਰਨ ਦੀ ਬਜਾਏ ਕੋਰੇਗਾਓਂ ਵਿੱਚ ਆਪਣੀਆਂ ਫੌਜਾਂ ਤਾਇਨਾਤ ਕੀਤੀਆਂ। ਉਸ ਨੇ ਹਥਿਆਰਾਂ ਲਈ ਇੱਕ ਮਜ਼ਬੂਤ ਸੁਰੱਖਿਅਤ ਯੋਜਨਾਬੰਦੀ ਕੀਤੀ। ਉਹਨਾਂ ਵਿੱਚੋਂ ਇੱਕ ਨੂੰ ਭੀਮਾ ਨਦੀ, ਜੋ ਕਿ ਲਗਭਗ ਸੁੱਕੀ ਹੀ ਸੀ ਅਤੇ ਸ਼ਿਰੂਰ ਤੋਂ ਸੜਕ ਦੀ ਰਾਖੀ ਲਈ ਸੁਰੱਖਿਆ ਫੋਰਸ ਨੂੰ ਤਾਇਨਾਤ ਕੀਤਾ ਗਿਆ। ਆਪਣੀ 5000 ਮਜ਼ਬੂਤ ਪੈਦਲ ਫੌਜ ਦੀ ਵਾਪਸੀ ਤੋਂ ਬਾਅਦ ਪੇਸ਼ਵਾ ਨੇ ਅਰਬੀ, ਗੋਸਾਈਂ ਅਤੇ ਮਰਾਠਾ ਸਿਪਾਹੀਆਂ ਦੇ ਤਿੰਨ ਪੈਦਲ ਦਲਾਂ ਨੂੰ ਰਵਾਨਾ ਕੀਤਾ । ਹਰੇਕ ਦਲ ਵਿੱਚ ਲੱਗਭੱਗ 300 ਤੋਂ 600 ਸਿਪਾਹੀ ਸ਼ਾਮਲ ਸਨ। ਕੰਪਨੀ ਦੀਆਂ ਫੌਜਾਂ ਨੇ ਸਫਲਤਾਪੂਰਵਕ ਪਿੰਡ ਦੀ ਰੱਖਿਆ ਕੀਤੀ। ਪੇਸ਼ਵਾ ਦੀਆਂ ਫ਼ੌਜਾਂ ਨੇ ਗੋਲੀਬਾਰੀ ਬੰਦ ਕਰ ਦਿੱਤੀ ਅਤੇ ਜਨਰਲ ਜੋਸਫ਼ ਸਮਿਥ ਦੇ ਅਧੀਨ ਬ੍ਰਿਟਿਸ਼ ਫ਼ੌਜ ਦੇ ਨੇੜੇ ਆਉਣ ਦੇ ਡਰ ਤੋਂ ਰਾਤ 9 ਵਜੇ ਤੱਕ ਪਿੰਡ ਛੱਡ ਦਿੱਤਾ। 02 ਜਨਵਰੀ ਦੀ ਰਾਤ ਨੂੰ ਸਟੌਨਟਨ ਨੇ ਪਹਿਲਾਂ ਪੁਣੇ ਦੀ ਦਿਸ਼ਾ ਵਿੱਚ ਜਾਣ ਦਾ ਦਿਖਾਵਾ ਕੀਤਾ, ਪਰ ਫਿਰ ਆਪਣੇ ਜ਼ਿਆਦਾਤਰ ਜ਼ਖਮੀ ਸਿਪਾਹੀਆਂ ਨੂੰ ਨਾਲ ਲੈ ਕੇ ਸ਼ਿਰੂਰ ਵੱਲ ਕੂਚ ਕੀਤਾ। ਲੰਡਨ ਗਜ਼ਟ ਅਨੁਸਾਰ ਬੰਬੇ ਨੇਟਿਵ ਇਨਫੈਂਟਰੀ ਦੀ ਦੂਜੀ ਬਟਾਲੀਅਨ 1 ਰੈਜੀਮੈਂਟ ਦੀ ਕਮਾਂਡ ਕਰ ਰਹੇ ਕੈਪਟਨ ਸਟੌਨਟਨ ਖੁਸ਼ਕਿਸਮਤੀ ਨਾਲ ਸਫਲ ਹੋ ਗਏ ਸਨ। 125 ਜ਼ਖਮੀਆਂ ਦੇ ਨਾਲ ਕੁਝ ਨੂੰ ਉੱਥੇ ਛੱਡ ਕੇ ਸੇਰੂਰ ਵੱਲ ਵਾਪਸ ਮਾਰਚ ਸ਼ੁਰੂ ਕਰਨ ਲਈ ਪੇਸ਼ਵਾ ਜਨਰਲ ਸਮਿਥ ਦਾ ਪਿੱਛਾ ਕਰਦੇ ਹੋਏ ਦੱਖਣ ਵੱਲ ਵਧਿਆ। ਕੰਪਨੀ ਦੇ 834 ਸੈਨਿਕਾਂ ਵਿੱਚੋਂ 275 ਮਾਰੇ ਗਏ ਅਤੇ ਮਰਨ ਵਾਲਿਆਂ ਵਿੱਚ ਦੋ ਅਧਿਕਾਰੀ ਵੀ ਸ਼ਾਮਲ ਸਨ। ਪੈਦਲ ਸੈਨਿਕਾਂ ਵਿੱਚੋ 50 ਮਾਰੇ ਗਏ ਅਤੇ 105 ਜ਼ਖਮੀ ਹੋਏ। ਤੋਪਖਾਨੇ ਵਿੱਚੋਂ 12 ਮਾਰੇ ਗਏ ਅਤੇ 8 ਜ਼ਖਮੀ ਹੋ ਗਏ। ਭਾਰਤੀ ਮੂਲ ਦੇ ਮਰੇ ਹੋਏ ਕੰਪਨੀ ਸਿਪਾਹੀਆਂ ਵਿੱਚ 22 ਮਹਾਰ, 16 ਮਰਾਠੇ, 8 ਰਾਜਪੂਤ, 2 ਮੁਸਲਮਾਨ ਅਤੇ 1-2 ਯਹੂਦੀ ਸ਼ਾਮਲ ਸਨ। ਅਨੁਮਾਨ ਅਨੁਸਾਰ ਪੇਸ਼ਵਾ ਦੇ ਲਗਭਗ 500 ਤੋਂ 600 ਸਿਪਾਹੀ ਲੜਾਈ ਵਿੱਚ ਮਾਰੇ ਗਏ ਜਾਂ ਜ਼ਖਮੀ ਹੋਏ ਸਨ। ਮਾਊਂਟ ਸਟੂਅਰਟ ਐਲਫਿੰਸਟਨ, ਜਿਸ ਨੇ ਦੋ ਦਿਨ ਬਾਅਦ 3 ਜਨਵਰੀ 1818 ਨੂੰ ਕੋਰੇਗਾਓਂ ਦਾ ਦੌਰਾ ਕੀਤਾ ਸੀ, ਨੇ ਲਿਖਿਆ ਕਿ ਘਰ ਸਾੜ ਦਿੱਤੇ ਗਏ ਸਨ ਅਤੇ ਗਲੀਆਂ, ਘੋੜਿਆਂ ਅਤੇ ਆਦਮੀਆਂ ਦੀਆਂ ਲਾਸ਼ਾਂ ਨਾਲ ਭਰੀਆਂ ਸਨ। ਪਿੰਡ ਵਿੱਚ 50 ਦੇ ਕਰੀਬ ਲਾਸ਼ਾਂ ਪਈਆਂ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੇਸ਼ਵਾ ਦੇ ਅਰਬੀ ਸੈਨਿਕਾਂ ਦੀਆਂ ਸਨ। ਪਿੰਡ ਦੇ ਬਾਹਰ ਛੇ ਲਾਸ਼ਾਂ ਪਈਆਂ ਸਨ। ਇਸ ਤੋਂ ਇਲਾਵਾ ਇੱਥੇ 50 ਮੂਲ ਸਿਪਾਹੀਆਂ, 11 ਯੂਰਪੀਅਨ ਸਿਪਾਹੀਆਂ ਅਤੇ ਕੰਪਨੀ ਬਲਾਂ ਨਾਲ ਸੰਬੰਧਤ 2 ਮ੍ਰਿਤਕ ਅਫਸਰਾਂ ਦੀਆਂ ਕਬਰਾਂ ਸਨ। ਜਦੋਂ ਐਲਫਿੰਸਟਨ ਨੇ ਲੜਾਈ ਦੇ ਮੈਦਾਨ ਦਾ ਦੌਰਾ ਕੀਤਾ ਤਾਂ ਉਸ ਨੇ ਦੇਖਿਆ ਕਿ ਕੰਪਨੀ ਦੇ ਸਿਪਾਹੀ ਪੂਰੀ ਤਰ੍ਹਾਂ ਆਪਣਾ ਮਨੋਬਲ ਗੁਆ ਚੁੱਕੇ ਸਨ ਅਤੇ ਮਿਲ ਰਹੀ ਪ੍ਰਸੰਸਾ ਨੂੰ ਮੰਨਣ ਤੋਂ ਘਬਰਾ ਰਹੇ ਸਨ। ਜਨਰਲ ਸਮਿਥ 3 ਜਨਵਰੀ ਨੂੰ ਕੋਰੇਗਾਓਂ ਪਹੁੰਚਿਆ, ਪਰ ਇਸ ਸਮੇਂ ਤੱਕ ਪੇਸ਼ਵਾ ਪਹਿਲਾਂ ਹੀ ਇਲਾਕਾ ਛੱਡ ਚੁੱਕਾ ਸੀ। ਜਨਰਲ ਪ੍ਰਿਟਜ਼ਿਲਰ ਦੀ ਅਗਵਾਈ ਵਾਲੀ ਇੱਕ ਕੰਪਨੀ ਫੋਰਸ ਨੇ ਪੇਸ਼ਵਾ ਦਾ ਪਿੱਛਾ ਕੀਤਾ, ਜਿਸ ਨੇ ਮੈਸੂਰ ਵੱਲ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਜਨਰਲ ਸਮਿਥ ਨੇ ਰਾਜਧਾਨੀ ਸਤਾਰਾ ਉੱਤੇ ਕਬਜ਼ਾ ਕਰ ਲਿਆ। ਸਮਿਥ ਨੇ 19 ਫਰਵਰੀ 1818 ਨੂੰ ਇੱਕ ਲੜਾਈ ਵਿੱਚ ਪੇਸ਼ਵਾ ਨੂੰ ਰੋਕਿਆ ਅਤੇ ਇਸ ਕਾਰਵਾਈ ਵਿੱਚ ਬਾਪੂ ਜੀ ਗੋਖਲੇ ਮਾਰਿਆ ਗਿਆ। ਪੇਸ਼ਵਾ ਫਿਰ ਭੱਜ ਗਿਆ, ਜਦੋਂ ਕਿ ਉਸ ਦੇ ਜਗੀਰਦਾਰਾਂ ਨੇ ਕੰਪਨੀ ਦੀ ਅਧੀਨਗੀ ਸਵੀਕਾਰ ਕਰ ਲਈ। ਬ੍ਰਿਟਿਸ਼ ਨਿਵਾਸੀਆਂ ਨੂੰ ਦਿੱਤੀ ਗਈ ਰਿਪੋਰਟ ਸਿਪਾਹੀਆਂ ਦੀ ਬਹਾਦਰੀ, ਸਹਿਣਸ਼ੀਲਤਾ, ਅਨੁਸ਼ਾਸਿਤ, ਨਿਡਰਤਾ ਅਤੇ ਉਹਨਾਂ ਦੇ ਕੰਮਾਂ ਦੀ ਸਮਰਪਣ ਦਲੇਰੀ ਅਤੇ ਪ੍ਰਸੰਸਾਯੋਗ ਨਿਰੰਤਰਤਾ ਨੂੰ ਦੱਸਦੀ ਹੈ। ਕੈਪਟਨ ਸਟੌਨਟਨ ਨੂੰ ਭਾਰਤ ਦੇ ਗਵਰਨਰ ਜਨਰਲ ਦਾ ਆਨਰੇਰੀ ਸਹਾਇਕ-ਡੀ-ਕੈਂਪ ਨਿਯੁਕਤ ਕੀਤਾ ਗਿਆ ਸੀ। ਕੋਰਟ ਆਫ਼ ਡਾਇਰੈਕਟਰਜ਼ ਨੇ ਉਸ ਨੂੰ ਇੱਕ ਤਲਵਾਰ ਅਤੇ 500 ਸੋਨੇ ਦੇ ਸਿੱਕੇ ਪੇਸ਼ ਕੀਤੇ। 1823 ਵਿੱਚ ਉਹ ਇੱਕ ਮੇਜਰ ਬਣ ਗਿਆ ਅਤੇ ਉਸ ਨੂੰ ਸਭ ਤੋਂ ਮਾਣਯੋਗ ਮਿਲਟਰੀ ਆਰਡਰ ਦਾ ਸਾਥੀ ਨਿਯੁਕਤ ਕੀਤਾ ਗਿਆ। ਜਨਰਲ ਥਾਮਸ ਹਿਸਲੋਪ ਨੇ ਇਸ ਲੜਾਈ ਨੂੰ ਫੌਜ ਦੇ ਇਤਿਹਾਸ ਵਿੱਚ ਦਰਜ ਕੀਤੀ ਗਈ ਸਭ ਤੋਂ ਬਹਾਦਰੀ ਅਤੇ ਸ਼ਾਨਦਾਰ ਪ੍ਰਾਪਤੀਆਂ ਵਿੱਚੋਂ ਇੱਕ ਕਿਹਾ। ਐੱਮ.ਐੱਸ. ਨਰਵਾਣੇ ਅਨੁਸਾਰ ਇੱਕ ਭਾਰੀ ਮਰਾਠਾ ਫੋਰਸ ਦੇ ਵਿਰੁੱਧ ਕੰਪਨੀ ਦੀਆਂ ਥੋੜ੍ਹੀਆਂ ਜਿਹੀਆਂ ਫੌਜਾਂ ਦੁਆਰਾ ਬਹਾਦਰੀ ਨਾਲ ਬਚਾਅ ਕਰਨਾ ਕੰਪਨੀ ਦੀਆਂ ਫੌਜਾਂ ਦੇ ਇਤਿਹਾਸ ਵਿੱਚ ਬਹਾਦਰੀ ਅਤੇ ਦ੍ਰਿੜ੍ਹਤਾ ਦੀਆਂ ਸਭ ਤੋਂ ਸ਼ਾਨਦਾਰ ਉਦਾਹਰਣਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਇਹ ਲੜਾਈ ਤੀਜੀ ਐਂਗਲੋ-ਮਰਾਠਾ ਯੁੱਧ ਵਿੱਚ ਲੜੀਆਂ ਜਾਣ ਵਾਲੀਆਂ ਆਖਰੀ ਲੜਾਈਆਂ ਵਿੱਚੋਂ ਇੱਕ ਸੀ, ਜਿਸ ਨੂੰ ਪੇਸ਼ਵਾ ਦੀ ਹਾਰ ਦੇ ਨਾਲ ਯੁੱਧ ਖਤਮ ਹੋਣ ਤੋਂ ਬਾਅਦ ਕੰਪਨੀ ਦੀ ਜਿੱਤ ਵਜੋਂ ਜਾਣਿਆ ਜਾਂਦਾ ਹੈ। ਆਪਣੇ ਸ਼ਹੀਦ ਹੋਏ ਸਿਪਾਹੀਆਂ ਦੀ ਯਾਦ ਵਿੱਚ ਈਸਟ ਇੰਡੀਆ ਕੰਪਨੀ ਨੇ ਕੋਰੇਗਾਓਂ ਵਿੱਚ ਇੱਕ ਜਿੱਤ ਦਾ ਥੰਮ੍ਹ ਬਣਾਇਆ। ਜਾਤ ਆਧਾਰਿਤ ਸਮਾਜ ਵਿੱਚ ਮਹਾਰਾਂ ਨੂੰ ਵੀ ਸ਼ੂਦਰ ਮੰਨਿਆ ਜਾਂਦਾ ਸੀ। ਪੇਸ਼ਵਾ ਜੋ ਉੱਚ-ਜਾਤੀ ਨਾਲ ਸਬੰਧਤ ਸਨ, ਸ਼ੂਦਰਾਂ ਨਾਲ ਦੁਰਵਿਹਾਰ ਅਤੇ ਅੱਤਿਆਚਾਰ ਕਰਦੇ ਸਨ। ਦਲਿਤਾਂ ਨੇ ਆਜ਼ਾਦੀ ਤੋਂ ਬਾਅਦ ਕੋਰੇਗਾਂਵ ਦੇ ਇਸ ਵਿਜੇ ਥੰਮ੍ਹ ਨੂੰ ਉੱਚ-ਜਾਤੀ ਦੇ ਜ਼ੁਲਮ 'ਤੇ ਆਪਣੀ ਜਿੱਤ ਦੇ ਪ੍ਰਤੀਕ ਵਜੋਂ ਦੇਖਿਆ ਅਤੇ ਮੰਨਿਆ ਹੈ। ਡਾਕਟਰ ਭੀਮ ਰਾਓ ਅੰਬੇਡਕਰ ਨੇ 01 ਜਨਵਰੀ 1927 ਨੂੰ ਇਸ ਜਗ੍ਹਾ ਦਾ ਦੌਰਾ ਕੀਤਾ ਸੀ।

**# ਸੰਪਰਕ : 94175-63054**

1 Jan Page 5.qxd 12/31/2025 10:45 PM Page 1



## ਮੁਕੇਸ਼ ਮਲੌਦ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਸਰਕਾਰ ਤੇ ਪ੍ਰਸ਼ਾਸਨ ਦੀਆਂ ਅਰਥੀਆਂ ਸਾੜੀਆਂ

**ਨਾਭਾ (ਵਰਿੰਦਰ ਵਰਮਾ)** ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਦਿੱਲੀ ਵਿੱਚ ਪੰਜਾਬ ਪੁਲਸ ਵੱਲੋਂ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਜਥੇਬੰਦੀ ਵੱਲੋਂ ਦਿੱਤੇ ਸੱਦੇ ਅਨੁਸਾਰ ਨਾਭਾ ਬਲਾਕ ਦੇ ਪਿੰਡ ਕਕਰਾਲਾ, ਬਿਨਾਹੇੜੀ, ਬੋੜਾਂ ਕਲਾਂ ਅਤੇ ਮੰਡੌੜ ਵਿੱਚ ਵਿਆਪਕ



ਰੋਸ ਪ੍ਰਦਰਸ਼ਨ ਕੀਤੇ ਗਏ।ਕਾਰਕੁੰਨਾਂ ਨੇ ਪੰਜਾਬ ਸਰਕਾਰ ਤੇ ਸੰਗਰੂਰ ਪ੍ਰਸ਼ਾਸਨ ਦੀਆਂ ਅਰਥੀਆਂ (ਪੁਤਲੇ) ਸਾੜ ਕੇ ਤਿੱਖਾ ਵਿਰੋਧ ਦਰਜ ਕੀਤਾ ਤੇ ਨਾਅਰੇਬਾਜ਼ੀ ਕਰਦਿਆਂ ਮੁਕੇਸ਼ ਮਲੌਦ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਗਈ।ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਸਕੱਤਰ ਨੇ ਕਿਹਾ ਕਿ ਮੁਕੇਸ਼ ਮਲੌਦ ਦੀ ਗ੍ਰਿਫ਼ਤਾਰੀ ਪੰਜਾਬ ਵਿੱਚ ਦਲਿਤਾਂ ਅਤੇ ਜ਼ਮੀਨਹੀਣਾਂ ਦੇ ਜ਼ਮੀਨੀ ਹੱਕਾਂ ਲਈ ਚੱਲ ਰਹੇ ਸੰਘਰਸ਼ ਨੂੰ ਕੁਚਲਣ ਦੀ ਸਾਜ਼ਿਸ਼ ਹੈ, ਜਿਸ ਤੋਂ ਪੰਜਾਬ ਸਰਕਾਰ ਦਾ ਦੋਗਲਾ ਚਿਹਰਾ ਨੰਗਾ ਹੋ ਚੁੱਕਿਆ ਹੈ। ਇੱਕ ਪਾਸੇ ਸਰਕਾਰ ਮਨਰੇਗਾ ਦੇ ਨਵੇਂ ਕਾਨੂੰਨ ਦੇ ਖ਼ਿਲਾਫ਼ ਵਿੱਚ ਮਜ਼ਦੂਰ ਹਿਤੈਸ਼ੀ ਹੋਣ ਦਾ ਢੋਂਗ ਕਰ ਰਹੀ ਹੈ, ਦੂਜੇ ਪਾਸੇ ਦਲਿਤਾਂ ਦੇ ਮਸੀਹਾ ਬੇਜ਼ਮੀਨੇ ਦਲਿਤਾਂ ਦੇ ਹੱਕਾਂ ਲਈ ਲੜਨ ਵਾਲੇ ਪ੍ਰਧਾਨ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਪੰਜਾਬ ਸਰਕਾਰ ਅਤੇ ਸੰਗਰੂਰ ਪ੍ਰਸ਼ਾਸਨ ਦੀਆਂ ਅਰਥੀਆਂ ਸਾੜਦੇ ਹੋਏ ਮੰਗ ਕੀਤੀ ਹੈ ਕਿ ਮਜ਼ਦੂਰਾਂ ਨੂੰ ਆਗੂ ਰਹਿਤ ਕਰਨ ਦੀ ਨੀਤੀ ਬੰਦ ਕੀਤੀ ਜਾਵੇ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸਾਰੇ ਮੈਂਬਰਾਂ ਖ਼ਿਲਾਫ਼ ਝੂਠੇ ਕੇਸ ਵਾਪਸ ਲਏ ਜਾਣ। ਪ੍ਰਦਰਸ਼ਨਾਂ ਵਿੱਚ ਵੱਡੀ ਗਿਣਤੀ 'ਚ ਪਿੰਡਾਂ ਵਿੱਚੋਂ ਮਜ਼ਦੂਰਾਂ ਨੇ ਹਿੱਸਾ ਲਿਆ।ਜਥੇਬੰਦੀ ਨੇ ਐਲਾਨ ਕੀਤਾ ਕਿ ਜੇਕਰ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾਅ ਨਹੀਂ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।

## ਡੀ ਏ ਵੀ ਕਾਲਜ 'ਚ ਔਰਤਾਂ ਲਈ ਸਿਹਤ ਤੇ ਰੁਜ਼ਗਾਰ ਕੈਂਪ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਬੇਟੀ ਬਚਾਓ, ਬੇਟੀ ਪੜ੍ਹਾਓ ਅਭਿਆਨ ਤਹਿਤ ਔਰਤਾਂ ਦੇ ਅਧਿਕਾਰਾਂ ਪ੍ਰਤੀ ਅਤੇ ਲੜਕੇ -ਲੜਕੀਆਂ ਨੂੰ ਬਰਾਬਰਤਾ ਦਾ ਹੱਕ ਦੇਣ ਪ੍ਰਤੀ ਜਾਗਰੂਕਤਾ ਪੈਦਾ ਕਰਨ ਹਿੱਤ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਮੁੱਖ ਮਹਿਮਾਨ ਵੱਜੋਂ ਹਲਕਾ ਵਿਧਾਇਕ ਅਬੋਹਰ ਅਰੁਣ ਨਾਰੰਗ, ਜ਼ਿਲ੍ਹਾ ਪਲਾਨਿੰਗ ਬੋਰਡ ਚੇਅਰਮੈਨ ਉਪਕਾਰ ਸਿੰਘ ਜਾਖੜ ਵਜੋਂ ਸ਼ਿਰਕਤ ਕੀਤੀ ਗਈ।ਵਿਸ਼ੇਸ਼ ਮਹਿਮਾਨ ਵਜੋਂ ਵਧੀਕ ਡਿਪਟੀ ਕਮਿਸ਼ਨਰ (ਵਿ) ਸ੍ਰੀ ਸੁਭਾਸ਼ ਚੰਦਰ, ਤਹਿਸੀਲ ਭਲਾਈ ਅਫਸਰ ਸ੍ਰੀ ਅਸ਼ੋਕ ਕੁਮਾਰ ਪਹੁੰਚੇ।ਮੁੱਖ ਮਹਿਮਾਨ ਅਰੁਣ ਨਾਰੰਗ ਵੱਲੋਂ ਪ੍ਰੋਗਰਾਮ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਸਮਾਜ ਦੀ ਬਿਹਤਰੀ ਤੇ ਵਿਕਾਸ ਵਿਚ ਔਰਤਾਂ ਦਾ ਅਹਿਮ ਰੋਲ ਹੈ। ਉਨ੍ਹਾਂ ਕਿਹਾ ਕਿ ਲੜਕੀਆਂ ਨੇ ਹਰ ਖੇਤਰ ਵਿਚ ਮੱਲਾਂ ਮਾਰਦਿਆਂ ਆਪਣੀ ਮਿਸਾਲ ਪੇਸ਼ ਕੀਤੀ ਹੈ। ਚੇਅਰਮੈਨ ਉਪਕਾਰ ਸਿੰਘ ਜਾਖੜ ਨੇ ਕਿਹਾ ਕਿ ਔਰਤਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਲਈ ਵਿਸ਼ੇਸ਼ ਸਕੀਮਾਂ ਤੇ ਯੋਜਨਾਵਾਂ ਚਲਾ ਕੇ ਸਿਹਤ ਦੇ ਨਾਲ-ਨਾਲ ਆਰਥਿਕ ਸਹਾਇਤਾ ਵੀ ਮੁਹਈਆ ਕਰਾਈ ਜਾ ਰਹੀ ਹੈ। ਇਸ ਤੋਂ ਇਲਾਵਾ ਔਰਤਾਂ ਲਈ ਰੋਜ਼ਗਾਰ ਦੇ ਵਸੀਲੇ ਪੈਦਾ ਕਰਨ ਹਿੱਤ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਨਾਲ ਔਰਤਾਂ ਆਪਣੇ ਪਰਿਵਾਰ ਦੀ ਆਮਦਨ ਤੇ ਆਰਥਿਕ ਸਥਿਤੀ ਨੂੰ ਮਜ਼ਬੂਤ ਕਰ ਰਹੀਆਂ ਹਨ। ਸਿਹਤ ਵਿਭਾਗ ਵੱਲੋਂ ਹਾਜ਼ਰ ਨੁਮਾਇੰਦੇ ਵੱਲੋਂ ਕਿਹਾ ਕਿ ਲੜਕੇ-ਲੜਕੀ ਦੇ ਫ਼ਰਕ ਨੂੰ ਖਤਮ ਕਰਦਿਆਂ ਬਰਾਬਰਤਾ ਦੇ ਅਧਿਕਾਰ ਨੂੰ ਤਰਜੀਹ ਦੇਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਬਰਾਬਰਤਾ ਦੇ ਅਧਿਕਾਰ ਨੂੰ ਮੁੱਖ ਰੱਖਦਿਆਂ ਹੋਇਆ ਖੁਸ਼ਹਾਲ ਪੰਜਾਬ ਦੀ ਪ੍ਰਾਪਤੀ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ।ਇਸ ਦੌਰਾਨ ਪਹਿਲਾਂ ਮੁੱਖ ਮਹਿਮਾਨਾਂ ਵੱਲੋਂ ਵੱਖ-ਵੱਖ ਵਿਭਾਗਾਂ ਵੱਲੋਂ ਲਾਈਆਂ ਪ੍ਰਦਰਸ਼ਨੀਆਂ, ਜਿਸ 'ਚ ਸਵੈ ਸਹਾਇਤਾ ਸਮੂਹ, ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਵਨ ਸਟਾਪ ਸਖੀ ਸੈਂਟਰ, ਆਈ.ਸੀ.ਡੀ.ਐਸ., ਬਾਗਬਾਨੀ ਵਿਭਾਗ, ਸਿਹਤ ਵਿਭਾਗ, ਪੈਨਸ਼ਨ ਵਿਭਾਗ ਆਦਿ ਵੱਲੋਂ ਆਪੋ-ਆਪਣੇ ਵਿਭਾਗ ਦੀਆਂ ਸਕੀਮਾਂ ਤੇ ਯੋਜਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਇਸ ਮੌਕੇ ਜ਼ਿਲ੍ਹਾ ਪਰਸ਼ਨ ਸ੍ਰੀ ਭੁਪਿੰਦਰ ਉਤਰੇਜਾ ਵੱਲੋਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਚਲਾਈ ਜਾ ਰਹੀ ਨਸ਼ਿਆਂ ਖਿਲਾਫ ਮੁਹਿੰਮ ਬਾਰੇ ਵੀ ਸਾਰਿਆਂ ਨੂੰ ਜਾਣੂ ਕਰਾਇਆ।ਜ਼ਿਲ੍ਹਾ ਪ੍ਰੋਗਰਾਮ ਅਫਸਰ ਫਾਜ਼ਿਲਕਾ ਸ਼੍ਰੀਮਤੀ ਅਨੁਪ੍ਰਿਆ ਸਿੰਘ ਤੇ ਬਾਲ ਵਿਕਾਸ ਪ੍ਰੋਜੈਕਟ ਅਫਸਰ ਅਬੋਹਰ-1 ਨਵਦੀਪ ਕੌਰ ਵੱਲੋਂ ਇਸ ਪ੍ਰੋਗਰਾਮ ਵਿਖੇ ਪਹੁੰਚਣ ਤੇ ਮੁੱਖ ਮਹਿਮਾਨ ਸਮੇਤ ਸਮੂਹ ਹਾਜ਼ਰੀਨ ਦਾ ਧੰਨਵਾਦ ਪ੍ਰਗਟ ਕੀਤਾ।

## ਦੋਸਤੀ ਰੂਹ ਦੀ ਖ਼ੁਰਾਕ

ਕਿਸੇ ਦੇਸ਼ ਵਿੱਚ ਇੱਕ ਰਾਜਾ ਰਹਿੰਦਾ ਸੀ। ਇਕਲੌਤਾ ਬੇਟਾ ਸੀ। ਬਚਪਨ ਵਿੱਚੋਂ ਮਾਰੇ ਬੇਟਾ ਮੰਤਰੀ ਦੇ ਬੇਟੇ ਨਾਲ ਖੇਡਦਾ ਰਹਿੰਦਾ ਸੀ। ਦੋਵੇਂ ਬਹੁਤਾ ਸਮਾਂ ਇਕੱਠੇ ਗੁਜ਼ਾਰਦੇ ਸਨ। ਇੱਕ-ਦੂਜੇ ਦੇ ਘਰ ਵੀ ਜਾਂਦੇ-ਆਉਂਦੇ ਸਨ। ਉਨ੍ਹਾਂ ਦੇ ਮਾਂ-ਬਾਪ ਉਨ੍ਹਾਂ ਦਾ ਪਿਆਰ ਦੇਖ ਕੇ ਬਹੁਤ ਖ਼ੁਸ਼ ਹੁੰਦੇ ਸਨ।



ਉਹ ਇਕੱਠੇ ਪਾਠਸ਼ਾਲਾ ਜਾਂਦੇ ਤੇ ਆਉਂਦੇ, ਇਕੱਠੇ ਬੈਠ ਕੇ ਪੜ੍ਹਾਈ ਕਰਦੇ। ਸਵੇਰੇ-ਸ਼ਾਮ ਉਹ ਖੇਡਣ ਤੇ ਸੈਰ ਕਰਨ ਜਾਂਦੇ ਸਨ। ਦਿਲ ਖਿੱਚਦਾ ਸੀ। ਉਥੇ ਕਈ ਤਰ੍ਹਾਂ ਦੇ ਫੁੱਲਦਾਰ ਪੌਦੇ ਸਨ, ਜਿਨ੍ਹਾਂ ਉੱਤੇ ਰੰਗ-ਬਿਰੰਗੇ ਫੁੱਲ ਲੱਗੇ ਰਹਿੰਦੇ ਸਨ। ਇਨ੍ਹਾਂ ਦੀ ਸੁਗੰਧੀ ਮਾਨਣ ਲਈ ਤਿਤਲੀਆਂ ਤੇ ਭੌਰੇ ਉਨ੍ਹਾਂ ਉੱਤੇ ਬੈਠਦੇ ਤੇ ਉਡਾਰੀਆਂ ਮਾਰਦੇ ਆਲੇ-ਦੁਆਲੇ ਘੁੰਮਦੇ। ਨੇੜੇ ਹੀ ਦਰੱਖਤਾਂ ਉੱਤੇ ਕੋਇਲਾਂ ਗਾਉਂਦੀਆਂ ਤੇ ਹੋਰ ਪੰਛੀ ਚਹਿਚਹਾਉਂਦੇ। ਦੋਵੇਂ ਲੜਕੇ ਸਵੇਰੇ-ਸ਼ਾਮ ਇੱਥੇ ਸੈਰ ਲਈ ਆਉਂਦੇ। ਰਾਜ ਕੁਮਾਰ ਤੇ ਵਜ਼ੀਰ ਦਾ ਬੇਟਾ ਵੀ ਇੱਥੇ ਬਹੁਤ ਸਮਾਂ ਆਨੰਦ ਮਾਣਦੇ।

ਇੱਕ ਦਿਨ ਕਿਸੇ ਵਿਰੋਧੀ ਨੇ ਰਾਜੇ ਦੇ ਕੰਨ ਭਰ ਦਿੱਤੇ ਕਿ ਉਸ ਦੇ ਬੇਟੇ ਦਾ ਵਜ਼ੀਰ ਦੇ ਬੇਟੇ ਨਾਲ ਘੁੰਮਣਾ-ਫਿਰਨਾ ਰਾਜੇ ਦੀ ਸ਼ਾਨ ਦੇ ਉਲਟ ਹੈ। ਵਜ਼ੀਰ ਤੇ ਰਾਜੇ ਦੇ ਰੁਤਬੇ ਵਿੱਚ ਫ਼ਰਕ ਹੁੰਦਾ ਹੈ। ਇਸ ਲਈ ਇਨ੍ਹਾਂ ਦੇ ਬੇਟਿਆਂ ਦੇ ਰਹਿਣ-ਸਹਿਣ ਵਿੱਚ ਫ਼ਰਕ ਹੋਣਾ ਚਾਹੀਦਾ ਹੈ। ਰਾਜੇ ਨੇ ਠੱਗਣੀ ਨੂੰ ਹੁਕਮ ਕੀਤਾ ਕਿ ਦੋਵੇਂ ਲੜਕੇ ਇੱਕ-ਦੂਜੇ ਤੋਂ ਵੱਖਰੇ ਹੋ ਜਾਣ।

ਇੱਕ ਦਿਨ ਜਦੋਂ ਉਹ ਦੋਵੇਂ ਸੈਰ ਲਈ ਪਾਰਕ ਵੱਲ ਜਾ ਰਹੇ ਸਨ ਤਾਂ ਠੱਗਣੀ ਉਨ੍ਹਾਂ ਦੇ ਕੋਲ ਜਾ ਕੇ ਖੜ੍ਹ ਗਈ। ਉਸ ਨੇ ਰਾਜੇ ਦੇ ਬੇਟੇ ਨੂੰ ਪਾਸੇ ਬੁਲਾਇਆ ਤੇ ਫਿਰ ਬਿਨਾਂ ਕੁਝ ਕਹੇ ਵਾਪਸ ਵਜ਼ੀਰ ਦੇ ਬੇਟੇ ਕੋਲ ਭੇਜ ਦਿੱਤਾ। ਵਜ਼ੀਰ ਦੇ ਬੇਟੇ ਨੇ ਉਸ ਨੂੰ ਪੁੱਛਿਆ ਕਿ ਇਸ ਲੜਕੀ ਨੇ ਤੈਨੂੰ ਕੀ ਕਿਹਾ ਹੈ ਤਾਂ ਰਾਜਕੁਮਾਰ ਨੇ ਕਿਹਾ-ਉਸ ਨੇ ਤਾਂ ਮੈਨੂੰ ਕੁਝ ਨਹੀਂ ਕਿਹਾ। ਵਜ਼ੀਰ ਦੇ ਬੇਟੇ ਨੂੰ ਉਸ ਦੇ ਕਹਿਣ 'ਤੇ ਯਕੀਨ ਨਾ ਹੋ ਗਿਆ। ਹੁਣ ਦੋਹਾਂ ਵਿਚਕਾਰ ਪਿਆਰ ਘਟਣ ਲੱਗਾ ਤੇ ਬੋਲਚਾਲ ਬੰਦ ਹੋ ਗਈ। ਉਹ ਖੇਡਣ ਤੇ ਸੈਰ ਕਰਨ ਵੀ ਅਲੱਗ-ਅਲੱਗ ਹੋ ਜਾਂਦੇ।

ਹੌਲੀ-ਹੌਲੀ ਉਨ੍ਹਾਂ ਨੇ ਘੁੰਮਣਾ-ਫਿਰਨਾ ਵੀ ਬਹੁਤ ਘੱਟ ਕਰ ਦਿੱਤਾ। ਹੁਣ ਦੋਵੇਂ ਬਹੁਤ ਉਦਾਸ ਰਹਿਣ ਲੱਗੇ। ਉਹ ਚੁੱਪ-ਚਾਪ ਰਹਿੰਦੇ। ਉਨ੍ਹਾਂ ਦੇ ਸਰੀਰ ਤੇ ਦਿਮਾਗ ਵਿੱਚ ਗਿਰਾਵਟ ਦੇਖ ਕੇ ਮਾਪਿਆਂ ਨੂੰ ਫ਼ਿਕਰ ਮਹਿਸੂਸ ਹੋਣ ਲੱਗਾ।

ਰਾਜੇ ਨੂੰ ਉਨ੍ਹਾਂ ਦੇ ਉਦਾਸ ਰਹਿਣ ਦੇ ਕਾਰਨ ਦਾ ਅਨੁਭਵ ਹੋਇਆ। ਉਨ੍ਹਾਂ ਦੋਹਾਂ ਨੇ ਠੱਗਣੀ ਦੇ ਮਿਲਣ ਵਾਲੀ ਘਟਨਾ ਨੂੰ ਹੀ ਕਾਰਨ ਦੱਸਿਆ।

ਰਾਜੇ ਨੇ ਉਨ੍ਹਾਂ ਨੂੰ ਸਲਾਹ ਦਿੱਤੀ ਕਿ ਉਹ ਉਸ ਘਟਨਾ ਨੂੰ ਭੁੱਲ ਜਾਣ ਤੇ ਪਹਿਲਾਂ ਵਾਂਗ ਹੀ ਇਕੱਠੇ ਰਹਿਣ-ਸਹਿਣ, ਖਾਣ-ਪੀਣ ਤੇ ਇਕੱਠੇ ਹੀ ਜਿੱਥੇ ਮਰਜ਼ੀ ਘੁੰਮਣ-ਫਿਰਨ। ਠੱਗਣੀ ਦੀ ਘਟਨਾ ਬਾਰੇ ਰਾਜੇ ਨੇ ਠੱਗਣੀ ਨੂੰ ਸਜ਼ਾ ਦੇਣ ਦਾ ਭਰੋਸਾ ਦਿਵਾਇਆ, ਪਰ ਪਤਾ ਲੱਗਾ ਕਿ ਠੱਗਣੀ ਤਾਂ ਮਰ ਚੁੱਕੀ ਹੈ।

ਹੁਣ ਦੋਵਾਂ ਮਿੱਤਰਾਂ ਦੇ ਸਰੀਰ, ਦਿਮਾਗ ਤੇ ਹਾਵ-ਭਾਵ ਬਦਲਣ ਲੱਗੇ, ਉਹ ਪਹਿਲਾਂ ਵਾਂਗ ਹੀ ਵਧਣ-ਫੁੱਲਣ ਲੱਗੇ। ਮਾਪਿਆਂ ਨੂੰ ਵੀ ਬੇਟਿਆਂ ਦੇ ਵਿਕਾਸ ਨੂੰ ਦੇਖ ਕੇ ਬਹੁਤ ਖ਼ੁਸ਼ੀ ਹੁੰਦੀ।



ਡਾ: ਨਵਪ੍ਰੀਤ ਕੌਰ
ਐੱਸ.ਐੱਸ. ਮਿਸਟ੍ਰੈੱਸ
82839-59199

## ਕੌਂਸਲਰ ਰਾਜੀਵ ਚੌਧਰੀ ਆਮ ਆਦਮੀ ਪਾਰਟੀ 'ਚ ਸ਼ਾਮਿਲ



**ਧੂਰੀ /ਸੰਗਾਲਾ ( ਰਣਜੀਤ ਸਿੰਘ ਪੇਧਨੀ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਵਿੱਚ ਪਿਛਲੇ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਵਾਰਡ ਨੰਬਰ 4 ਤੋਂ ਕੌਂਸਲਰ ਰਾਜੀਵ ਚੌਧਰੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐਸ ਡੀ ਸੁਖਵੀਰ ਸਿੰਘ ਸੁੱਖੀ ਦੀ ਹਾਜਰੀ ਵਿੱਚ ਆਪ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸੁਖਵੀਰ ਸਿੰਘ ਸੁੱਖੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਲੋਕ ਦੂਸਰੀਆਂ ਪਾਰਟੀਆਂ ਛੱਡ ਕੇ ਆਪ ਮੁਹਾਰੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਮੁੱਖ ਮੰਤਰੀ ਦੇ ਦਫਤਰ ਇੰਚਾਰਜ ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ, ਡਾਕਟਰ ਅਨਵਰ ਭਸੌੜ ਮੈਂਬਰ ਵਕਫ ਬੋਰਡ ਪੰਜਾਬ, ਸਤਿੰਦਰ ਸਿੰਘ ਚੱਠਾ, ਚੇਅਰਮੈਨ ਸ੍ਰੀ ਅਸ਼ੋਕ ਸਿੰਗਲਾ ਲੱਖਾ, ਐਡਵੋਕੇਟ ਹੈਪੀ ਗੋਇਲ, ਹਰਜਿੰਦਰ ਸਿੰਘ ਕਾਂਝਲਾ ਮੈਬਰ ਜਿਲ੍ਹਾ ਪ੍ਰੀਸ਼ਦ, ਬਲਵਿੰਦਰ ਸਿੰਘ ਬਿੱਲੂ, ਨਰੇਸ਼ ਸਿੰਗਲਾ ਜਗਜੀਤ ਸਿੰਘ ਬੱਬੂ , ਜਸਵਿੰਦਰ ਖੁਰਮੀ, ਬਿੱਟੂ ਪੰਚ ਪੇਧਨੀ ਹਾਜਰ ਸਨ।

## ਧੂਰੀ ਸ਼ਹਿਰ ਦੇ 255 ਲਾਭਪਾਤਰੀਆਂ ਨੂੰ ਪੱਕੇ ਮਕਾਨਾਂ ਦੇ ਮਨਜ਼ੂਰੀ ਪੱਤਰ ਸੌਂਪੇ

**ਧੂਰੀ (ਮਨੋਹਰ ਸਿੰਘ ਸੱਗੂ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਅਤੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਮੁੱਖ ਮੰਤਰੀ ਸਹਾਇਤਾ ਕੇਂਦਰ ਵਿਖੇ ਧੂਰੀ ਸ਼ਹਿਰ ਦੇ 255 ਲਾਭਪਾਤਰੀਆਂ ਨੂੰ ਕੱਚੇ ਘਰਾਂ ਨੂੰ ਪੱਕੇ ਕਰਨ ਲਈ ਸਰਕਾਰ ਵੱਲੋਂ ਦਿੱਤੀ ਜਾਂਦੀ ਗ੍ਰਾਂਟ ਦੇ ਪ੍ਰਵਾਨਗੀ ਪੱਤਰਾਂ ਦੀ ਵੰਡ ਕੀਤੀ। ਇਸ ਮੌਕੇ ਸੁਖਵੀਰ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਰਕਾਰੀ ਸਕੀਮਾਂ ਦਾ ਲਾਭ ਹਰੇਕ ਯੋਗ ਲਾਭਪਾਤਰੀ ਨੂੰ ਪੁੱਜਦਾ ਕਰ ਰਹੀ ਹੈ ਤੇ ਕੋਈ ਵੀ ਯੋਗ ਲਾਭਪਾਤਰੀ ਸਰਕਾਰੀ ਸਕੀਮਾਂ ਦਾ ਲਾਭ ਲੈਣ ਤੋਂ ਵਾਂਝਾ ਨਹੀਂ ਰਹੇਗਾ। ਉਨ੍ਹਾਂ ਕਿਹਾ ਕਿ ਅੱਜ 255 ਲਾਭਪਾਤਰੀਆਂ ਨੂੰ ਪਹਿਲੇ ਫ਼ੇਜ਼ ਵਿੱਚ ਮਨਜ਼ੂਰੀ ਪੱਤਰ ਪ੍ਰਦਾਨ ਕੀਤੇ ਗਏ ਹਨ ਅਤੇ ਆਉਂਦੇ ਦਿਨਾਂ ਵਿੱਚ ਰਹਿੰਦੇ 195 ਲਾਭਪਾਤਰੀਆਂ ਨੂੰ ਵੀ ਮਨਜ਼ੂਰੀ ਪੱਤਰ ਸੌਂਪੇ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਲੋੜਵੰਦ ਲਾਭਪਾਤਰੀਆਂ ਨੂੰ ਕਿਸ਼ਤਾਂ ਵਿੱਚ 2 ਲੱਖ 50 ਹਜ਼ਾਰ ਰੁਪਏ ਕੱਚੇ ਘਰਾਂ ਨੂੰ ਪੱਕੇ ਬਣਾਉਣ ਲਈ ਦਿੱਤੇ ਜਾਂਦੇ ਹਨ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਚਹੁੰਪੱਖੀ ਵਿਕਾਸ ਲਈ ਵਚਨਬੱਧ ਹਨ।ਇਸ ਮੌਕੇ ਪੰਜਾਬ ਲਘੂ ਉਦਯੋਗ ਤੇ ਨਿਰਯਾਤ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੇ ਆਪਣੇ ਵਿਧਾਨ ਸਭਾ ਹਲਕੇ ਧੂਰੀ ਦੇ ਵਿਕਾਸ ਲਈ ਪਹਿਲੇ ਦਿਨ ਤੋਂ ਹੀ ਖ਼ਜ਼ਾਨੇ ਦਾ ਮੂੰਹ ਖੋਲ੍ਹਿਆ



ਹੋਇਆ ਹੈ, ਜਿਸ ਸਦਕਾ ਧੂਰੀ ਹਲਕੇ ਦੀ ਪਿਛਲੇ ਪੌਣੇ ਚਾਰ ਸਾਲ ਵਿੱਚ ਕਾਇਆ ਕਲਪ ਹੋਈ ਹੈ। ਇਸ ਮੌਕੇ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਅਸ਼ੋਕ ਕੁਮਾਰ ਲੱਖਾ, ਮੈਂਬਰ ਪੰਜਾਬ ਵਕਫ਼ ਬੋਰਡ ਡਾ. ਅਨਵਰ ਖ਼ਾਨ, ਡਾਇਰੈਕਟਰ ਅਨਿਲ ਮਿੱਤਲ, ਡਾਇਰੈਕਟਰ ਸ਼ੂਗਰ ਫੈਡ ਜਸਪਾਲ ਸਿੰਘ ਭੁੱਲਰ, ਸਤਿੰਦਰ ਸਿੰਘ ਚੱਠਾ, ਸ਼ਾਮ ਸਿੰਗਲਾ, ਬਲਜੀਤ ਕੌਰ, ਅਮਰੀਕ ਸਿੰਘ, ਅਮਰਦੀਪ ਸਿੰਘ ਧਾਂਦਰਾ, ਲਾਭ ਸਿੰਘ, ਪਰਮਿੰਦਰ ਸਿੰਘ ਪੁਨੂੰ, ਗੁਰਿੰਦਰ ਕੌਰ, ਬਲਦੇਵ ਸਿੰਘ, ਸੁਖਪਾਲ ਸਿੰਘ ਪਾਲਾ, ਅਜੈਬ ਸਿੰਘ, ਮਿਲਖ ਰਾਜ, ਵੀਰਭਾਨ, ਨਰੇਸ਼ ਸਿੰਗਲਾ ਸਮੇਤ ਵੱਡੀ ਗਿਣਤੀ ਲਾਭਪਾਤਰੀ ਤੇ ਧੂਰੀ ਵਾਸੀ ਮੌਜੂਦ ਸਨ।

## ਫਿਲੀਪੀਨ ਤੋਂ ਪਰਤੇ ਸਕਾਊਟ ਪ੍ਰਤੀਨਿਧੀਆਂ ਦਾ ਹੋਇਆ ਵਿਸ਼ੇਸ਼ ਸਨਮਾਨ

**ਸਿਰਸਾ (ਸੁਰਿੰਦਰ ਪਾਲ ਸਿੰਘ)**- ਫਿਲੀਪੀਨਜ਼ 'ਚ ਹੋਏ ਅੰਤਰ ਰਾਸ਼ਟਰੀ ਸਕਾਊਟ ਜੰਬੋਰੀ ਵਿੱਚ ਹਰਿਆਣਾ ਦੀ ਪ੍ਰਤੀਨਿਧਤਾ ਕਰਕੇ ਵਾਪਸ ਪਰਤੇ ਡਾ. ਸਿਕੰਦਰ ਸਿੰਘ ਸਿੱਧੂ ਅਤੇ ਡਾ.ਗੁਰਦਾਸ ਸਿੰਘ ਸੋਨੀ ਦਾ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁਨੀਤਾ ਸਾਈਂ ਅਤੇ ਸਿਰਸਾ ਦੀ ਸਕਾਊਟ ਟੀਮ ਵਲੋਂ ਜਿਲ੍ਹਾ ਸਿਖਿਆ ਅਧਿਕਾਰੀ ਦੇ ਦਫਤਰ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਜਿਲ੍ਹਾ ਸਿੱਖਿਆ ਅਧਿਕਾਰੀ ਮੈਡਮ ਸੁਨੀਤਾ ਸਾਈਂ ਅਤੇ ਰਾਜ ਸੰਗਠਨ ਕਮਿਸ਼ਨਰ ਐਲ.ਐਸ. ਵਰਮਾ,ਜ਼ਿਲ੍ਹਾ ਸਕੱਤਰ ਸੁਖਦੇਵ ਸਿੰਘ ਢਿੱਲੋਂ, ਡੀ ਓ ਸੀ ਸਕਾਊਟ ਡਾ.ਇੰਦਰ ਸੈਨ, ਅਤੇ ਡੀ ਓ ਸੀ ਗਾਈਡ ਸਕਾਊਟ ਊਸ਼ਾ ਗੁਪਤਾ ਨੇ ਵਿਸ਼ਵਾਸ਼ ਪ੍ਰਗਟ ਕੀਤਾ ਕਿ ਫਿਲੀਪੀਨਜ਼ ਤੋਂ ਵਾਪਸ ਆਏ ਇਹ ਦੋਵੇਂ ਪ੍ਰਤੀਨਿਧੀ ਜ਼ਿਲ੍ਹੇ ਵਿੱਚ ਸਕਾਊਟਿੰਗ ਗਤੀਵਿਧੀਆਂ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਭਵਿੱਖ ਵਿੱਚ ਅੰਤਰਰਾਸ਼ਟਰੀ ਪਲੇਟਫਾਰਮਾਂ 'ਤੇ ਭਾਰਤ ਦੀ ਸ਼ਾਖ ਨੂੰ ਹੋਰ ਵਧਾਉਣਗੇ। ਇਸ ਮੌਕੇ ਡਾ.ਇੰਦਰ ਸੈਨ ਨੇ ਭਾਰਤ ਸਕਾਊਟ ਅਤੇ ਗਾਈਡਾਂ ਦੇ ਰਾਸ਼ਟਰੀ ਮੁੱਖ ਦਫਤਰ ਦੇ ਸਾਰੇ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿਖਲਾਈ, ਸੱਭਿਆਚਾਰਕ ਆਦਾਨ-ਪ੍ਰਦਾਨ ਅਤੇ ਸੇਵਾ ਨਾਲ ਸਬੰਧਤ ਇਨ੍ਹਾਂ ਤਜ਼ਰਬਿਆਂ ਦੇ ਲਾਭ ਹੁਣ ਜ਼ਿਲ੍ਹਾ ਪੱਧਰੀ ਸਕਾਊਟ-ਗਾਈਡ ਸਿਖਲਾਈ ਪ੍ਰੋਗਰਾਮਾਂ ਵਿੱਚ ਵੀ ਉਪਲਬਧ ਕਰਵਾਵਾਂਗੇ। ਸਰਕਾਰੀ ਸੈਕੰਡਰੀ ਸਕੂਲ ਦੇਸੂ-ਮਲਕਾਣਾ ਦੇ ਪ੍ਰਿੰਸੀਪਲ ਦਵਿੰਦਰ ਸਿੰਘ ਅਤੇ ਸਰਕਾਰੀ ਸੈਕੰਡਰੀ ਸਕੂਲ ਮਸੀਤਾ ਦੇ ਪ੍ਰਿੰਸੀਪਲ ਨਿਰਮਲ ਸਿੰਘ ਦਾ ਕਹਿਣਾ ਸੀ ਕਿ ਅੰਤਰਰਾਸ਼ਟਰੀ ਜੰਬੋਰੀ ਵਿੱਚ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਦੋ ਪ੍ਰਤੀਨਿਧੀ ਡਾ.ਸਿਕੰਦਰ ਸਿੰਘ ਸਿੱਧੂ ਅਤੇ ਡਾ.ਗੁਰਦਾਸ ਸਿੰਘ ਸੋਨੀ ਵਲੋਂ ਭਾਰਤ ਅਤੇ ਹਰਿਆਣਾ ਦੀ ਸੰਗਠਨਾਤਮਕ ਹੁਨਰ ਦਾ ਪ੍ਰਦਰਸ਼ਨ ਸਾਡੇ ਸਭ ਲਈ ਮਾਣ ਵਾਲੀ ਗੱਲ ਹੈ।



## ਨਵੇਂ ਸਾਲ ਦੀ ਆਮਦ 'ਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ : ਢਿੱਲੋਂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਨਵੇਂ ਸਾਲ ਦੀ ਆਮਦ 'ਤੇ 1 ਜਨਵਰੀ 2026 ਨੂੰ ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਦੇ ਆਗੂਆਂ ਤੇ ਵਰਕਰਾਂ ਵਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਹਲਕਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਆਰੰਭ ਕਰ ਦਿੱਤੇ ਗਏ ਹਨ ਅਤੇ 1 ਜਨਵਰੀ ਨੂੰ ਸਵੇਰੇ 9 ਵਜੇ ਭੋਗ ਪਾਏ ਜਾਣਗੇ।ਉਨ੍ਹਾਂ ਦੱਸਿਆ ਕਿ ਪਾਠਾਂ ਦੇ ਭੋਗ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਵੇਗੀ। ਢਿੱਲੋਂ ਨੇ ਦੱਸਿਆ ਕਿ ਰਾਗੀ ਸਿੰਘਾਂ ਵਲੋਂ ਕੀਰਤਨ ਕੀਤਾ ਜਾਵੇਗਾ ਉਪਰੰਤ ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਜਾਵੇਗਾ।

## ਕਾਮਰੇਡ ਫਕੀਰ ਚੰਦ ਸ਼ਰਮਾ ਨੂੰ ਸ਼ਰਧਾਂਜਲੀਆਂ ਭੇਟ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** ਨਾਰਦਨ ਰੇਲਵੇ ਮੈਨਜ਼ ਯੂਨੀਅਨ ਦੇ ਸਾਬਕਾ ਪ੍ਰਧਾਨ ਤੇ ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਦੇ ਸਾਬਕਾ ਪ੍ਰਧਾਨ ਕਾਮਰੇਡ ਫਕੀਰ ਚੰਦ ਸ਼ਰਮਾ ਦੀ 16ਵੀਂ ਬਰਸੀ ਪਿੰਡ ਬਜੀਦਪੁਰ ਵਿਖੇ ਉਨ੍ਹਾਂ ਦੀ ਯਾਦ 'ਚ ਬਣਾਏ ਯਾਦਗਾਰੀ ਹਾਲ ਵਿੱਚ ਮਨਾਈ ਗਈ। ਸ਼ਰਧਾਂਜਲੀ ਸਮਾਰੋਹ ਵਿਚ ਮੁਲਾਜ਼ਮ, ਮਜ਼ਦੂਰ, ਪੈਨਸ਼ਨਰ, ਕਿਸਾਨ, ਸਮਾਜ ਸੇਵੀ ਸੰਸਥਾਵਾਂ ਦੇ ਆਗੂ ਤੇ ਪਿੰਡ ਬਜੀਦਪੁਰ ਦੇ ਵਸਨੀਕ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਸ੍ਰੀ ਸੁਖਮਨੀ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਵੱਖ-ਵੱਖ ਜਥੇਬੰਦੀਆਂ ਦੇ ਆਗੂ ਜਿਨ੍ਹਾਂ ਵਿਚ ਆਲ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ ਫ਼ਿਰੋਜ਼ਪੁਰ ਦੇ ਪ੍ਰਧਾਨ ਸੁਭਾਸ਼ ਸ਼ਰਮਾ, ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਕਨਵੀਨਰ ਸੁਰਿੰਦਰ ਸਿੰਘ, ਨਾਰਦਰਨ ਰੇਲਵੇ ਮੈਨਜ਼ ਯੂਨੀਅਨ ਸੈਂਟਰਲ ਕਮੇਟੀ ਵਾਈਸ ਪ੍ਰਧਾਨ ਪ੍ਰਵੀਨ ਕੁਮਾਰ, ਸੁਰਜੀਤ ਸਿੰਘ ਪ੍ਰਧਾਨ ਕੋਅਪਰੇਟਿਵ ਸੁਸਾਇਟੀ, ਭੁਪਿੰਦਰ ਕੁਮਾਰ ਸਰਪੰਚ ਪਿੰਡ ਬਜੀਦਪੁਰ, ਨਰਿੰਦਰ ਸ਼ਰਮਾ ਮੀਤ ਪ੍ਰਧਾਨ ਪੈਰਾ ਮੈਡੀਕਲ ਯੂਨੀਅਨ, ਕਿਸ਼ਨ ਚੰਦ ਜਾਗੋਵਾਲੀਆ ਪ੍ਰਧਾਨ ਤੇ ਪ੍ਰਤਾਪ ਸਿੰਘ ਢਿੱਲੋ ਜਨਰਲ ਸਕੱਤਰ ਪੰਜਾਬ ਸਟੇਟ ਪੈਨਸ਼ਨਰ ਕਨਫੈਡਰੇਸ਼ਨ, ਸਮਾਜ ਸੇਵੀ ਗੁਰਪ੍ਰੀਤ ਸਿੰਘ ਸੇਖੋ, ਮੰਗਤ ਰਾਮ ਪਟਵਾਰੀ, ਬਲਵੀਰ ਸਿੰਘ ਕੰਬੋਜ਼ ਸੀਨੀਅਰ ਮੀਤ ਪ੍ਰਧਾਨ ਤੇ ਤਰਸੇਮ ਬੇਦੀ ਜ਼ਿਲ੍ਹਾ ਪ੍ਰਧਾਨ ਸਟੇਟ ਕ੍ਰਮਚਾਰੀ ਦਲ, ਗੁਰਨਾਮ ਸਿੰਘ ਸਧਾਰਾ ਪ੍ਰਧਾਨ ਪੰਜਾਬ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ, ਬਲਵੀਰ ਸਿੰਘ ਗੋਖੀਵਾਲਾ ਜੰਗਲਾਤ ਵਿਭਾਗ, ਦਲਜੀਤ ਸਿੰਘ ਯਾਰੇਸ਼ਾਹ ਵਾਲਾ ਚੇਅਰਮੈਨ ਜ਼ਿਲ੍ਹਾ ਪਰਿਸ਼ਦ ਇੰਪਲਾਈਜ਼ ਯੂਨੀਅਨ ਨੇ ਸਵਰਗੀ ਕਾਮਰੇਡ ਫ਼ਕੀਰ ਚੰਦ ਸ਼ਰਮਾ ਵੱਲੋਂ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ ਦੇ ਹਿੱਤਾਂ ਲਈ ਕੀਤੇ ਕੰਮਾਂ ਸੰਘਰਸ਼ਾਂ ਤੇ ਚਾਨਣਾ ਪਾਇਆ ਤੇ ਸ਼ਰਧਾਂਜਲੀਆਂ ਭੇਟ ਕੀਤੀਆਂ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਵਿੱਚ ਜਦੋਂ ਕਿਰਤੀ ਲੋਕਾਂ ਵੱਲੋਂ ਲਹੂ ਵੀਟਵੇ ਸੰਘਰਸ਼ਾਂ ਨਾਲ ਪ੍ਰਾਪਤ ਕੀਤੀਆਂ ਗਈਆਂ ਸਹੂਲਤਾਂ ਲਗਾਤਾਰ ਖੁੱਸ ਰਹੀਆਂ ਤਾਂ ਕਾਮਰੇਡ ਫ਼ਕੀਰ ਚੰਦ ਸ਼ਰਮਾ ਵੱਲੋਂ ਪਾਏ ਪੂਰਨਿਆਂ ਉੱਪਰ ਚੱਲ ਕੇ ਹੀ ਇਨ੍ਹਾਂ ਸਹੂਲਤਾਂ ਨੂੰ ਬਚਾਇਆ ਜਾ ਸਕਦਾ ਹੈ।



## ਲੋਕ ਸੇਵਾ ਸੁਸਾਇਟੀ ਦੀ ਨਵੀਂ ਟੀਮ ਦਾ ਐਲਾਨ, ਮਦਨ ਲਾਲ ਅਰੋੜਾ ਬਣੇ ਪ੍ਰਧਾਨ

**ਜਗਰਾਉਂ (ਸੰਜੀਵ ਅਰੋੜਾ)**- ਜਗਰਾਉਂ ਦੀ ਸਭ ਤੋਂ ਵੱਡੀ ਸਮਾਜ ਸੇਵੀ ਸੰਸਥਾ ਲੋਕ ਸੇਵਾ ਸੁਸਾਇਟੀ ਦੀ ਸਾਲ 2026 ਦੀ ਨਵੀਂ ਟੀਮ ਦਾ ਐਲਾਨ ਕਰ ਦਿੱਤਾ ਗਿਆ ਹੈ। ਸੁਸਾਇਟੀ ਦੇ ਸਦਾ ਬਹਾਰ ਚੇਅਰਮੈਨ ਗੁਲਸ਼ਨ ਅਰੋੜਾ ਦੀ ਅਗਵਾਈ ਵਿੱਚ ਪਿੱਛਲੇ 30 ਸਾਲਾਂ ਤੋਂ ਸਮਾਜ ਸੇਵਾ ਦੇ ਕੰਮਾਂ ਨੂੰ ਕਰਨ ਵਾਲੀ ਸੰਸਥਾ ਲੋਕ ਸੇਵਾ ਸੁਸਾਇਟੀ ਜਗਰਾਉਂ ਦੇ ਨਵੇਂ ਪ੍ਰਧਾਨ ਮਦਨ ਲਾਲ ਅਰੋੜਾ ਚੁਣੇ ਗਏ। ਹੋਟਲ ਫਾਈਵ ਰੀਵਰ ਵਿਖੇ ਸੁਸਾਇਟੀ ਦੇ ਪਰਿਵਾਰਿਕ ਮੈਂਬਰਾਂ ਦੇ ਹੋਏ ਸਾਲਾਨਾ ਸਮਾਗਮ ਸਮੇਂ ਪ੍ਰਧਾਨ ਮਦਨ ਲਾਲ ਅਰੋੜਾ ਤੋਂ ਇਲਾਵਾ ਸਦਾਬਹਾਰ ਚੇਅਰਮੈਨ ਗੁਲਸ਼ਨ ਅਰੋੜਾ, ਸੈਕਟਰੀ ਡਾਕਟਰ ਕੁਲਭੂਸ਼ਨ ਗੁਪਤਾ, ਕੈਸ਼ੀਅਰ ਸੁਨੀਲ ਬਜਾਜ, ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ, ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ ਤੇ ਕੰਵਲ ਕੱਕੜ, ਜੁਆਇੰਟ ਸੈਕਟਰੀ ਮੁਕੇਸ਼ ਗੁਪਤਾ ਜੁਆਇੰਟ ਕੈਸ਼ੀਅਰ ਗੋਪਾਲ ਗੁਪਤਾ, ਵਾਈਸ ਪ੍ਰਧਾਨ ਮੰਗਤ ਰਾਏ ਬਾਂਸਲ, ਕਪਿਲ ਸ਼ਰਮਾ, ਡਾਕਟਰ ਵਿਵੇਕ ਗੋਇਲ, ਪ੍ਰੇਮ ਬਾਂਸਲ ਜਗਦੀਪ ਸਿੰਘ ਸਪੈਸ਼ਲ ਐਡਵਾਈਜ਼ਰ ਟੂ ਪ੍ਰਧਾਨ ਇਕਬਾਲ ਸਿੰਘ ਕਟਾਰੀਆ ਤੇ ਲੋਕੇਸ਼ ਟੰਡਨ, ਫ਼ੰਡ ਰੇਜਿੰਗ ਕਮੇਟੀ ਸਰਜੀਵਨ ਗੁਪਤਾ, ਪ੍ਰਸ਼ੋਤਮ ਅਗਰਵਾਲ ਮੈਡੀਕਲ ਐਡਵਾਈਜ਼ਰ ਗੁਰਦਰਸ਼ਨ ਮਿੱਤਲ, ਪੀ. ਆਰ. ਓ. ਸੁਖਦੇਵ ਗਰਗ, ਨੀਰਜ ਮਿੱਤਲ ਤੇ ਚਰਨਜੀਤ ਸਿੰਘ ਭੰਡਾਰੀ, ਮੈਡੀਕਲ ਕਮੇਟੀ ਡਾਕਟਰ ਬੀ. ਬੀ. ਬਾਂਸਲ, ਰਿਸੈੱਪਸ਼ਨ ਕਮੇਟੀ ਆਰ ਕੇ ਗੋਇਲ, ਜਸਵੰਤ ਸਿੰਘ, ਦਰਸ਼ਨ ਜੁਨੇਜਾ ਪ੍ਰਵੇਸ਼ ਗਰਗ, ਅਨਿਲ ਮਲਹੋਤਰਾ, ਸਟਾਰ ਐਂਟਰਟੇਨਰ ਰਾਜੀਵ ਗੁਪਤਾ, ਪ੍ਰਵੀਨ ਮਿੱਤਲ ਤੇ ਸੁਨੀਲ ਬਜਾਜ ਨੂੰ ਨਿਯੁਕਤ ਕੀਤਾ ਗਿਆ। ਇਸ ਨਵੀਂ ਟੀਮ ਦਾ ਕਾਰਜਕਾਲ ਇੱਕ ਜਨਵਰੀ ਤੋਂ ਸ਼ੁਰੂ ਹੋਵੇਗਾ। ਇਸ ਮੌਕੇ ਚੇਅਰਮੈਨ ਗੁਲਸ਼ਨ ਅਰੋੜਾ ਨੇ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਸੁਸਾਇਟੀ ਵੱਲੋਂ ਲਾਏ ਜਾਂਦੇ ਸਮਾਜ ਸੇਵੀ ਪ੍ਰੋਜੈਕਟਾਂ ਵਿੱਚ ਵੱਧ ਤੋਂ ਵੱਧ ਹਾਜ਼ਰੀ ਦੇਣ।



## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਲੰਗਰ ਲਗਾਏ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸਰਬੰਸਦਾਨੀ ਸਾਹਿਬੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਯਾਦ ਕਰਦੇ ਹੋਏ ਨਜਦੀਕ ਗੁਰੂਦੁਆਰਾ ਦੁੱਖਨਿਵਾਰਨ ਸਾਹਿਬ,ਹੋਟਲ ਢਿੱਲੋਂ ਰੇਜੀਡੈਂਸੀ, ਲੋਕ ਸਭਾ ਦਫਤਰ ਪਟਿਆਲਾ ਵਿਖੇ ਬਲਜਿੰਦਰ ਸਿੰਘ ਢਿੱਲੋਂ ਅਤੇ ਉਹਨਾ ਦੇ ਪਰਿਵਾਰਕ ਮੈਂਬਰਾਂ ਵੱਲੋਂ ਅਰਦਾਸ ਕਰਕੇ ਗੁਰੂ ਕੇ ਅਤੁਟ ਲੰਗਰ ਅਤੇ ਚਾਹ ਬ੍ਰੈਡ ਦੇ ਲੰਗਰ ਲਗਾਏ ਗਏ । ਇਸ ਮੌਕੇ ਢਿੱਲੋਂ ਅਤੇ ਉਹਨਾ ਦੀ ਟੀਮ ਨੇ ਲੰਗਰ ਦੀ ਸੇਵਾ ਨਿਭਾਈ । ਬਲਜਿੰਦਰ ਢਿਲੋਂ ਨੇ ਦਸਿਆ ਕਿ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਸਾਰੇ ਵਿਸ਼ਵ ਵਿੱਚ ਇਕ ਵਿਲਖਣ ਮਿਸਾਲ ਹੈ । ਇਸ ਮੌਕੇ ਸਵਰਨ ਕੌਰ, ਬਲਜੀਤ ਕੌਰ, ਮਨਜੀਤ ਸਿੰਘ, ਜਸਬੀਰ ਸਿੰਘ ਐਕਸ ਚੀਫ਼ ਪਬਲਿਕ ਹੈਲਥ ਅਤੇ ਲੋਕ ਸਭਾ ਦਫਤਰ ਦਾ ਸਟਾਫ਼ ਲਖਵਿੰਦਰ ਸਿੰਘ ਢਿੱਲੋਂ, ਰਾਜ ਕੁਮਾਰ ਮਿਠਾਰੀਆ ਗ਼ਜਨ ਸਿੰਘ, ਗੁਲਜਾਰ ਪਟਿਆਲਵੀ, ਹਰਦੀਪ ਸੰਧੂ .ਹਰਜੀਤ ਸਿੰਘ ਸਿਓਣਾ,ਜਤਿੰਦਰ ਕੁਮਾਰ, ਰਜਿੰਦਰ ਸਿੰਘ ਕੋਹਲੀ, ਓਪ ਪ੍ਰਕਾਸ,ਬਰਿੰਦਰ ਸਿੰਘ, ਰਾਮ ਕੁਮਾਰ, ਐਮ.ਪੀ ਸਿੰਘ, ਪ੍ਰੀਤਮ ਸਿੰਘ ਲਾਂਬਾ,ਜੋਗਿੰਦਰ ਤੋਂ ਇਲਾਵਾ ਆਹੁਦੇਦਾਰ ਅਤੇ ਵਾਲੰਟੀਅਰ ਹਾਜਰ ਸਨ।



## 8 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਸਥਾਨਕ ਪੁਲਿਸ ਨੇ 8 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਇੱਕ ਵਿਅਕਤੀ ਭੱਲਾ ਸਿੰਘ ਵਾਸੀ ਮਾਣੇਵਾਲ ਨੂੰ ਕਾਬੂ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਵਲੋਂ ਗਸ਼ਤ ਕੀਤੀ ਜਾ ਰਹੀ ਸੀ ਤਾਂ ਇੱਕ ਵਿਅਕਤੀ ਜਿਸ ਨੇ ਸਿਰ ਉੱਪਰ ਪਲਾਸਟਿਕ ਦਾ ਥੈਲਾ ਰੱਖਿਆ ਸੀ, ਪੈਦਲ ਆਉਂਦਾ ਦਿਖਾਈ ਦਿੱਤਾ। ਪੁਲਸ ਵਲੋਂ ਉਸ ਨੂੰ ਜਾਂਚ ਲਈ ਰੋਕਿਆ ਤਾਂ ਉਸ ਨੇ ਆਪਣਾ ਨਾਮ ਭੱਲਾ ਸਿੰਘ ਦੱਸਿਆ ਅਤੇ ਥੈਲੇ 'ਚੋਂ ਜਾਂਚ ਦੌਰਾਨ 8 ਬੋਤਲਾਂ ਨਾਜਾਇਜ਼ ਸ਼ਰਾਬ ਦੇਸੀ ਬਰਾਮਦ ਹੋਈਆਂ। ਪੁਲਿਸ ਨੇ ਉਸ ਖਿਲਾਫ਼ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਪੀ ਜੀ ਆਈ ਨੇ ਮੈਡੀਕਲ ਖੇਤਰ 'ਚ ਸਥਾਪਤ ਕੀਤੇ ਕਈ ਮੀਲ ਪੱਥਰ : ਪ੍ਰੋ. ਵਿਵੇਕ ਲਾਲ

**ਸਮਰਾਲਾ (ਸੁਰਜੀਤ ਸਿੰਘ)**- ਪੀ ਜੀ ਆਈ ਚੰਡੀਗੜ੍ਹ ਦੇ ਡਾਇਰੈਕਟਰ ਪ੍ਰੋ ਵਿਵੇਕ ਲਾਲ ਨੇ ਕਿਹਾ ਕਿ ਸਾਲ 2025 ਵਿਚ ਇਸ ਸੰਸਥਾ ਨੇ ਸਿੱਖਿਆ ਅਤੇ ਸਿਹਤ ਸੰਸਥਾ ਖੇਤਰ ਵਿਚ ਵੱਡੇ ਮਾਰਕੇ ਮਾਰੇ ਹਨ। ਪੀ ਜੀ ਆਈ ਵਲੋਂ ਜਾਰੀ ਇੱਕ ਪ੍ਰੈਸ ਨੋਟ



ਵਿਚ ਉਹਨਾਂ ਕਿਹਾ ਕਿ ਅਧੁਨਿਕ ਇਲਾਜ ਲਈ ਗੁਜ਼ਰਿਆ ਸਾਲ ਪੀ ਜੀ ਆਈ ਦੀ ਸਮਰਥਾ ਦਾ ਇਤਿਹਾਸਕ ਸਾਲ ਸਾਬਤ ਹੋਇਆ ਹੈ। ਉਹਨਾਂ ਕਿਹਾ ਕਿ ਪੀ ਜੀ ਆਈ ਵੱਲੋਂ ਕਲੀਨੀਕਲ ਖੇਤਰ ਵਿੱਚ ਇਤਿਹਾਸ ਰਚਦੇ ਮੀਲ ਪੱਥਰ, ਅਕਾਦਮਿਕ ਅਗਵਾਈ, ਰਾਸ਼ਟਰੀ ਪਛਾਣ ਅਤੇ ਮਰੀਜ਼-ਕੇਂਦ੍ਰਿਤ ਸੇਵਾ ਪ੍ਰਤੀ ਅਟੱਲ ਵਚਨਬੱਧਤਾ ਸਾਹਮਣੇ ਆਈ। ਇਸ ਸਾਲ ਦੌਰਾਨ ਪੀ ਜੀ ਆਈ ਨੇ ਲੱਖਾਂ ਲੋਕਾਂ ਨੂੰ ਭਰੋਸੇਮੰਦ ਇਲਾਜ ਉਪਲਬਧ ਕਰਵਾਇਆ ਹੈ। ਮੈਡੀਕਲ ਖੇਤਰ ਵਿਚ ਸਾਲ ਦੀਆਂ ਉਪਲਬਧੀਆਂ ਅਤੇ ਸੰਸਥਾ ਦੀ ਰਾਸ਼ਟਰੀ ਭੂਮਿਕਾ 'ਤੇ ਵਿਚਾਰ ਪ੍ਰਗਟ ਕਰਦਿਆਂ ਪ੍ਰੋ. ਵਿਵੇਕ ਲਾਲ ਨੇ ਕਿਹਾ ਕਿ ਬੇਹੱਦ ਵੱਡੀ ਮਰੀਜ਼ ਸੰਖਿਆ ਦੇ ਬਾਵਜੂਦ, ਸੰਸਥਾ ਨੇ ਉਤਕ੍ਰਿਸ਼ਟਤਾ, ਨਵੀਨਤਾ ਅਤੇ ਮਰੀਜ਼-ਕੇਂਦ੍ਰਿਤ ਸੇਵਾ ਪ੍ਰਤੀ ਆਪਣੀ ਵਚਨਬੱਧਤਾ ਕਾਇਮ ਰੱਖੀ। ਉਹਨਾਂ ਕਿਹਾ ਕਿ 2025 ਦੌਰਾਨ ਭਾਰਤ ਦੇ ਸਿਹਤ ਖੇਤਰ ਵਿੱਚ ਬਦਲਾਅ ਲਈ ਪੀ ਜੀ ਆਈ ਦੀ ਮਹੱਤਵਪੂਰਨ ਭੂਮਿਕਾ ਰਹੀ।

## ਮਾਤਾ ਗੁਜਰੀ ਸੇਵਾ ਸੋਸਾਇਟੀ ਵੱਲੋਂ ਕੀਰਤਨ ਦਰਬਾਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਮਾਤਾ ਗੁਜਰੀ ਜੀ ਸੇਵਾ ਸੋਸਾਇਟੀ ਪਟਿਆਲਾ ਵੱਲੋਂ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਟਿਆਲਾ ਦੇ ਦੀਵਾਨ ਹਾਲ ਵਿੱਚ ਜਗਤ ਮਾਤਾ, ਮਾਤਾ ਗੁਜਰ ਕੌਰ ਜੀ ਅਤੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤਕੀਰਤਨ ਦਰਬਾਰ ਕਰਵਾਇਆ ਗਿਆ। ਸੁਸਾਇਟੀ ਦੇ ਸਰਪ੍ਰਸਤ ਹਰਮਿੰਦਰ ਪਾਲ ਸਿੰਘ ਵਿੰਟੀ ਸਭਰਵਾਲ ਨੇ ਦੱਸਿਆ ਕਿ ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ ਤੋਂ ਬਾਅਦ ਮਾਤਾ ਗੁਜਰੀ ਸੇਵਾ ਸੋਸਾਇਟੀ ਅਤੇ ਪਟਿਆਲਾ ਸ਼ਹਿਰ ਦੀਆਂ ਵੱਖ ਵੱਖ ਇਸਤਰੀ ਸਸਤਿਸੰਗ ਸੋਸਾਇਟੀਆਂ ਨੇ ਰਲ ਮਿਲ ਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਅਤੇ ਕੀਰਤਨ ਦੀ ਹਾਜ਼ਰੀ ਭਰੀ ਅਤੇ ਬੀਬੀ ਮਨਦੀਪ ਕੌਰ ਸੰਗਰੂਰ ਵਾਲਿਆਂ ਦਾ ਢਾਡੀ ਜੱਥਾ, ਬੀਬੀ ਦਿਲਪ੍ਰੀਤ ਕੌਰ ਪਟਿਆਲੇ ਵਾਲੇ ਕੀਰਤਨੀ ਜੱਥਾ ਅਤੇ ਡਾਕਟਰ ਇੰਦਰਪ੍ਰੀਤ ਕੌਰ ਦਰਦੀ ਚੜ੍ਹਦੀਕਲਾ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ । ਇਸ ਸਮਾਗਮ ਵਿਚ ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ।ਸੁਸਾਇਟੀ ਦੇ ਚੇਅਰ ਪਰਸਨ ਸੇਵਾ ਰਤਨ ਮੈਡਮ ਜਸਵਿੰਦਰ ਕੌਰ ਦਰਦੀ, ਸੀਨੀਅਰ ਮੀਤ ਪ੍ਰਧਾਨ ਬੀਬੀ ਜੈ ਕੌਰ ਸਭਰਵਾਲ, ਮੀਤ ਪ੍ਰਧਾਨ ਸੁਰਿੰਦਰ ਕੌਰ, ਸਕੱਤਰ ਗੁਰਪ੍ਰੀਤ ਕੌਰ, ਪ੍ਰੈਸ ਸਕੱਤਰ ਹਰਵਿੰਦਰ ਕੌਰ, ਖਜ਼ਾਨਚੀ ਪਰਮਜੀਤ ਕੌਰ, ਸਹਾਇਕ ਸਕੱਤਰ ਅਮਰੀਕ ਕੌਰ ਰਜਿੰਦਰ ਕੌਰ, ਹਰਬੰਸ ਕੌਰ, ਜਗੀਰ ਕੌਰ ਅਤੇ ਹੋਰ ਬਹੁਤ ਸਾਰੇ ਮੈਂਬਰਾਂ ਨੇ ਹਾਜ਼ਰੀ ਭਰੀ।



## ਡੀ ਐੱਸ ਪੀ ਤੂਰ ਦੀ ਅਗਵਾਈ ਹੇਠ ਰਿਫਲੈਕਟਰ ਲਗਾਉਣ ਦੀ ਮੁਹਿੰਮ

**ਦੋਰਾਹਾ (ਹਰਮਿੰਦਰ ਸੇਠ)**- ਐਸ ਐਸ ਪੀ ਦੇ ਹੁਕਮਾਂ ਦੇ ਅਨੁਸਾਰ ਸਰਦੀਆਂ ਦੇ ਮੌਸਮ ਦੌਰਾਨ ਵਧ ਰਹੀਆਂ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਗੱਡੀਆਂ ਉੱਪਰ ਰਿਫਲੈਕਟਰ ਲਗਾਉਣ ਦੀ ਵਿਸ਼ੇਸ਼ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੀ ਅਗਵਾਈ ਡੀ ਐਸ ਪੀ ਕਰਮਵੀਰ ਤੂਰ ਵੱਲੋਂ ਕੀਤੀ ਗਈ।ਇਸ ਮੌਕੇ ਦੋਰਾਹਾ ਦੇ ਦੱਖਣੀ ਬਾਈਪਾਸ ਅਤੇ ਸ਼ਹਿਰ ਦੇ ਪ੍ਰਮੁੱਖ ਚੌਂਕਾਂ ਵਿੱਚ ਟਰੈਕਟਰਾਂ ਤੇ ਹੋਰ ਵਾਹਨਾਂ ਉੱਪਰ ਰਿਫਲੈਕਟਰ ਲਗਾਏ ਗਏ ਤਾਂ ਜੋ ਘੱਟ ਦਿੱਖ ਵਾਲੇ ਸਮੇਂ ਦੌਰਾਨ ਵਾਹਨ ਦੂਰੋਂ ਹੀ ਨਜ਼ਰ ਆ ਸਕਣ ਅਤੇ ਦੁਰਘਟਨਾਵਾਂ ਤੋਂ ਬਚਿਆ ਜਾ ਸਕੇ।ਪ੍ਰੈਸ ਨਾਲ ਗੱਲਬਾਤ ਕਰਦਿਆਂ ਡੀ ਐਸ ਪੀ ਕਰਮਵੀਰ ਤੂਰ ਨੇ ਕਿਹਾ ਕਿ ਸਰਦੀਆਂ ਦੇ ਦਿਨਾਂ ਵਿੱਚ ਧੁੰਦ ਕਾਰਨ ਸੜਕ ਹਾਦਸਿਆਂ ਵਿੱਚ ਵਾਧਾ ਹੁੰਦਾ ਹੈ, ਇਸ ਲਈ ਵਾਹਨ ਚਾਲਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਾਹਨਾਂ ਉੱਪਰ ਰਿਫਲੈਕਟਰ ਅਤੇ ਫੋਗ ਲਾਈਟ ਜ਼ਰੂਰ ਲਗਾਉਣ। ਉਨ੍ਹਾਂ ਨੇ ਦੱਸਿਆ ਕਿ ਟਰੈਫਿਕ ਪ੍ਰਬੰਧਨ ਲਈ ਉਨ੍ਹਾਂ ਕੋਲ ਕੇਵਲ 14-15 ਮੁਲਾਜ਼ਮ ਹਨ, ਜੋ ਖੰਨਾ, ਸਮਰਾਲਾ ਅਤੇ ਮਾਛੀਵਾੜਾ ਸਾਹਿਬ ਤੱਕ ਦੇ ਇਲਾਕੇ ਨੂੰ ਕਵਰ ਕਰ ਰਹੇ ਹਨ, ਜਿਸ ਕਰਕੇ ਕਈ ਵਾਰ ਟਰੈਫਿਕ ਸੰਭਾਲਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ।ਇਸ ਮੌਕੇ ਟਰੈਫਿਕ ਇੰਚਾਰਜ ਦੋਰਾਹਾ ਏ ਐਸ ਆਈ ਜਗਤਾਰ ਸਿੰਘ, ਏ ਐਸ ਆਈ ਲਖਵੀਰ ਸਿੰਘ, ਏ ਐਸ ਆਈ ਰਿਸ਼ੀ ਪਾਲ, ਏ ਐਸ ਆਈ ਨੇਤਰ ਸਿੰਘ, ਏ ਐਸ ਆਈ ਹਰਜਤਿੰਦਰ ਸਿੰਘ ਅਤੇ ਹੈੱਡ ਕਾਂਸਟੇਬਲ ਅਮਰਦੀਪ ਸਿੰਘ ਵੀ ਮੌਜੂਦ ਰਹੇ। ਪੁਲਸ ਅਧਿਕਾਰੀਆਂ ਵੱਲੋਂ ਵਾਹਨ ਚਾਲਕਾਂ ਨੂੰ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੀ ਅਤੇ ਦੂਸਰਿਆਂ ਦੀ ਜਾਨ ਦੀ ਰੱਖਿਆ ਲਈ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ।



## ਭੀਖੀ 'ਚ ਨਸ਼ੇ ਦਾ ਕਾਰੋਬਾਰ ਨਾ ਕਰਨ ਦੀ ਸਹੁੰ ਚੁੱਕੀ



**ਭੀਖੀ (ਧਰਮਵੀਰ ਸ਼ਰਮਾ)**- ਭੀਖੀ ਥਾਣਾ ਮੁਖੀ ਗੁਰਮੇਲ ਸਿੰਘ ਭੁੱਲਰ ਅਤੇ ਵਾਰਡ ਨੰ. 4 ਤੋਂ ਕੌਂਸਲਰ ਸੁਰੇਸ਼ ਕੁਮਾਰ ਬਿੰਦਲ ਦੀ ਪ੍ਰੇਰਨਾ ਸਦਕਾ ਲੰਘੇ ਲੰਮੇ ਸਮੇਂ ਤੋਂ ਨਸ਼ਾ ਤਸਕਰੀ ਵਿੱਚ ਲਿਪਤ ਇੱਕ ਵਿਸ਼ੇਸ਼ ਬਰਾਦਰੀ ਦੇ ਦੋ ਦਰਜਨ ਤੋਂ ਵੱਧ ਪਰਿਵਾਰਾਂ ਵਲੋਂ ਥਾਣਾ ਭੀਖੀ ਵਿਖੇ ਨਸ਼ੇ ਵੇਚਣ ਤੋਂ ਤੌਬਾ ਕਰਦਿਆਂ ਸਹੁੰ ਚੁੱਕੀ। ਉਪਰੰਤ ਆਪਣੇ ਕੁੱਲ ਦੇਵਤਾ ਦੀ ਸਮਾਧ ਪਿੰਡ ਦਲੇਲ ਸਿੰਘ ਵਾਲਾ ਵਿਖੇ ਵੀ ਨਸ਼ਾ ਨਾ ਵੇਚਣ ਦੀ ਕਸਮ ਖਾਧੀ। ਥਾਣੇ ਵਿੱਚ ਹੋਏ ਸੰਖੇਪ ਸਮਾਗਮ ਵਿੱਚ ਥਾਣਾ ਮੁਖੀ ਗੁਰਮੇਲ ਸਿੰਘ ਨੇ ਉਕਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੁਲਿਸ ਦਾ ਸ਼ੌਕ ਨਹੀਂ ਕਿ ਉਹ ਉਨ੍ਹਾਂ ਦੇ ਘਰਾਂ ਦੀਆਂ ਤਲਾਸ਼ੀਆਂ ਲੈਣ ਅਤੇ ਉਨ੍ਹਾਂ ਨੂੰ ਸਰ੍ਹੇ ਬਜਾਰ ਬੇਇੱਜਤ ਕਰਨ ਪ੍ਰੰਤੂ ਜਦੋਂ ਉਹ ਨਸ਼ਾ ਤਸਕਰੀ ਵਰਗੇ ਘਿਨੌਣੇ ਕੰਮ ਵਿੱਚ ਸ਼ਾਮਲ ਹੁੰਦੇ ਹਨ ਤਾਂ ਪ੍ਰਸ਼ਾਸਨ ਨੂੰ ਕਾਨੂੰਨ ਮੁਤਾਬਕ ਸਖਤ ਕਾਰਵਾਈ ਨੂੰ ਅੰਜਾਮ ਦੇਣਾ ਪੈਂਦਾ ਹੈ। ਇਸ ਮੌਕੇ 'ਆਪ' ਆਗੂ ਅਤੇ ਚੇਅਰਮੈਨ ਮਾਰਕਿਟ ਕਮੇਟੀ ਵਰਿੰਦਰ ਸੋਨੀ ਨੇ ਭੀਖੀ ਪੁਲਿਸ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਨਸ਼ੇ ਨੂੰ ਰੋਕਣ ਲਈ ਉਨ੍ਹਾਂ ਵਲੋਂ ਕੀਤਾ ਗਿਆ ਉਪਰਾਲਾ ਸ਼ਲਾਘਾਯੋਗ ਹੈ। ਸਹੁੰ ਖਾਣ ਵਾਲੇ ਪਰਿਵਾਰਾਂ ਨੇ ਕਿਹਾ ਕਿ ਉਹ ਪ੍ਰਸ਼ਾਸਨ ਨਾਲ ਪੂਰਨ ਸਹਿਯੋਗ ਕਰਨ ਲਈ ਤਿਆਰ ਹਨ ਅਤੇ ਨਸ਼ੇ ਦੀ ਖਰੀਦੋ ਫਰੋਖਤ ਤੋਂ ਤੌਬਾ ਕਰਦੇ ਹਨ।

## ਨਗਰ ਨਿਗਮ ਦੇ ਜ਼ੋਨ 'ਸੀ' ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ

**ਲੁਧਿਆਣਾ (ਰੈਕਟਰ ਕਥੂਰੀਆ)** ਸਫ਼ਾਈ ਲੇਬਰ ਯੂਨੀਅਨ ਤੇ ਡਿਸਪੋਜਲ ਵਰਕਰ ਯੂਨੀਅਨ ਵੱਲੋਂ ਨਗਰ ਨਿਗਮ ਦੇ ਜ਼ੋਨ ਸੀ ਦੇ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਮੋਦੀ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਚਾਰ ਲੇਬਰ ਕੋਡਾਂ ਦਾ ਵਿਰੋਧ ਕੀਤਾ ਗਿਆ ਤੇ ਉਨ੍ਹਾਂ ਨੂੰ ਵਾਪਸ ਕਰਕੇ ਪੁਰਾਣੇ ਕਿਰਤ ਕਾਨੂੰਨ ਬਹਾਲ ਕਰਨ ਦੀ ਮੰਗ ਕੀਤੀ ਗਈ।ਵਰਕਰਾਂ ਵੱਲੋਂ ਠੇਕੇਦਾਰੀ ਪ੍ਰਬੰਧ ਖਤਮ ਕਰਨ, ਕੱਚੇ ਮੁਲਾਜ਼ਮ ਪੱਕੇ ਕਰਨ ਅਤੇ ਖਾਲੀ ਅਸਾਮੀਆਂ ਭਰਨ ਲਈ ਇੱਕ ਪੱਤਰ ਜੋਨਲ ਕਮਿਸ਼ਨਰ ਨੂੰ ਦਿੱਤਾ ਗਿਆ ਤੇ ਇੱਕ ਮੰਗ ਪੱਤਰ ਪ੍ਰਧਾਨ ਮੰਤਰੀ ਦੇ ਨਾਂ ਤੇ ਚਾਰ ਲੇਬਰ ਕੋਡ ਵਾਪਸ ਕਰਨ ਲਈ ਦਿੱਤਾ ਗਿਆ। ਰੈਲੀ 'ਚ ਹਾਜ਼ਰ ਵੱਡੀ ਗਿਣਤੀ ਵਿੱਚ ਆਏ ਵਰਕਰਾਂ ਨੂੰ ਸੂਬਾਈ ਆਗੂ ਵਿਜੇ ਕੁਮਾਰ, ਮਹੀਪਾਲ ਅਤੇ ਏਟਕ ਜਿਊਲਾ ਲੁਧਿਆਣਾ ਦੇ ਜਨਰਲ ਸਕੱਤਰ ਐਮ ਐਸ ਭਾਟੀਆ ਨੇ ਸੰਬੋਧਨ ਕੀਤਾ।ਫੈਸਲਾ ਕੀਤਾ ਗਿਆ ਕਿ ਮੰਗਾਂ ਮੰਨੀਆਂ ਜਾਣ ਤੱਕ ਸੰਘਰਸ਼ ਜਾਰੀ ਰਹੇਗਾ।ਇਸ ਤੋਂ ਪਹਿਲਾਂ ਡੀ ਜੋਨ ਵਿਖੇ ਤ ਰੋਸ ਮੁਜਾਹਰਾ ਕੀਤਾ ਗਿਆ ਸੀ ਤੇ ਆਉਣ ਵਾਲੇ ਸਮੇਂ ਵਿੱਚ ਨਗਰ ਨਿਗਮ ਦੇ ਜ਼ੋਨ ਬੀ ਤੇ ਅੰਤ ਵਿੱਚ ਵੱਡਾ ਮੁਜ਼ਾਹਰਾ ਜ਼ੋਨ ਏ ਵਿਖੇ ਕੀਤਾ ਜਾਵੇਗਾ।



## ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਉਮੀਦਵਾਰਾਂ ਦਾ ਸਨਮਾਨ

**ਜਗਰਾਉਂ (ਸੰਜੀਵ ਅਰੋੜਾ)**- ਸ਼੍ਰੋਮਣੀ ਆਕਾਲੀ ਦਲ ਵਲੋਂ ਲੰਘੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ 'ਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਸਾਰੇ ਉਮੀਦਵਾਰਾਂ ਨੂੰ ਸਨਮਾਨਿਤ



ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਐੱਸ.ਆਰ.ਕਲੇਰ ਨੇ ਭਵਿੱਖੀ ਰਣਨੀਤੀ ਸਾਂਝੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਤਕੜੇ ਹੋਣ ਦਾ ਸੱਦਾ ਦਿੱਤਾ। ਪਾਰਟੀ ਦੇ ਸਥਾਨਕ ਦਫ਼ਤਰ ਅੰਦਰ ਸ੍ਰੀ ਐਸ.ਆਰ.ਕਲੇਰ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਬਲਾਕ ਸੰਮਤੀ ਚੋਣਾਂ ਲੜਨ ਵਾਲੇ ਸਾਰੇ ਹੀ ਉਮੀਦਵਾਰਾਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ। ਸ੍ਰੀ ਕਲੇਰ ਨੇ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਫਾਦਾਰੀ ਅਤੇ ਸਮਰਪਣ ਭਾਵਨਾ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਆਪਣੇ ਜੁਝਾਰੂ ਵਰਕਰਾਂ ਦਾ ਸਨਮਾਨ ਕਰਦਿਆਂ ਬੇਹੱਦ ਖੁਸ਼ੀ ਮਹਿਸੂਸ ਕਰ ਰਹੇ ਹਨ। ਸ੍ਰੀ ਕਲੇਰ ਨੇ ਕਿਹਾ ਕਿ ਲੰਘੀਆਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਭਰਵਾਂ ਸਹਿਯੋਗ ਮਿਲਿਆ ਹੈ। ਇਸ ਮੌਕੇ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੂਬੇ ਅੰਦਰ ਸ਼ੋਸ਼ਲ ਮੀਡੀਆ ਰਾਹੀਂ ਫੈਲਾਇਆ ਜਾ ਰਿਹਾ ਕੂੜ ਪ੍ਰਚਾਰ ਆਮ ਲੋਕਾਂ ਨੇ ਨਕਾਰ ਦਿੱਤਾ ਹੈ ਤੇ ਲੋਕ ਹੁਣ ਝੂਠ ਤੋਂ ਕਿਨਾਰਾ ਕਰਕੇ ਜ਼ਮੀਨੀ ਹਕੀਕਤਾਂ ਨਾਲ ਜੁੜਨਾਂ ਪਸੰਦ ਕਰਨ ਲੱਗੇ ਹਨ। ਇਸ ਮੌਕੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਦਵਿੰਦਰਜੀਤ ਸਿੰਘ ਸਿੱਧੂ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ, ਸਰਕਲ ਪ੍ਰਧਾਨ ਰਣਧੀਰ ਸਿੰਘ ਚਕਰ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਆਈ ਟੀ ਵਿੰਗ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਬੱਸੂਵਾਲ, ਪ੍ਰਧਾਨ ਸਤਨਾਮ ਸਿੰਘ ਬੱਸੂਵਾਲ, ਸਰਪੰਚ ਜਸਵੀਰ ਸਿੰਘ ਦੇਹੜਕਾ, ਭਜਨ ਸਿੰਘ ਦੇਹੜਕਾ, ਪਰਮਜੀਤ ਸਿੰਘ ਪੰਮਾ ਮੀਰਪੁਰ, ਗੁਰਵਿੰਦਰ ਸਿੰਘ ਗਿੰਦੀ ਕੋਟਲੀ, ਬਲਰਾਜ ਸਿੰਘ ਗਰੇਵਾਲ ਲੀਲਾਂ, ਡਾਇਰੈਕਟਰ ਬਲਜੀਤ ਸਿੰਘ ਹਠੂਰ, ਸੁਖਵਿੰਦਰ ਸਿੰਘ ਹਠੂਰ, ਪਰਮਿੰਦਰ ਸਿੰਘ ਹਠੂਰ, ਗੁਰਦੀਪ ਸਿੰਘ ਬੁਜਰਗ, ਗੁਰਦੀਪ ਸਿੰਘ ਗਾਲਿਬ ਖੁਰਦ, ਮਨਦੀਪ ਸਿੰਘ ਸਿੱਧਵਾਂ, ਹਰਦੇਵ ਸਿੰਘ ਸਿੱਧਵਾਂ, ਹਰਵਿੰਦਰ ਸਿੰਘ ਸਿੱਧਵਾਂ, ਤੇਜਿੰਦਰਪਾਲ ਸਿੰਘ ਸਿੱਧਵਾਂ, ਜੱਸੀ ਦੇਹੜਕਾ, ਹਰਮੀਤ ਕੋਰ ਸਿੱਧਵਾ ਕਲਾਂ, ਮਨਜੀਤ ਕੌਰ ਦੇਹੜਕਾ, ਕੇਵਲ ਸਿੰਘ ਹਠੂਰ, ਜੋਗਿੰਦਰ ਸਿੰਘ ਮਾਣੂੰਕੇ, ਅਮਰਜੀਤ ਕੌਰ ਦੇਹੜਕਾ, ਗੁਰਪ੍ਰੀਤ ਸਿੰਘ ਬਿੱਟੂ ਲੰਮੇ , ਰਛਪਾਲ ਸਿੰਘ ਰਸੂਲਪੁਰ, ਸੁਖਦੇਵ ਸਿੰਘ ਸੇਖੋਂ ਕਾਉਂਕੇ, ਸੁਰਿੰਦਰ ਸਿੰਘ, ਪਰਮਜੀਤ ਕੌਰ, ਜਸਵੀਰ ਕੌਰ, ਮਨਿੰਦਰ ਕੌਰ ਮਲਕ, ਗੁਰਮੀਤ ਕੌਰ, ਸਤਪਾਲ ਕੌਰ ਲੀਲਾ, ਕਰਮਜੀਤ ਕੌਰ ਗਾਲਿਬ ਖੁਰਦ, ਪਰਮਜੀਤ ਕੌਰ ਅਖਾੜਾ, ਹਰਪ੍ਰੀਤ ਕੌਰ ਤਰਫ ਕੋਟਲੀ, ਕੁਲਵਿੰਦਰ ਸਿੰਘ, ਪਰਮਜੀਤ ਕੌਰ ਅਖਾੜਾ, ਹਰਜੀਤ ਕੌਰ ਬਾਰਦੇਕੇ, ਚਮਕੌਰ ਸਿੰਘ ਬੁਜਰਗ ਤੇ ਮਨਜੀਤ ਸਿੰਘ ਅਗਵਾੜ ਖੁਆਜ਼ਾ ਬਾਜੂ ਆਦਿ ਹਾਜ਼ਰ ਸਨ।

## ਅਗਨੀਵੀਰ ਭਰਤੀ ਲਈ ਲਿਖਤੀ ਪ੍ਰੀਖਿਆ ਦੀ ਤਿਆਰੀ ਸ਼ੁਰੂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ (ਫ਼ਿਰੋਜ਼ਪੁਰ) ਦੇ ਕੈਂਪ ਟ੍ਰੇਨਿੰਗ ਅਫਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਕਿਹਾ ਕਿ ਅਗਨੀਵੀਰ ਫੌਜ ਦੀ ਭਰਤੀ ਰੈਲੀ ਦਾ ਆਨਲਾਈਨ ਅਪਲਾਈ ਕਰਨ ਦਾ ਪੋਰਟਲ ਜਨਵਰੀ ਵਿੱਚ ਖੁੱਲ੍ਹਣ ਦੀ ਸੰਭਾਵਨਾ ਹੈ।ਕੰਪਿਊਟਰ ਬੇਸਿਕ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਸ਼ੁਰੂ ਹੈ।ਇਹ ਪੇਪਰ ਪੰਜਾਬੀ ਵਿੱਚ ਵੀ ਹੋਣਾ ਹੈ। ਫ਼ਿਰੋਜ਼ਪੁਰ, ਫ਼ਾਜ਼ਿਲਕਾ, ਮੁਕਤਸਰ ਤੇ ਫ਼ਰੀਦਕੋਟ ਜ਼ਿਲ੍ਹੇ ਦੇ ਨੌਜਵਾਨ ਜੋ ਅਗਨੀਵੀਰ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਯੁਵਕ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ ਵਿਖੇ ਲਿਖਤੀ ਪੇਪਰ ਦੀ ਤਿਆਰੀ ਕਰਨ ਲਈ ਰਿਪੋਰਟ ਕਰਨ । ਕੈਂਪ ਵਿੱਚ ਆਉਣ ਸਮੇਂ ਜੇਕਰ ਆਨਲਾਈਨ ਅਪਲਾਈ ਹੋ ਗਿਆ ਹੈ ਤਾਂ ਉਸ ਦੀ ਇੱਕ ਕਾਪੀ ਅਗਰ ਨਹੀਂ ਹੋਇਆ ਤਾਂ ਕੇਵਲ ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤੀ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਤੇ ਦੋ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ।ਕੈਂਪ ਵਿੱਚ ਆਉਣ ਦਾ ਸਮਾਂ ਸਵੇਰੇ 9 ਤੋਂ 11:30 ਵਜੇ ਤੱਕ ਦਾ ਹੈ। ਯੁਵਕ ਦੀ ਉਮਰ 17 1/2 ਸਾਲ ਤੋਂ 21 ਸਾਲ ਤੱਕ ਹੋਵੇ, ਛਾਤੀ ਬਿਨਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 05 ਫੁੱਟ 7 ਇੰਚ ( 170 ਸੈਂਟੀਮੀਟਰ) ਹੋਵੇ।ਯੁਵਕ ਘੱਟੋ-ਘੱਟ 10ਵੀਂ 45% ਅੰਕਾਂ ਨਾਲ ਪਾਸ ਹੋਵੇ ਜਾਂ ਬਾਰ੍ਹਵੀਂ ਪਾਸ ਹੋਵੇ।ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਹਾਇਸ਼ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ ਅਤੇ ਲਿਖਤੀ ਪੇਪਰ ਦੀ ਤਿਆਰੀ ਅਤੇ ਫ਼ਿਜ਼ੀਕਲ ਦੀ ਤਿਆਰੀ ਦੀ ਕੋਈ ਵੀ ਫ਼ੀਸ ਨਹੀਂ ਲਈ ਜਾਵੇਗੀ।ਵਧੇਰੇ ਜਾਣਕਾਰੀ ਲਈ 88728-02046, 78888-48823 ਅਤੇ 78891-755751 'ਤੇ ਸੰਪਰਕ ਕੀਤਾ ਜਾ ਸਕਦਾ ਹੈ!

## ਅਖੰਡ ਪਾਠ ਸਾਹਿਬ ਦੇ ਭੋਗ ਅੱਜ



**ਰਾਜਪੁਰਾ (ਰਮੇਸ਼ ਕਟਾਰੀਆ)** ਸਮੂਹ ਅਧਿਕਾਰੀਆਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਵੱਲੋਂ ਸਰਬੱਤ ਦੇ ਭਲੇ ਲਈ 66 ਕੇ ਵੀ ਦਫ਼ਤਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਾਏ ਜਾ ਰਹੇ ਹਨ ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਨਵੇਂ ਸਾਲ 2026 ਦੀ ਆਮਦ 'ਤੇ ਸ਼ੁਕਰਾਨਾ ਕਰਦੇ ਹੋਏ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ 1 ਜਨਵਰੀ ਨੂੰ ਸਵੇਰੇ 10 ਵਜੇ ਪਾਏ ਜਾਣਗੇ 10 ਤੋਂ 12 ਕਥਾ ਕੀਰਤਨ ਹੋਵੇਗਾ। 12 ਵਜੇ ਸਮਾਪਤੀ ਤੋਂ ਬਾਅਦ ਅਤੁੱਟ ਲੰਗਰ ਵਰਤਾਇਆ ਜਾਵੇਗਾ। ਸਾਰਿਆਂ ਨੂੰ ਬੇਨਤੀ ਹੈ ਕਿ ਇਸ ਸਮਾਗਮ ਵਿੱਚ ਵਧ-ਚੜ੍ਹ ਕੇ ਆਪਣੀ ਸ਼ਰਧਾ ਅਨੁਸਾਰ ਹਿੱਸਾ ਵੀ ਪਾਓ ਤੇ ਤਨ, ਮਨ, ਧਨ ਨਾਲ ਸੇਵਾ ਕਰ ਕੇ ਖੁਸ਼ੀਆਂ ਪ੍ਰਾਪਤ ਕਰੋ। ਇਹ ਜਾਣਕਾਰੀ ਸਰਕਲ ਪ੍ਰਧਾਨ ਚਰਨਜੀਤ ਸਿੰਘ ਜੰਡੋਲੀ ਨੇ ਦਿੱਤੀ।

1 Jan Page 6.qxd 12/31/2025 9:20 PM Page 1



# ਮੀਟਿੰਗ ਦਾ ਸਮਾਂ ਮਿਲਣ 'ਤੇ ਘਿਰਾਓ ਨੂੰ ਕੀਤਾ ਮੁਲਤਵੀ

**ਜਲਾਲਾਬਾਦ, (ਜੀਤ ਕੁਮਾਰ)** ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ ਤੇ ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲਹੀਆਂਵਾਲਾ ਨੇ ਕਿਹਾ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੀਆਂ ਪੱਕੇ 'ਚ ਜਲ ਸਪਲਾਈ ਸਕੀਮਾਂ 'ਤੇ ਫੀਲਡ ਅਤੇ ਦਫਤਰਾਂ ਵਿੱਚ ਵੱਖ-ਵੱਖ ਪੋਸਟਾਂ 'ਤੇ ਰੈਗੂਲਰ ਮੁਲਾਜ਼ਮਾਂ ਦੀ ਤਰ੍ਹਾਂ ਪਿਛਲੇ 15 ਤੋਂ 20 ਸਾਲਾਂ ਦੇ ਲੰਬੇ ਅਰਸੇ ਤੋਂ ਇੱਕ ਵਰਕਰ ਦੇ ਰੂਪ 'ਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਅਧਾਰਤ ਵਰਕਰਾਂ ਨੂੰ ਉਨ੍ਹਾਂ ਦੇ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਮਰਜ਼ ਕਰਕੇ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨ ਸਮੇਤ ਮੰਗ-ਪੱਤਰ 'ਚ ਦਰਜ ਤਮਾਮ ਮੰਗਾਂ-ਮਸਲਿਆਂ ਦੇ ਹੱਲ ਕਰਨ ਲਈ ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਵੱਲੋਂ 6 ਜਨਵਰੀ ਨੂੰ ਵਿਭਾਗੀ ਮੁਖੀ (ਐਚ.ਓ.ਡੀ.) ਮੋਹਾਲੀ, ਮੁੱਖ ਦਫਤਰ ਪਟਿਆਲਾ ਅਤੇ ਪੰਜਾਬ ਦੇ ਸਮੂਹ ਨਿਗਰਾਨ ਇੰਜਨੀਅਰ ਦਫ਼ਤਰਾਂ ਦਾ ਘੇਰਾਓ ਕਰਨ ਦੇ ਉਲੀਕੇ ਪ੍ਰੋਗਰਾਮ ਦੇ ਮੱਦੇਨਜ਼ਰ ਡਿਪਟੀ ਡਾਇਰੈਕਟਰ (ਪ੍ਰਸ਼ਾਸਨ) ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮੁੱਖ ਦਫਤਰ ਦੇ ਵੱਲੋਂ ਪੱਤਰ ਨੰ.ਡੀ.ਡੀ.ਏ. 8068 ਮਿਤੀ 30-12-2025 ਨੂੰ ਜਾਰੀ ਕਰਕੇ 6 ਜਨਵਰੀ ਨੂੰ ਵਿਭਾਗੀ ਮੁਖੀ (ਐਚ.ਓ.ਡੀ.), ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਮੋਹਾਲੀ ਨਾਲ ਉਨ੍ਹਾਂ ਦੇ ਦਫਤਰ ਵਿਖੇ ਜਥੇਬੰਦੀ ਦੀ ਮੰਗਾਂ 'ਤੇ ਵਿਚਾਰ-ਚਰਚਾ ਕਰਨ ਲਈ ਮੀਟਿੰਗ ਕਰਨ ਦਾ ਸਮਾਂ ਦਿੱਤਾ ਗਿਆ ਹੈ। ਯੂਨੀਅਨ ਦੀ ਸੂਬਾ ਵਰਕਿੰਗ ਕਮੇਟੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 6 ਜਨਵਰੀ ਵਾਲੇ ਉਲੀਕੇ ਸੰਘਰਸ਼ ਨੂੰ ਇਕ ਵਾਰ ਫਿਲਹਾਲ ਮੁਲਤਵੀ ਕੀਤਾ ਜਾਂਦਾ ਹੈ ਤੇ ਇਸਦੇ ਨਾਲ ਹੀ ਚੇਤਾਵਨੀ ਦਿੱਤੀ ਕਿ ਜੇਕਰ ਜਥੇਬੰਦੀ ਦੇ ਮੰਗ-ਪੱਤਰ 'ਚ ਦਰਜ ਮੰਗਾਂ ਦਾ ਹੱਲ ਕਰਨ ਤੋਂ ਸਹਿਮਤੀ ਨਾ ਬਣਨ ਦੀ ਸੂਰਤ 'ਚ ਯੂਨੀਅਨ ਵੱਲੋਂ ਇਸੇ ਪ੍ਰੋਗਰਾਮ ਨੂੰ ਦੁਬਾਰਾ 8 ਜਨਵਰੀ ਨੂੰ ਵਿਭਾਗੀ ਮੁੱਖੀ, ਮੁੱਖ ਦਫਤਰ ਪਟਿਆਲਾ ਅਤੇ ਸਮੂਹ ਨਿਗਰਾਨ ਇੰਜਨੀਅਰ ਦਫਤਰਾਂ ਦਾ ਘੇਰਾਓ ਕਰਨ ਦੇ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਮਜਬੂਰ ਹੋਣਾ ਪਵੇਗਾ। ਉਨਾਂ ਕਿਹਾ ਕਿ ਸਾਡੀ ਯੂਨੀਅਨ ਜੋ ਬੀਤੇ ਕਈ ਸਾਲਾਂ ਤੋਂ ਲਗਾਤਾਰ ਮੰਗਾਂ-ਮਸਲਿਆਂ ਦਾ ਹੱਲ ਕਰਨ ਦੀ ਮੰਗ ਲਈ ਪੁਰਅਮਨ ਢੰਗ ਨਾਲ ਸੰਘਰਸ਼ ਕਰਦੀ ਆ ਰਹੀ ਹੈ, ਪਰ ਹਰ ਵਾਰ ਲਾਰੇ ਲਗਾਓ 'ਤੇ ਸਮਾਂ ਬਤੀਤ ਕਰਨ ਦਾ ਸਿਲਸਿਲਾ ਚੱਲ ਰਿਹਾ ਹੈ ਅਤੇ ਇਕ ਵਰਕਰ ਦੇ ਰੂਪ ਵਿੱਚ ਪੇਂਡੂ



**● ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਦਾ ਰੁਜ਼ਗਾਰ ਪੱਕਾ ਕੀਤਾ ਜਾਵੇ : ਵਰਿੰਦਰ ਮੋਮੀ**

ਜਲ ਸਪਲਾਈ ਸਕੀਮਾਂ ਅਤੇ ਦਫਤਰਾਂ ਵਿੱਚ ਲਗਾਤਾਰ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਤੇ ਆਊਟਸੋਰਸ ਵਰਕਰਾਂ ਨੂੰ ਸਿੱਧਾ ਵਿਭਾਗ 'ਚ ਸ਼ਾਮਲ ਕਰਨ ਵਾਲੀ ਤਜਵੀਜ਼ (ਪਾਲਿਸੀ) ਲਾਗੂ ਕਰਕੇ ਪੱਕਾ ਰੁਜ਼ਗਾਰ ਕਰਨ ਵਾਲੀ ਪ੍ਰਮੁੱਖ ਮੰਗ ਦਾ ਹੱਲ ਕਰਨ ਵਿੱਚ ਪੰਜਾਬ ਸਰਕਾਰ ਅਤੇ ਵਿਭਾਗੀ ਮੈਨੇਜਮੈਂਟ ਵੱਲੋਂ ਅਣਦੇਖੀ ਕੀਤੀ ਜਾ ਰਹੀ ਹੈ, ਉਥੇ ਜਲ ਸਪਲਾਈ ਸਕੀਮਾਂ 'ਚ ਸਕਾਡਾ ਸਿਸਟਮ ਲਾ ਕੇ, ਬਲਾਕ ਪੰਚਾਇਤੀ ਨਹਿਰੀ ਪ੍ਰੋਜੈਕਟ ਲਗਾ ਕੇ, ਨਿੱਜੀਕਰਨ/ ਪੰਚਾਇਤੀਕਰਨ ਕਰਨ ਵਰਗੀਆਂ ਤਮਾਮ ਮਾਰੂ ਨੀਤੀਆਂ ਲਾਗੂ ਕਰਕੇ ਸੰਬੰਧਤ ਵਰਕਰਾਂ ਦੇ ਕੱਚੇ ਪਿੱਲੇ ਰੁਜ਼ਗਾਰ ਨੂੰ ਖੋਹ ਕੇ ਬੇਰੁਜ਼ਗਾਰ ਕਰਨ ਦੀਆਂ ਨਾਕਾਮ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਸਦੇ ਨਾਲ ਹੀ ਲੋਕਾਂ ਨੂੰ ਪੀਣ ਵਾਲਾ ਪਾਣੀ ਮਹਿੰਗੇ ਮੁੱਲ 'ਚ ਦੇਣ ਲਈ ਕਾਰਪੋਰੇਟਾਂ ਨੂੰ ਖੁੱਲ੍ਹ ਦਿੱਤੀ ਜਾ ਰਹੀ ਹੈ। ਜਿਸ ਦੇ ਵਿਰੋਧ 'ਚ ਮਜਬੂਰੀ ਵੱਸ ਵਰਕਰ ਆਪਣੇ ਕੱਚੇ-ਪਿੱਲੇ ਰੁਜ਼ਗਾਰ ਨੂੰ ਬਚਾਉਣ ਲਈ ਸੰਘਰਸ਼ ਦੇ ਰਾਹ ਤੁਰੇ ਹੋਏ ਹਨ। ਉਨ੍ਹਾਂ ਮੰਗ ਕੀਤੀ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਇੱਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ ਵਿਚ ਮਰਜ਼ ਕਰਕੇ, ਈ.ਪੀ.ਐਫ. ਅਤੇ ਈ.ਐਸ.ਆਈ.ਸੀ. ਵਰਗੀਆਂ ਤਮਾਮ ਸਹੂਲਤਾਂ ਦੇਣ ਵਾਲੀ ਪਾਲਿਸੀ (ਤਜਵੀਜ਼) ਨੂੰ ਲਾਗੂ ਕਰਕੇ ਵਰਕਰਾਂ ਦਾ ਪੱਕਾ ਰੁਜ਼ਗਾਰ ਦਾ ਪ੍ਰਬੰਧ ਕਰਨਾ ਅਤੇ ਜਦੋਂ ਤੱਕ ਪੱਕਾ ਰੁਜ਼ਗਾਰ ਦਾ ਪ੍ਰਬੰਧ ਕਰਨ ਵਾਲੀ ਮੰਗ ਦਾ ਹੱਲ ਨਹੀਂ ਕੀਤਾ ਜਾਂਦਾ, ਉਸ ਸਮੇਂ ਤੱਕ ਲੇਬਰ ਕਾਨੂੰਨ 1948 ਤੇ 1957 ਵਿੱਚ 15ਵੀਂ ਲੇਬਰ ਕਮਿਸ਼ਨਰ ਦੀਆਂ ਸਿਫਾਰਸ਼ਾਂ ਨੂੰ ਸ਼ਾਮਲ ਕਰਕੇ ਤਨਖਾਹ ਨਿਸ਼ਚਿਤ ਕਰਕੇ ਘੱਟੋ-ਘੱਟ ਉਜਰਤ 34244 ਰੁਪਏ ਲਾਗੂ ਕਰਨਾ। ਵਰਕਰਾਂ ਨੂੰ ਈ.ਪੀ.ਐਫ., ਈ.ਐਸ.ਆਈ.ਸੀ ਸਹੂਲਤਾਂ ਦੇਣਾ। ਇਨਲਿਸਟਮੈਂਟ ਤੇ ਆਊਟਸੋਰਸ ਵਰਕਰ ਜੋਕਿ ਠੇਕਾ ਪ੍ਰਣਾਲੀ ਦਾ ਸੰਤਾਪ ਭੋਗਦੇ ਹੋਏ 58 ਸਾਲ ਉਮਰ ਹੋ ਗਈ ਹੈ, ਉਨ੍ਹਾਂ ਵੱਲੋਂ ਲਗਾਤਾਰ ਦਿੱਤੀਆਂ ਗਈਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਕਾਮਿਆਂ ਦੇ ਵਾਰਸਾਂ ਨੂੰ ਵੀ ਪੱਕੀ ਨੌਕਰੀ ਦੇਣਾ। ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਦੇ ਅਧੀਨ ਚੱਲ ਰਹੀਆਂ ਪੇਂਡੂ ਜਲ ਸਪਲਾਈ ਸਕੀਮਾਂ (ਜਲ ਘਰ) ਦਾ ਜਬਰੀ ਪੰਚਾਇਤੀਕਰਨ/ ਪੰਚਾਇਤੀਕਰਨ, ਸਕਾਡਾ ਪ੍ਰਣਾਲੀ ਲਾਗੂਣ ਦੀਆਂ ਨੀਤੀਆਂ ਨੂੰ ਤੁਰੰਤ ਵਾਪਸ ਲੈਣਾ। ਪੰਚਾਇਤਾਂ ਨੂੰ ਹੈਂਡਓਵਰ ਕੀਤੀਆਂ ਜਲ ਸਪਲਾਈ ਸਕੀਮਾਂ ਮੁੜ ਵਿਭਾਗ ਅਧੀਨ ਕਰਨਾ ਆਦਿ ਹੱਕੀ ਤੇ ਜਾਇਜ ਮੰਗਾਂ ਹਨ, ਦਾ ਹੱਲ ਕਰਵਾਉਣ ਤੱਕ ਜੱਥੇਬੰਦੀ ਵੱਲੋਂ ਪੂਰਅਮਨ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ।

## ਮਨਰੇਗਾ ਨੂੰ ਖਤਮ ਕਰਨ ਤੇ ਲੋਕ ਵਿਰੋਧੀ ਬਿੱਲਾਂ ਦੇ ਖਿਲਾਫ ਅੰਦੋਲਨ ਸ਼ੁਰੂ ਕਰਨ ਦਾ ਫੈਸਲਾ

**ਲੁਧਿਆਣਾ (ਐਮ ਐਸ ਭਾਟੀਆ)** ਯੂਨਾਈਟਿਡ ਫਰੰਟ ਆਫ ਟਰੇਡ ਯੂਨੀਅਨ ਲੁਧਿਆਣਾ ਜਿੱਥੇ ਸਰਕਾਰ ਆਗੂਆਂ ਦੀ ਮੀਟਿੰਗ ਅੱਜ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ।ਮੀਟਿੰਗ ਵਿੱਚ ਮਨਰੇਗਾ ਨੂੰ ਖਤਮ ਕਰਕੇ ਨਵਾਂ ਬਿੱਲ ਲਿਆਉਣ, ਚਾਰ ਲੇਬਰ ਕੋਡ, ਬਿਜਲੀ ਸੋਧ ਬਿਲ, ਸੀਡ ਬਿਲ,ਸਸਟੇਨੇਬਲ ਹਾਰਨੈਸਿੰਗ ਐਂਡ ਐਡਵਾਂਸਮੈਂਟ ਆਫ ਨਿਊਕਲਿਅਰ ਐਨਰਜੀ ਫਾਰ ਟ੍ਰਾਂਸਫਾਰਮਿੰਗ ਇੰਡੀਆ (ਸ਼ਾਂਤੀ) ਬਿੱਲ, 2025 ਤੇ ਵਿਰੁੱਧ ਲੋਕ ਰਾਏ ਬਣਾਉਣ ਲਈ ਲੁਧਿਆਣਾ ਵਿੱਚ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ



ਵਿਸਤਾਰ ਨਾਲ ਵਿਚਾਰ ਚਰਚਾ ਹੋਈ। ਫੈਸਲਾ ਕੀਤਾ ਗਿਆ ਕਿ ਲੁਧਿਆਣਾ ਵਿੱਚ ਵੱਖ ਵੱਖ ਥਾਵਾਂ ਤੇ ਜਿਵੇਂ ਕਿ ਡਿਪਟੀ ਕਮਿਸ਼ਨਰ ਦਫਤਰ, ਬੱਸ ਸਟੈਂਡ, ਰੇਲਵੇ ਸਟੇਸ਼ਨ, ਜੋਧੇਵਾਲ ਬਸਤੀ, ਗਿਆਸਪੁਰਾ ਆਦਿ ਥਾਵਾਂ ਤੇ ਵੱਖ ਵੱਖ ਦਿਨਾਂ ਵਿੱਚ ਰੋਸ ਮੁਜ਼ਾਹਰੇ ਕੀਤੇ ਜਾਣਗੇ।ਫੈਸਲਾ ਕੀਤਾ ਗਿਆ ਕਿ 1 ਜਨਵਰੀ ਨੂੰ ਰੇਲਵੇ ਸਟੇਸ਼ਨ ਤੇ ਦੁਪਹਿਰ 2 ਵਜੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ।

## ਵਿਦਿਆਰਣ ਨੂੰ ਥਾਰ ਨਾਲ ਕੁਚਲਣ ਵਾਲੀ ਗ੍ਰਿਫ਼ਤਾਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪਟਿਆਲਾ ਪੁਲਸ ਨੇ ਪੋਲੋ ਗਰਾਊਂਡ ਨੇੜੇ ਡੈਂਟਲ ਕਾਲਜ ਦੀ ਵਿਦਿਆਰਥਣ ਨੂੰ ਦਰੜਨ ਵਾਲੀ ਤੇਜ਼ ਰਫ਼ਤਾਰ ਥਾਰ ਗੱਡੀ ਦੀ ਚਾਲਕ ਹਰਵੀਨ ਕੌਰ (28) ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਹਾਦਸਾ ਇੱਕ ਹਫ਼ਤਾ ਪਹਿਲਾਂ ਵਾਪਰਿਆ ਸੀ, ਜਦੋਂ ਅੱਧੀ ਰਾਤ ਨੂੰ ਇੱਕ ਨਿੱਜੀ ਕੰਪਨੀ ਵਿੱਚ ਕੰਮ ਕਰਨ ਵਾਲੀ ਉਕਤ ਮਹਿਲਾ ਨੇ ਆਪਣੀ ਐਸ.ਯੂ.ਵੀ ਪੁਲਸ ਨੇ ਵਾਰਦਾਤ ਵਿੱਚ ਵਰਤੀ ਗਈ ਥਾਰ ਗੱਡੀ ਨੂੰ ਵੀ ਕਬਜ਼ੇ ਵਿੱਚ ਲੈ ਲਿਆ



। ਪੁਲਸ ਮੁਤਾਬਕ ਮੁਲਜ਼ਮ ਮਹਿਲਾ ਅਰਬਨ ਅਸਟੇਟ ਦੀ ਰਹਿਣ ਵਾਲੀ ਹੈ ਅਤੇ ਸ਼ੁਰੂਆਤੀ ਪੁੱਛਗਿੱਛ ਦੌਰਾਨ ਉਸ ਨੇ ਦੱਸਿਆ ਕਿ ਉਹ ਦੇਰ ਰਾਤ ਰਿਸ਼ਤੇਦਾਰ ਦੇ ਘਰੋਂ ਵਾਪਸ ਆ ਰਹੀ ਸੀ ਜਦੋਂ ਇਹ ਦਰਦਨਾਕ ਹਾਦਸਾ ਵਾਪਰਿਆ।ਇਸ ਮੰਦਭਾਗੀ ਘਟਨਾ ਵਿੱਚ ਡੈਂਟਲ ਸਰਜਰੀ ਦੀ ਅੰਤਿਮ ਸਾਲ ਦੀ ਵਿਦਿਆਰਥਣ ਮੀਨਾਕਸ਼ੀ (26) ਦੀ ਮੌਤ ਹੋ ਗਈ ਸੀ, ਜਦੋਂ ਕਿ ਉਸ ਦੀਆਂ ਦੋ ਸਾਥੀ ਮਹਿਲਾ ਡਾਕਟਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ। ਇਹ ਤਿੰਨੋਂ ਆਪਣੀ ਪ੍ਰੈਕਟੀਕਲ ਪ੍ਰੀਖਿਆ ਦੇ ਕੇ ਵਾਪਸ ਪੀ.ਜੀ ਜਾ ਰਹੀਆਂ ਸਨ। ਜ਼ਖ਼ਮੀ ਹੋਈਆਂ ਦੋਵੇਂ ਵਿਦਿਆਰਥਣਾਂ ਦੇ ਸਰੀਰ 'ਤੇ ਕਈ ਫਰੈਕਚਰ ਹੋਏ ਹਨ ਅਤੇ ਉਹ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ।ਇਹ ਮਾਮਲਾ ਉਦੋਂ ਵਧੇਰੇ ਭਖ ਗਿਆ ਸੀ ਜਦੋਂ ਪੀੜਤਾਂ ਨੂੰ ਸਮੇਂ ਸਿਰ ਮੈਡੀਕਲ ਸਹਾਇਤਾ ਨਾ ਮਿਲਣ ਦੀਆਂ ਖ਼ਬਰਾਂ ਆਈਆਂ, ਜਿਸ ਤੋਂ ਬਾਅਦ ਸਥਾਨਕ ਨਿਵਾਸੀਆਂ ਨੇ ਕੈਂਡਲ ਮਾਰਚ ਕੱਢ ਕੇ ਮੁਲਜ਼ਮਾਂ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕੀਤੀ ਸੀ।

## ਐੱਸ ਕੇ ਐੱਮ ਦੇ ਸੱਦੇ 'ਤੇ ਮੋਟਰਸਾਈਕਲ ਮਾਰਚ ਕੱਢਿਆ

**ਮੂਣਕ (ਰਾਜਪਾਲ ਸਿੰਗਲਾ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਮੂਣਕ ਦੇ ਕਿਸਾਨਾਂ ਅਤੇ ਭਰਾਤਰੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਨਿੱਜੀਕਰਨ ਵਿਰੁੱਧ ਮੂਣਕ ਅਤੇ ਖਨੌਰੀ ਅਧੀਨ ਪੈਂਦੇ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੱਢਿਆ ਗਿਆ ਜਿਸ ਵਿੱਚ ਸੈਂਕੜਿਆਂ ਦੀ ਤਾਦਾਦ ਵਿੱਚ ਕਿਸਾਨ ਮਜ਼ਦੂਰ ਅਤੇ ਮੁਲਾਜ਼ਮ ਮੋਟਰਸਾਈਕਲ ਲੈ ਕੇ ਸ਼ਾਮਲ ਹੋਏ। ਪਿੰਡਾਂ ਦੀ ਗਲੀ ਗਲੀ ਵਿੱਚ ਜਾ ਕੇ ਲੋਕਾਂ ਨੂੰ ਪਬਲਿਕ ਅਦਾਰਿਆਂ ਦੇ ਵੱਡੀ ਪੱਧਰ ਤੇ



ਹੋ ਰਿਹਾ ਨਿੱਜੀਕਰਨ ਬਾਰੇ ਜਾਗਰੂਕ ਕੀਤਾ ਅਤੇ ਇਹਨਾਂ ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਤੋਂ ਬਚਾਉਣ ਲਈ ਸੰਘਰਸ਼ ਦੇ ਮੈਦਾਨ ਵਿੱਚ ਆਉਣ ਲਈ ਪ੍ਰੇਰਿਤ ਕੀਤਾ ਤਾਂ ਕਿ ਬਿਜਲੀ ਸੋਧ ਬਿਲ 2025 ਬੀਜ ਐਕਟ ਕਾਨੂੰਨ ਮਨਰੇਗਾ ਦਾ ਕੇਂਦਰੀਕਰਨ ਅਤੇ ਚਾਰ ਕਿਰਤੀ ਕੋਡ ਕਾਨੂੰਨ ਰੱਦ ਕਰਵਾਏ ਜਾਣ ਕਿਉਂਕਿ ਕੇਂਦਰ ਤੇ ਸੂਬਾ ਸਰਕਾਰਾਂ ਇਹਨਾਂ ਨਿੱਜੀਕਰਨ ਦੀ ਨੀਤੀ ਤੇ ਬਰਾਬਰ ਦੀਆਂ ਭਾਈਵਾਲ ਹਨ। ਇਸ ਮੌਕੇ ਬੀ ਕੇ ਯੂ ਉਗਰਾਹਾਂ ਵੱਲੋਂ ਸੁਖਦੇਵ ਕੜੈਲ ਰਿੰਕੂ ਮੂਣਕ ਬੰਟੀ ਢੀਂਡਸਾ ਰੋਸ਼ਨ ਮੂਣਕ ਬੱਬੂ ਚੱਠਾ ਕੁਲਦੀਪ ਗੁਲਾੜੀ ਰਮੇਸ਼ ਅਣਦਾਣਾ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਹਰਭਗਵਾਨ ਸਿੰਘ ਮੂਣਕ ਲੋਕ ਮੋਰਚਾ ਪੰਜਾਬ ਜਗਸੀਰ ਸਿੰਘ ਸਲੇਮਗੜ ਗਗਨ ਮੂਣਕ ਪੰਜਾਬ ਖੇਤ ਕਿਸਾਨ ਯੂਨੀਅਨ ਵੱਲੋਂ ਸਵਰਨ ਸਿੰਘ ਹੋਰ ਭਰਾਤਰੀ ਜਥੇਬੰਦੀਆਂ ਵੱਲੋਂ ਮੋਨੋ ਸੈਣੀ ਜੱਗਾ ਸਿੰਘ ਨਰੇਸ਼ ਕੁਮਾਰ ਨੇ ਵੀ ਸੰਬੋਧਨ ਕੀਤਾ।

## ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਖਿਲਾਫ਼ ਭੁੱਖ ਹੜਤਾਲ ਅੱਜ ਤੋਂ

**ਪਟਿਆਲਾ**- ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਅਦਾਰੇ ਦੀਆਂ ਜਾਇਦਾਦਾਂ ਵੇਚਣ ਖਿਲਾਫ਼ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਵੱਖ-ਵੱਖ ਜਥੇਬੰਦੀਆਂ ਦੇ ਸਾਂਝੇ ਥੜੇ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ , ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ) ਅਤੇ ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਨੇ ਅਦਾਰੇ ਦੀਆਂ ਜਾਇਦਾਦਾਂ ਵੇਚਣ ਦੇ ਸਰਕਾਰ ਦੇ ਮਨਸੂਬਿਆਂ ਖਿਲਾਫ਼ ਅੱਜ ਤੋਂ 9 ਜਨਵਰੀ ਤੱਕ ਪਾਵਰਕਾਮ ਦੇ ਮੁੱਖ ਦਫਤਰ ਸਾਹਮਣੇ 11 ਆਗੂਆਂ ਵੱਲੋਂ ਲੜੀਵਾਰ 24 ਘੰਟੇ ਦੀ ਭੁੱਖ ਹੜਤਾਲ ਰੱਖ ਕੇ ਰੋਜ਼ਾਨਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ । ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਾਂਝਾ ਫੋਰਮ ਅਤੇ ਏਕਤਾ ਮੰਚ ਦੇ ਆਗੂਆਂ ਰਤਨ ਸਿੰਘ ਮਜਾਰੀ ਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਕਿਹਾ ਕਿ ਸਰਕਾਰ ਅਤੇ ਪਾਵਰ ਮੈਨੇਜਮੈਂਟ ਇੱਕਤਰਫਾ ਤੌਰ ਤੇ ਬਿਜਲੀ ਨਿਗਮ ਦੀਆਂ ਵੱਖ ਵੱਖ ਸ਼ਹਿਰਾਂ ਵਿੱਚ ਮੌਜੂਦ ਬੇਸ਼ਕੀਮਤੀ ਜਾਇਦਾਦਾਂ ਧੱਕੇ ਨਾਲ ਵੇਚਣ ਲਈ ਪੱਬਾਂ ਭਾਰ ਹੋ ਕੇ ਕੰਮ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਆਗੂ ਅਤੇ ਵਰਕਰ 1 ਜਨਵਰੀ ਤੋਂ 9 ਜਨਵਰੀ ਤੱਕ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਬਲਦੇਵ ਸਿੰਘ ਮੰਡਾਲੀ , ਕੁਲਵਿੰਦਰ ਸਿੰਘ ਢਿੱਲੋਂ, ਸਰਿੰਦਰਪਾਲ ਲਹੌਰੀਆ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਸੁਖਵਿੰਦਰ ਸਿੰਘ ਚਾਹਲ, ਇੰਜੀ : ਹਰਮਨਦੀਪ , ਦਵਿੰਦਰ ਸਿੰਘ ਪਿਸੋਰ, ਮਨਜੀਤ ਸਿੰਘ ਚਾਹਲ, ਰਾਧੇਸ਼ਿਆਮ, ਜਸਵੀਰ ਸਿੰਘ ਆਂਡਲੂ , ਕੌਰ ਸਿੰਘ ਸੋਹੀ , ਦਲੀਪ ਕੁਮਾਰ , ਬਾਬਾ ਅਮਰਜੀਤ ਸਿੰਘ , ਗੁਰਪਿਆਰ ਸਿੰਘ , ਪਵਨਪ੍ਰੀਤ ਸਿੰਘ ਆਦਿ ਦੀ ਅਗਵਾਈ ਹੇਠ ਅਦਾਰੇ ਦੀਆਂ ਬੇਸ਼ਕੀਮਤੀ ਜਾਇਦਾਦਾਂ ਜਿਨ੍ਹਾਂ ਨੂੰ ਸਰਕਾਰ ਆਪਣੀਆਂ ਰਾਜਸੀ ਲੋੜਾਂ ਲਈ ਵੇਚ ਰਹੀ ਹੈ ਦਾ ਡਟਵਾਂ ਵਿਰੋਧ ਕਰਦੇ ਹੋਏ ਸੰਘਰਸ਼ਾਂ ਰਾਹੀਂ ਮੂੰਹ ਤੋੜ ਜਵਾਬ ਦੇਣਗੇ ।

## ਅਬੁਲ ਖਰਾਣਾ 'ਚ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਇਮਾਰਤ 'ਤੇ ਚੱਲਿਆ ਬੁਲਡੋਜ਼ਰ

**ਮਲੋਟ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ ਪੂਜਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਹਲਕਾ ਮਲੋਟ ਦੇ ਪਿੰਡ ਅਬੁਲ ਖਰਾਣਾ ਵਿੱਚ ਇੱਕ ਨਸ਼ਾ ਤਸਕਰ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਬਣਾਈ ਗਈ ਇਮਾਰਤ ਨੂੰ ਕਾਨੂੰਨੀ ਪ੍ਰਕਿਰਿਆ ਅਨੁਸਾਰ ਢਾਹ ਦਿੱਤਾ ਗਿਆ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਧੀਨ ਅਬੁਲ ਖਰਾਣਾ ਪਿੰਡ ਵਿੱਚ ਕੀਤੀ ਗਈ ਇਹ



ਕਾਰਵਾਈ ਜ਼ਿਲ੍ਹੇ ਅੰਦਰ ਨਸ਼ਾ ਤਸਕਰਾਂ ਲਈ ਸਖ਼ਤ ਚੇਤਾਵਨੀ ਹੈ ਕਿ ਗੈਰ-ਕਾਨੂੰਨੀ ਕਮਾਈ ਨਾਲ ਬਣਾਈ ਗਈ ਸੰਪਤੀ ਨੂੰ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ। ਪਿੰਡ ਅਬੁਲ ਖਰਾਣਾ ਦੇ ਵਸਨੀਕਾਂ ਵੱਲੋਂ ਖੁਸ਼ੀ ਜ਼ਾਹਰ ਕਰਦੇ ਹੋਏ ਕਿਹਾ ਗਿਆ ਕਿ ਇਸ ਤਰ੍ਹਾਂ ਦੀ ਕਾਰਵਾਈ ਨਾਲ ਪਿੰਡ ਵਿੱਚ ਸਮਾਜਿਕ ਸੁਧਾਰ ਹੋਵੇਗਾ ਅਤੇ ਨਸ਼ਿਆਂ ਵਿਰੁੱਧ ਇੱਕ ਮਜ਼ਬੂਤ ਸੰਦੇਸ਼ ਜਾਵੇਗਾ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੇ ਨੁਮਾਇੰਦੇ ਨੇ ਦੱਸਿਆ ਕਿ ਇਹ ਇਮਾਰਤ ਨਜਾਇਜ਼ ਤਰੀਕੇ ਨਾਲ ਬਣਾਈ ਗਈ ਸੀ। ਡੀ.ਡੀ.ਪੀ.ਓ. ਵੱਲੋਂ ਇਸ ਮਾਮਲੇ ਨੂੰ ਪੁਲਸ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ। ਜਾਂਚ ਦੌਰਾਨ ਸਾਹਮਣੇ ਆਇਆ ਕਿ ਮਨਿੰਦਰ ਸਿੰਘ ਉਰਫ਼ ਮਨੀ ਵਾਸੀ ਅਬੁਲ ਖਰਾਣਾ ਖਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਵੱਖ-ਵੱਖ 7 ਮੁੱਕਦਮੇ ਦਰਜ ਹਨ। ਸਮਰੱਥ ਅਥਾਰਟੀ ਤੋਂ ਮਨਜ਼ੂਰੀ ਪ੍ਰਾਪਤ ਕਰਨ ਉਪਰੰਤ ਪੂਰੀ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕਰਦੇ ਹੋਏ ਇਹ ਗੈਰ-ਕਾਨੂੰਨੀ ਇਮਾਰਤ ਢਾਹੀ ਗਈ। ਇਸ ਸਬੰਧੀ ਸ੍ਰੀ ਅਭਿਮੰਨਿਊ ਰਾਣਾ ਐਸ.ਐਸ.ਪੀ. ਸ੍ਰੀ ਮੁਕਤਸਰ ਸਾਹਿਬ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਪਸ਼ਟ ਨਿਰਦੇਸ਼ਾਂ ਅਨੁਸਾਰ 'ਮਿਸ਼ਨ ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਜ਼ਿਲ੍ਹੇ ਵਿੱਚ ਵਿਆਪਕ ਪੱਧਰ 'ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਜੋ ਕੋਈ ਵੀ ਨਸ਼ਿਆਂ ਦੀ ਕਾਲੀ ਕਮਾਈ ਰਾਹੀਂ ਜਾਇਦਾਦ ਬਣਾਉਂਦਾ ਹੈ, ਉਸ ਸੰਪਤੀ ਨੂੰ ਕਾਨੂੰਨ ਅਨੁਸਾਰ ਅਟੈਚ ਜਾਂ ਢਾਹ ਦਿੱਤਾ ਜਾਵੇਗਾ। ਐਸ.ਐਸ.ਪੀ. ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਨਸ਼ਾ ਤਸਕਰੀ ਬਾਰੇ ਕੋਈ ਵੀ ਜਾਣਕਾਰੀ ਹੋਵੇ ਤਾਂ ਉਹ ਬਿਨਾਂ ਕਿਸੇ ਡਰ ਦੇ ਪੁਲਸ ਨੂੰ ਸੂਚਿਤ ਕਰਨ। ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ ਅਤੇ ਦੋਸ਼ੀਆਂ ਖ਼ਿਲਾਫ਼ ਕਾਨੂੰਨ ਅਨੁਸਾਰ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਸ੍ਰੀਮਤੀ ਹਰਕਮਲ ਕੌਰ, ਐਸ.ਪੀ. (ਐਚ), ਅੰਗਰੇਜ਼ ਸਿੰਘ ਡੀ.ਐਸ.ਪੀ. (ਮਲੋਟ) ਤੋਂ ਇਲਾਵਾ ਹੋਰ ਪੁਲਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ।

## ਸ਼ਹਿਰ ਦੇ ਸਫ਼ਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਮਨਦੀਪ ਕੌਰ ਵੱਲੋਂ ਸ਼ਹਿਰ ਦੀ ਸਾਫ ਸਫਾਈ ਦੇ ਕੰਮਾਂ ਦਾ ਜਾਇਜ਼ਾ ਲਿਆ ਗਿਆ।ਇਸ ਦੌਰਾਨ ਉਨ੍ਹਾਂ ਸ਼ਹਿਰ ਦੇ ਵੱਖ-ਵੱਖ ਇਲਾਕਿਆ ਵਿਖੇ ਸਾਫ-ਸਫਾਈ ਦੀ ਚੈਕਿੰਗ ਕੀਤੀ ਗਈ। ਨਵੇਂ ਸਾਲ ਦੇ ਮੱਦੇਨਜ਼ਰ ਵਧੀਕ ਡਿਪਟੀ ਕਮਿਸ਼ਨਰ (ਜ) ਨੇ ਟੀਵੀ ਟਾਵਰ ਰੋਡ, ਨਵਾਂ ਬੱਸ ਸਟੈਂਡ, ਕੈਂਟ ਰੋਡ ਆਦਿ ਸਥਾਨਾ ਤੇ ਸਾਫ਼-ਸਫ਼ਾਈ ਦੇ ਪ੍ਰਬੰਧਾਂ ਦੀ ਚੈਕਿੰਗ ਦੇ ਨਾਲ-ਨਾਲ ਨਗਰ ਕੌਂਸਲ ਵੱਲੋਂ ਲਾਈਆਂ ਫਟੀਕ ਗੈਂਗ (ਸਫ਼ਾਈ ਗੈਂਗ) ਦੀ ਚੈਂਕਿੰਗ ਕੀਤੀ ਗਈ। ਉਨ੍ਹਾਂ ਦੁਕਾਨਦਾਰਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਆਪਣਾ ਕੂੜਾ ਕਰਕਟ ਬਾਹਰ ਸੜਕਾਂ 'ਤੇ ਖੁੱਲ੍ਹੇ ਵਿੱਚ ਨਾ ਸੁੱਟਣ ਅਤੇ ਕੂੜਾ ਕਰਕਟ ਨੂੰ ਹਮੇਸ਼ਾ ਹੀ ਗਿੱਲਾ ਕੂੜਾ ਅਤੇ ਸੁੱਕਾ ਕੂੜਾ ਵੱਖ-ਵੱਖ ਡਸਟਬਿਨਾਂ ਵਿੱਚ ਰੱਖ ਦੇ ਨਗਰ ਕੌਂਸਲ ਦੇ ਵੇਸਟ ਕੁਲੈਕਟਰ ਨੂੰ ਹੀ ਦੇਣ। ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਦੀਆਂ ਸੜਕਾਂ, ਡਰੇਨਜ਼, ਬਰਸਾਤੀ ਨਾਲਿਆਂ ਤੇ ਨਾਲੀਆਂ ਦੀ ਸਫਾਈ ਕਰਨੀ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਦੁਕਾਨਦਾਰਾਂ ਤੇ ਸਹਿਰ ਵਾਸੀ ਪਲਾਸਟਿਕ ਲਿਫ਼ਾਫ਼ਿਆਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਯਕੀਨੀ ਬਣਾਉਣ ਕਿਉਂਕਿ ਇਹ ਨਾਲਿਆਂ, ਨਾਲੀਆਂ 'ਚ ਫਸ ਕੇ ਸੀਵਰੇਜ ਨੂੰ ਜਾਮ ਕਰਦਾ ਹੈ ਤੇ ਇਸ ਦਾ ਪ੍ਰਯੋਗ ਵਾਤਾਵਰਨ ਲਈ ਖਤਰਨਾਕ ਹੈ ਅਤੇ ਬਜ਼ਾਰ ਖਰੀਦਦਾਰੀ ਕਰਣ ਲਈ ਜਾਣ ਸਮੇਂ ਕੱਪੜੇ ਦਾ ਥੈਲਾ ਘਰ ਤੋਂ ਹੀ ਨਾਲ ਲਿਜਾਇਆ ਜਾਵੇ।

## ਲਾਇਨ ਕਲੱਬ ਮੇਨ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਦੁੱਧ ਦਾ ਲੰਗਰ ਲਾਇਆ

**ਜਗਰਾਉਂ (ਸੰਜੀਵ ਅਰੋੜਾ)**- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ,



ਮਾਤਾ ਗੁਜਰ ਕੌਰ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਲਾਇਨ ਕਲੱਬ ਜਗਰਾਉਂ ਮੇਨ ਵੱਲੋਂ ਸਿਵਲ ਹਸਪਤਾਲ ਜਗਰਾਉਂ ਵਿਖੇ ਗਰਮ ਦੁੱਧ ਅਤੇ ਬਰੈਡਾਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਕਲੱਬ ਦੇ ਪ੍ਰਧਾਨ ਲਾਇਨ ਕੰਵਲਜੀਤ ਸਿੰਘ ਮੱਲਾ ਵੱਲੋਂ ਕਿਹਾ ਗਿਆ ਕਿ, ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਅਤੇ ਹੋਰ ਸਿੰਘਾਂ ਦੀ ਲਾਸਾਨੀ ਸ਼ਹਾਦਤ ਅੱਗੇ ਸਾਡਾ ਸਿਰ ਝੁਕਦਾ ਹੈ। ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਨੂੰ ਠੰਡੇ ਬੁਰਜ ਵਿੱਚ ਦੁੱਧ ਛਕਾਉਣ ਵਾਲੇ ਬਾਬਾ ਮੋਤੀ ਰਾਮ ਮਹਿਰਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸ਼ਹਾਦਤ ਦੇ ਕੇ ਕੀਮਤ ਚੁਕਾਉਣੀ ਪਈ। ਇਸ ਮੌਕੇ ਸਿਵਲ ਹਸਪਤਾਲ ਜਗਰਾਉਂ ਦੇ ਐਸ.ਐਮ.ਓ. ਡਾਕਟਰ ਗੁਰਵਿੰਦਰ ਕੌਰ, ਡਾਕਟਰ ਨਵਦੀਪ ਕੌਰ ਸਿੱਧੂ, ਡਾਕਟਰ ਧੀਰਜ ਸਿੰਗਲਾ, ਡਾਕਟਰ ਸੁਖਵਿੰਦਰ ਸਿੰਘ, ਡਾਕਟਰ ਅਮਰਪ੍ਰੀਤ ਸਿੰਘ, ਡਾਕਟਰ ਮਨਪ੍ਰੀਤ ਸਿੰਘ ਸੀਹਰਾ, ਸਿਵਲ ਹਸਪਤਾਲ ਦਾ ਸਮੁੱਚਾ ਸਟਾਫ, ਲਾਇਨ ਕਲੱਬ ਮੇਨ ਦੇ ਪ੍ਰਧਾਨ ਐਮ.ਜੇ.ਐਫ. ਲਾਇਨ ਕੰਵਲਜੀਤ ਸਿੰਘ ਮੱਲ੍ਹਾ, ਸੈਕਟਰੀ ਐਮ.ਜੇ.ਐਫ. ਲਾਇਨ ਪਰਮਵੀਰ ਸਿੰਘ ਗਿੱਲ, ਕੈਸ਼ੀਅਰ ਐਮ.ਜੇ.ਐਫ. ਲਾਇਨ ਜਸਜੀਤ ਸਿੰਘ ਮੱਲੀ, ਐਮ.ਜੇ.ਐਫ. ਲਾਇਨ ਸ਼ਰਨਦੀਪ ਸਿੰਘ ਬੈਨੀਪਾਲ ਰੀਜਨ ਚੇਅਰਪਰਸਨ, ਐਮ.ਜੇ.ਐਫ. ਲਾਇਨ ਅਮਰਿੰਦਰ ਸਿੰਘ ਜੋਨ ਚੇਅਰਪਰਸਨ, ਪੀ.ਐਮ.ਜੇ.ਐਫ. ਦਵਿੰਦਰ ਸਿੰਘ ਤੂਰ, ਪੀ.ਆਰ.ਓ. ਲਾਇਨ ਹਰਪ੍ਰੀਤ ਸਿੰਘ ਸੱਗੂ, ਲਾਇਨ ਇੰਦਰਪਾਲ ਸਿੰਘ ਢਿੱਲੋਂ, ਐਮ.ਜੇ.ਐਫ. ਹਰਮਿੰਦਰ ਸਿੰਘ ਬੋਪਾਰਾਏ, ਲਾਇਨ ਨਿਰਭੈ ਸਿੰਘ ਸਿੱਧੂ, ਲਾਇਨ ਗੁਰਪ੍ਰੀਤ ਸਿੰਘ ਛੀਨਾ, ਲਾਇਨ ਰਜਿੰਦਰ ਸਿੰਘ ਢਿੱਲੋਂ, ਐਮ.ਜੇ.ਐਫ. ਲਾਇਨ ਗੁਰਜੋਤ ਸਿੰਘ ਗਰੇਵਾਲ, ਲਾਇਨ ਮਨਜੀਤ ਸਿੰਘ ਮਠਾੜੂ, ਲਾਇਨ ਅਮਰਜੀਤ ਸਿੰਘ ਸੋਨੂੰ, ਲਾਇਨ ਜਗਮੇਲ ਸਿੰਘ, ਲਾਇਨ ਜਗਜੀਤ ਸਿੰਘ ਅਤੇ ਲਾਇਨ ਮੋਹਿਤ ਗਰਗ ਆਦਿ ਹਾਜ਼ਰ ਸਨ।

## ਕੇਂਦਰ ਸਰਕਾਰ ਵਲੋਂ ਗਰੀਬਾਂ ਦੇ ਰੋਜ਼ਗਾਰ 'ਤੇ ਡਾਕਾ ਮਾਰਨ ਦੀ ਕੋਸ਼ਿਸ਼ : ਮਿੰਟੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)**- ਕੇਂਦਰ ਸਰਕਾਰ ਵਲੋਂ ਮਨਰੇਗਾ ਯੋਜਨਾ ਵਿਚ ਜੋ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਉਨ੍ਹਾਂ ਨੂੰ ਤੁਰੰਤ ਵਾਪਸ ਲਿਆ ਜਾਵੇ ਕਿਉਂਕਿ ਇਹ ਮਜ਼ਦੂਰ ਵਿਰੋਧੀ ਹਨ। ਇਹ ਪ੍ਰਗਟਾਵਾ ਕਾਂਗਰਸ ਦੇ ਜ਼ਿਲ੍ਹਾ ਉਪ ਪ੍ਰਧਾਨ ਤੇ ਅਬਜ਼ਰਵਰ ਕਸਤੂਰੀ ਲਾਲ ਮਿੰਟੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਅਬਜ਼ਰਵਰ ਮਿੰਟੂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਮਨਰੇਗਾ ਐਕਟ ਵਿਚ ਤਬਦੀਲੀ ਕਰਨ ਦੇ ਨਾਮ 'ਤੇ ਗਰੀਬ ਲੋਕਾਂ ਦੇ ਰੋਜ਼ਗਾਰ 'ਤੇ ਡਾਕਾ ਮਾਰਨ ਦੀ ਕੀਤੀ ਕੋਸ਼ਿਸ਼ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕੇਂਦਰ ਸਰਕਾਰ ਮਨਰੇਗਾ ਸਕੀਮ ਦਾ ਨਾਮ ਬਦਲ ਕੇ ਪੇਂਡੂ ਖੇਤਰਾਂ 'ਚ 100 ਦਿਨ ਰੁਜ਼ਗਾਰ ਦੀ ਗਰੰਟੀ ਨੂੰ ਵੀ ਖਤਮ ਕਰਨਾ ਚਹੁੰਦੀ ਹੈ।

## ਬੀ ਪੀ ਈ ਓਜ਼ ਦੀਆਂ ਪ੍ਰਮੋਸ਼ਨਾਂ ਜਲਦ ਕੀਤੀਆਂ ਜਾਣ : ਜੀ ਟੀ ਯੂ ਵਿਗਿਆਨਕ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ /ਪੂਜਾ)**- ਗੌਰਮਿੰਟ ਟੀਚਰਜ਼ ਯੂਨੀਅਨ ਵਿਗਿਆਨਕ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਜੰਬਰ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਸੰਧੂ, ਨਵਦੀਪ ਸਿੰਘ ਸੁੱਖੀ, ਅਜੀਤਪਾਲ ਸਿੰਘ, ਮੋਹਨ ਲਾਲ, ਸੁਮੇਸ਼ ਕੁਮਾਰ, ਗਗਨਦੀਪ ਸਿੰਘ, ਭੋਲਾ ਸਿੰਘ, ਜਸਵਿੰਦਰ ਸਿੰਘ, ਅਦੀਸ਼ ਜੈਨ, ਸਾਹਿਬ ਸਿੰਘ, ਗਰਮੀਤ ਸਿੰਘ, ਸੁਖਵੰਤ ਸਿੰਘ, ਕੰਵਰਜੀਤ ਸਿੰਘ, ਪਵਿੱਤਰ ਸਿੰਘ, ਗੁਰਵਿੰਦਰ ਸਿੰਘ ਅਤੇ ਨੇਪਾਲ ਸਿੰਘ ਗਿੱਲ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀਆਂ ਪ੍ਰਮੋਸ਼ਨਾਂ ਜਲਦ ਕੀਤੀਆਂ ਜਾਣ। ਪੰਜਾਬ ਵਿੱਚ ਇਕ ਬੀ ਪੀ ਈ ਓ ਪੰਜ ਪੰਜ ਬਲਾਕਾਂ ਦਾ ਕੰਮ ਵੇਖ ਰਹੇ ਹਨ। ਇਸ ਨਾਲ ਅਧਿਆਪਕਾਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖਿਆ ਦਾ ਮਿਆਰ ਘਟ ਰਿਹਾ ਹੈ। ਪੰਜਾਬ ਵਿੱਚ 90 ਦੇ ਲੱਗਭਗ ਬੀ ਪੀ ਈ ਓ ਦੀਆਂ ਅਸਾਮੀਆਂ ਖਾਲੀ ਹਨ। ਸਰਕਾਰ ਨੂੰ ਬਲਾਕ ਦੇ ਕੰਮ ਦੀ ਬੇਹਤਰੀ ਲਈ ਬੀ ਪੀ ਈ ਓ ਦੀਆਂ ਅਸਾਮੀਆਂ ਤੁਰੰਤ ਭਰਨੀਆਂ ਚਾਹੀਦੀਆਂ ਹਨ।

## ਵਿਆਹੁਤਾ ਦੀ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ 'ਚ 3 ਨਾਮਜ਼ਦ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**: ਗੁਰੂਹਰਸਹਾਏ ਵਿਖੇ ਇਕ ਵਿਆਹੁਤਾ ਕੋਲੋਂ ਹੋਰ ਦਾਜ ਮੰਗਣ ਤੇ ਉਸ ਦੀ ਕੁੱਟਮਾਰ ਕਰਕੇ ਘਰੋਂ ਕੱਢਣ ਦੇ ਦੋਸ਼ ਵਿਚ ਥਾਣਾ ਵਿਮਨ ਫ਼ਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ 3 ਮੈਂਬਰਾਂ ਖਿਲਾਫ 498-ਏ, ਆਈਪੀਸੀ ਐਂਡ 04 ਡੋਵਰੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ ਯੂਆਈਡੀ-618465 ਮਿਤੀ 14 ਜੁਲਾਈ 2025 ਵੱਲੋਂ ਸਲੋਨੀ ਪੁੱਤਰ ਅੰਗਰੇਜ਼ ਪਾਲ ਵਾਸੀ ਗੁਰੂਹਰਸਹਾਏ ਨੇ ਦੱਸਿਆ ਕਿ ਉਸ ਦਾ ਵਿਆਹ 25 ਫਰਵਰੀ 2013 ਨੂੰ ਕਰਨ ਧੀਂਗੜਾ ਪੁੱਤਰ ਅਸ਼ਵਨੀ ਧੀਂਗੜਾ ਵਾਸੀਅਨ ਹਾਊਸ ਨੰਬਰ ਬੀ-34/5843, ਗਲੀ ਨੰਬਰ 6, ਲਕਸ਼ਮੀ ਨਗਰ, ਹੈਬੋਵਾਲ ਕਲਾਂ ਲੁਧਿਆਣਾ ਨਾਲ ਹੋਇਆ ਸੀ। ਵਿਆਹੁਤਾ ਸਲੋਨੀ ਨੇ ਦੱਸਿਆ ਕਿ ਉਸ ਦੇ ਵਿਆਹ ਸਮੇਂ ਉਸ ਦੀ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਦਿੱਤਾ ਸੀ, ਪਰ ਉਸ ਦਾ ਪਤੀ ਕਰਨ ਧੀਂਗੜਾ, ਸਹੁਰਾ ਅਸ਼ਵਨੀ ਧੀਂਗੜਾ ਤੇ ਸੱਸ ਆਸ਼ੂ ਧੀਂਗੜਾ ਇਸ ਦਾਜ ਦਹੇਜ ਤੋਂ ਖੁਸ਼ ਨਹੀਂ ਸਨ ਤੇ ਉਸ ਕੋਲੋਂ ਦਾਜ ਦਹੇਜ ਦੀ ਮੰਗ ਕਰਨ ਲੱਗੇ। ਸਲੋਨੀ ਨੇ ਦੱਸਿਆ ਕਿ ਉਸ ਵੱਲੋਂ ਇਨਕਾਰ ਕਰਨ ਤੇ ਕਰਨ ਧੀਂਗੜਾ, ਸੱਸ ਆਸ਼ੂ ਧੀਂਗੜਾ, ਸਹੁਰਾ ਅਸ਼ਵਨੀ ਧੀਂਗੜਾ ਨੇ ਉਸ ਦੀ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ। ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਵਿਆਹੁਤਾ ਦੇ ਪਤੀ, ਸੱਸ ਤੇ ਸਹੁਰੇ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਸ਼ਹੀਦੀ ਦਿਨਾਂ 'ਚ 'ਸ਼ਰਾਬ ਛੱਡੋ' ਦੇ ਹੋਕੇ ਦਾ ਵਧੀਆ ਅਸਰ

**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)** ਅਲਾਇੰਸ ਇੰਟਰਨੈਸ਼ਨਲ ਕਲੱਬ ਵੱਲੋਂ ਸ਼ਹੀਦੀ ਦਿਨਾਂ ਦੇ ਸੰਬੰਧ ਵਿੱਚ ਨਿਹਾਲ ਸਿੰਘ ਵਾਲਾ ਤੇ ਆਲੇ-ਦੁਆਲੇ ਦੇ 20 ਪਿੰਡਾਂ ਵਿੱਚ ਦਵਾਇਆ ਸ਼ਰਾਬ ਛੱਡੋ ਦਾ ਹੋਕਾ ਵਧੀਆ ਲੋਕ-ਪੱਖੀ ਸੁਨੇਹਾ ਦੇ ਕੇ ਗਿਆ।ਕਲੱਬ ਦੇ ਪ੍ਰਧਾਨ ਡਾ. ਫ਼ਕੀਰ ਮੁਹੰਮਦ ਤੇ ਜਨਰਲ ਸਕੱਤਰ ਡਾ. ਸ਼ਿਵਦੇਵ ਸਿੰਘ ਨੇ ਦੱਸਿਆ ਕਿ 20 ਤੋਂ 30 ਦਸੰਬਰ ਤੱਕ ਕਸਬਾ ਨਿਹਾਲ ਸਿੰਘ ਵਾਲਾ ਤੇ ਇਸ ਦੇ ਨਾਲ ਲੱਗਦੇ ਪਿੰਡਾਂ ਪੱਤੋ ਹੀਰਾ ਸਿੰਘ, ਬਾਰੇਵਾਲਾ, ਦੀਦਾਰੇਵਾਲਾ, ਜਵਾਹਰ ਸਿੰਘ ਵਾਲਾ, ਭਾਗੀਕੇ, ਸੈਦੋਕੇ, ਮਧੇਕੇ, ਤਖਤੂਪੁਰਾ, ਬਿਲਾਸਪੁਰ, ਮਾਛੀਕੇ, ਹਿੰਮਤਪੁਰਾ, ਧੂੜਕੋਟ-ਰਣਸੀਂਹ, ਰਣਸੀਂਹ ਕਲਾਂ, ਰਣਸੀਂਹ ਖੁਰਦ, ਬੀੜ ਰਾਊਕੇ, ਬੀੜ ਬੱਧਨੀ ਵਿਖੇ ਸ਼ਹੀਦੀ ਦਿਹਾੜਿਆਂ ਸੰਬੰਧੀ ਲੋਕਾਂ ਵਿੱਚ ਇੱਕ ਚੇਤਨਾ ਹੋਕਾ ਦਿੱਤਾ ਗਿਆ ਤੇ ਇਨ੍ਹਾਂ ਦਿਨਾਂ ਵਿੱਚ ਸ਼ਰਾਬ ਸਮੇਤ ਹਰ ਪ੍ਰਕਾਰ ਦੇ ਨਸ਼ੇ ਛੱਡਣ ਲਈ ਲੋਕਾਂ ਨੂੰ ਪ੍ਰੇਰਣਾ ਦਿੱਤੀ ਗਈ।ਇਸ ਹੋਕੇ ਤੋਂ ਪ੍ਰਭਾਵਤ ਹੋ ਕੇ ਇਲਾਕੇ ਦੀਆਂ ਨਿਹੰਗ ਸਿੰਘ ਜਥੇਬੰਦੀਆਂ ਨੇ ਕਲੱਬ ਦੇ ਪ੍ਰਧਾਨ ਸਾਹਿਬ ਡਾ. ਫ਼ਕੀਰ ਮੁਹੰਮਦ ਸਾਹਿਬ ਦਾ ਵਿਸ਼ੇਸ ਰੂਪ 'ਚ ਸਨਮਾਨ ਕੀਤਾ। 50 ਦੇ ਕਰੀਬ ਵੀਰਾਂ ਜਿਨ੍ਹਾਂ ਨੇ ਸ਼ਰਾਬ ਛੱਡਣ ਤੇ ਨੀਂਦ ਨਾ ਆਉਣ ਦੀ ਅਲਾਮਤ ਦੱਸੀ,



ਉਨ੍ਹਾਂ ਨੂੰ ਦੀਪ ਹਸਪਤਾਲ ਦੇ ਡਾਕਟਰ ਹਰਗੁਰਪ੍ਰਤਾਪ ਵੱਲੋਂ ਮੁਫ਼ਤ ਦਵਾਈ ਵੀ ਭੇਟਾ ਕੀਤੀ ਗਈ।ਕੁੱਲ ਮਿਲਾ ਕੇ ਕਲੱਬ ਦਾ ਇਹ ਉਪਰਾਲਾ ਵੱਡੀ ਪੱਧਰ 'ਤੇ ਆਮ-ਜਨਤਾ ਵੱਲੋਂ ਸਲਾਹਿਆ ਗਿਆ।ਕਲੱਬ ਦੇ ਪੀ.ਆਰ.ਓ. ਸ੍ਰੀ ਗੁਰਚਰਨ ਸਿੰਘ ਰਾਜੂ ਪੱਤੋ ਨੇ ਕਿਹਾ ਕਿ ਭਵਿੱਖ ਵਿੱਚ ਕਲੱਬ ਸ਼ਹੀਦੀ ਦਿਹਾੜਿਆਂ ਦੇ ਦਿਨਾਂ ਵਿੱਚ ਨਸ਼ਾ ਛਡਾਉ ਮੁਹਿੰਮਾਂ ਚਲਾਉਂਦਾ ਰਹੇਗਾ।

## ਅਲੌਕਿਕ ਦਸਮੇਸ਼ ਪੈਦਲ ਮਾਰਚ ਗੁਰਦੁਆਰਾ ਆਲਮਗੀਰ ਸਾਹਿਬ ਤੋਂ ਅਗਲੇ ਪੜਾਅ ਲਈ ਰਵਾਨਾ

**ਜਗਰਾਉਂ (ਸੰਜੀਵ ਅਰੋੜਾ)**- ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਿਲਾ ਸ੍ਰੀ ਅਨੰਦਗੜ੍ਹ ਸਾਹਿਬ ਨੂੰ ਛੱਡਣ ਦੇ ਵੈਰਾਗਮਈ ਦ੍ਰਿਸ਼ ਨੂੰ ਦਰਸਾਉਂਦਾ 31ਵਾਂ ਅਲੌਕਿਕ ਦਸਮੇਸ਼ ਪੈਦਲ ਮਾਰਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਆਲਮਗੀਰ ਸਾਹਿਬ ਤੋਂ ਗੁਰਦੁਆਰਾ ਟਾਹਲੀ ਸਾਹਿਬ (ਰਤਨ) ਲਈ ਰਵਾਨਾ ਹੋਇਆ। ਦਸਮੇਸ਼ ਪੈਦਲ ਮਾਰਚ ਦੌਰਾਨ ਰਾਗੀ ਭਾਈ ਹਰਜਿੰਦਰ ਸਿੰਘ ਰਾਜਾ ਰਸੂਲਪੁਰੀ ਨੇ ਪ੍ਰਸਿੱਧ ਲਿਖਾਰੀ ਮੁਖਤਿਆਰ ਸਿੰਘ ਤੂਰਾਨ ਬੀਹਲਾ ਦੀਆਂ ਲਿਖਤਾਂ 'ਤੇ ਵੈਰਾਗਮਈ ਕੀਰਤਨ ਕਰਕੇ ਸੰਗਤਾਂ ਦੇ ਹਿਰਦਿਆਂ ਨੂੰ ਝੰਜੋੜ ਕੇ ਰੱਖ ਦਿੱਤਾ। ਮਾਰਚ 'ਚ ਸ਼ਾਮਲ ਊਠ, ਘੋੜਿਆਂ ਤੇ ਸੁੰਦਰ ਟਰੈਕਟਰ ਟਰਾਲੀਆਂ ਉਪਰ ਸਜਾਏ ਗਏ ਗੁਰੂ ਸਾਹਿਬ ਵੱਲੋਂ ਕਿਲਾ ਛੱਡਣ ਵੇਲੇ ਦੇ ਦ੍ਰਿਸ਼ ਪੇਸ਼ ਕਰਦੇ ਚਿੱਤਰਾਂ ਨੇ ਸੰਗਤਾਂ ਨੂੰ ਆਕਰਸ਼ਿਤ ਕੀਤਾ। ਇਸ ਮੌਕੇ ਬਾਬਾ ਕੁਲਵੰਤ ਸਿੰਘ ਲੱਖਾ ਨੇ ਦੱਸਿਆ ਕਿ ਅਲੌਕਿਕ ਦਸਮੇਸ਼ ਪੈਦਲ ਮਾਰਚ ਸਬੰਧੀ



ਸੰਗਤਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਤੇ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਥਾਂ-ਥਾਂ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਨਗਰ ਕੀਰਤਨ 15 ਦਿਨਾਂ ਬਾਅਦ 4 ਜਨਵਰੀ ਨੂੰ ਗੁਰਦੁਆਰਾ ਸ੍ਰੀ ਮੈਹਿਦੇਆਣਾ ਸਾਹਿਬ ਵਿਖੇ ਪੁੱਜੇਗਾ। ਇਸ ਮੌਕੇ ਗੁਰਦੁਆਰਾ ਮੈਹਿਦੇਆਣਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਕੁਲਵੰਤ ਸਿੰਘ ਲੱਖਾ, ਮੈਨੇਜਰ ਹਰਦੀਪ ਸਿੰਘ, ਭੁਪਿੰਦਰ ਸਿੰਘ ਮੀਤ ਮੈਨੇਜਰ, ਬਲਵਿੰਦਰ ਸਿੰਘ ਹੈਡ ਗ੍ਰੰਥੀ, ਬਾਬਾ ਭਿੰਦਾ ਸਿੰਘ ਕਾਰ ਸੇਵਾ ਵਾਲੇ, ਰਜਿੰਦਰ ਸਿੰਘ ਸਾਬਕਾ ਸਰਪੰਚ, ਸੁਰਿੰਦਰ ਸਿੰਘ, ਪਿਆਰਾ ਸਿੰਘ, ਮੇਹਰ ਸਿੰਘ, ਜਸਵੀਰ ਸਿੰਘ, ਹੈਡ ਗ੍ਰੰਥੀ ਗੁਰਦਿੱਤ ਸਿੰਘ, ਗੁਰਮੇਲ ਸਿੰਘ ਜੰਮੂ, ਬਾਬਾ ਸੁਰਿੰਦਰ ਸਿੰਘ ਬਟਾਲਾ, ਗ੍ਰੰਥੀ ਬੇਅੰਤ ਸਿੰਘ ਗਾਗੇਵਾਲ, ਜੱਥੇਦਾਰ ਸੁਖਦੇਵ ਸਿੰਘ ਦੇਹੜਕਾ, ਜੋਗਿੰਦਰ ਸਿੰਘ ਲੱਖਾ, ਸੈਕਟਰੀ ਗੁਰਮੀਤ ਸਿੰਘ ਲੱਖਾ, ਬਲਵੀਰ ਸਿੰਘ ਲੱਖਾ, ਜੱਥੇਦਾਰ ਪ੍ਰਮਿੰਦਰ ਸਿੰਘ, ਦਿਨੇਸ਼ ਯੂ. ਪੀ., ਹੈਡ ਗ੍ਰੰਥੀ ਬਲਵਿੰਦਰ ਸਿੰਘ, ਨਛੱਤਰ ਸਿੰਘ ਭੰਮੀਪੁਰਾ, ਭਾਈ ਸਤਨਾਮ ਸਿੰਘ ਘਾਲਾ, ਅਜੈਬ ਸਿੰਘ ਯੂ. ਪੀ., ਹੈਰੀ ਹਠੂਰ, ਲਖਵੀਰ ਸਿੰਘ ਭੰਮੀਪੁਰਾ, ਇੰਦਰਜੀਤ ਸਿੰਘ ਮਾਣੂੰਕੇ, ਵਿੱਕੀ ਲੱਖਾ, ਹਰਬੰਸ ਸਿੰਘ, ਸੇਵਕ ਸਿੰਘ, ਡਾ: ਤਾਜ ਮੁਹੰਮਦ, ਹਰਜਿੰਦਰ ਸਿੰਘ ਲੱਖਾ, ਬੱਬੀ ਬਾਰਦੇ ਕੇ, ਵਜੀਰ ਸਿੰਘ ਲੱਖਾ, ਬਹਾਦਰ ਸਿੰਘ, ਹਰੀ ਸਿੰਘ ਬੁਰਜ, ਘੋਗਾ ਬੱਸੀਆਂ, ਮਨਜਿੰਦਰ ਸਿੰਘ ਆਲਮਗੀਰ, ਜੀਤੂ ਲੱਖਾ, ਗੁਰਪ੍ਰੀਤ ਸਿੰਘ ਜੱਸੜ, ਮੀਤਾ, ਗੋਪੀ ਮੱਲ੍ਹਾ, ਕਾਕਾ ਲੱਖਾ, ਸਤਨਾਮ ਸਿੰਘ ਬੁਰਜ, ਦਿਲਬਾਗ ਸਿੰਘ ਰਾਮਾ, ਹਰਮੀਤ ਸਿੰਘ ਨਿੱਕਾ, ਰਾਜਾ ਜੱਟਪੁਰਾ, ਜੱਸਾ ਖੈਹਿਰਾ, ਲਾਡੀ ਦੇਹੜਕਾ, ਜਗਤਾਰ ਸਿੰਘ ਮੱਲ੍ਹਾ ਤੇ ਕਾਲਾ ਮੱਲ੍ਹਾ ਆਦਿ ਹਾਜ਼ਰ ਸਨ।


## ਮੋਬਾਇਲ ਕੇਅਰ ਪ੍ਰੋਗਰਾਮ ਦੀ ਕਮਿਊਨਿਟੀ ਹੈੱਲਥ ਅਫ਼ਸਰਾਂ ਤੇ ਆਸ਼ਾ ਵਰਕਰਾਂ ਨੂੰ ਟ੍ਰੇਨਿੰਗ

**ਮਮਦੋਟ, (ਜਸਬੀਰ ਸਿੰਘ ਕੰਬੋਜ)** ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ ਦੇ ਦਿਸ਼ਾ ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਮਮਦੋਟ ਡਾ ਰੇਖਾ ਭੱਟੀ ਦੀ ਅਗਵਾਈ ਹੇਠ ਹਾਈ ਰਿਸਕ ਗਰਭਵਤੀ ਔਰਤਾਂ ਦੀ ਦੇਖਭਾਲ ਲਈ 'ਕਰੁਣਾ ਨਾਲ ਦੇਖਭਾਲ' ਮੋਬਾਈਲ ਕੇਅਰ ਪ੍ਰੋਗਰਾਮ ਦੀ ਕਮਿਊਨਿਟੀ ਹੈਲਥ ਅਫਸਰਾਂ, ਮ ਪ ਹ ਵ (ਫੀਮੇਲ) ਤੇ ਆਸ਼ਾ ਵਰਕਰਾਂ ਨੂੰ ਟ੍ਰੇਨਿੰਗ ਕਰਾਈ ਗਈ। ਡਾ. ਰੇਖਾ ਭੱਟੀ ਨੇ ਦਸਿਆ ਕਿ ਸਿਹਤ ਵਿਭਾਗ ਵੱਲੋਂ ਗਰਭਵਤੀ ਔਰਤਾਂ ਨੂੰ ਪਿੰਡ ਪੱਧਰ ਤੱਕ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਜਿਨ੍ਹਾਂ 'ਚ ਗਰਭਵਤੀ



ਔਰਤਾਂ ਦੀ ਰਜਿਸਟ੍ਰੇਸ਼ਨ ਉਨ੍ਹਾਂ ਦਾ ਸਮੇਂ-ਸਮੇਂ ਤੇ ਚੈੱਕਅਪ ਤੇ ਟੈਸਟ ਕੀਤੇ ਜਾਂਦੇ ਹਨ।ਸਿਹਤ ਵਿਭਾਗ ਵੱਲੋਂ ਯੋਸਏਡ ਇਨੋਵੇਸ਼ਨ ਫਾਊਂਡੇਸ਼ਨ ਨਾਲ ਮਿਲ ਕੇ ਇਸ ਗਰਭਵਤੀ ਔਰਤਾਂ ਦੀ ਸਿਹਤ ਸੰਭਾਲ ਦੇ ਮਿਸ਼ਨ ਨੂੰ ਇੱਕ ਕਦਮ ਹੋਰ ਅੱਗੇ ਵਧਾਉਂਦਿਆਂ 'ਕਰੁਣਾ ਨਾਲ ਦੇਖਭਾਲ' ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਤਹਿਤ ਗਰਭਵਤੀ ਔਰਤਾਂ ਨੂੰ ਵਟਸਐਪ ਨੰਬਰ ਨਾਲ ਰਜਿਸਟਰ ਕੀਤਾ ਜਾਵੇਗਾ। ਇਸ ਸੇਵਾ ਰਾਹੀਂ ਗਰਭਵਤੀ ਔਰਤਾਂ ਨੂੰ ਗਰਭ ਕਾਲ ਦੌਰਾਨ ਉਨ੍ਹਾਂ ਦੀ ਸਿਹਤ ਸਬੰਧੀ ਸੁਝਾਅ ਤੇ ਅਲਰਟ ਦਿੱਤੇ ਜਾਣਗੇ ਤੇ ਕਿਸੇ ਵੀ ਤਰ੍ਹਾਂ ਦੀ ਸਿਹਤ ਸਬੰਧੀ ਪ੍ਰੇਸ਼ਾਨੀ ਦੌਰਾਨ ਉਨ੍ਹਾਂ ਦੀ ਜਾਣਕਾਰੀ ਸਬੰਧਤ ਸਿਹਤ ਸਟਾਫ ਨੂੰ ਦਿੱਤੀ ਜਾਵੇਗੀ ਤਾਂ ਜੁ ਸਮੇਂ ਸਿਰ ਉਹਨਾਂ ਦੀ ਡਾਕਟਰੀ ਜਾਂਚ ਅਤੇ ਇਲਾਜ ਕੀਤਾ ਜਾ ਸਕੇ, ਜਿਸ ਨਾਲ ਗਰਭਵਤੀ ਔਰਤ ਦੀ ਦੇਖ-ਰੇਖ ਸੁਚੱਜੇ ਢੰਗ ਨਾਲ ਹੋਵੇਗੀ। ਪ੍ਰੋਗਰਾਮ ਦਾ ਮੰਤਵ ਮੈਟਰਨਲ ਡੈਥ ਨੂੰ ਘੱਟ ਕਰਨਾ ਅਤੇ ਜੱਚੇ-ਬੱਚੇ ਦੀ ਸਿਹਤ ਨੂੰ ਹੋਰ ਚੰਗੇਰਾ ਬਣਾਉਣਾ ਹੈ।ਇਸ ਮੌਕੇ ਸੀਨੀਅਰ ਪ੍ਰੋਗਰਾਮ ਐਸੋਸੀਏਟ ਸਪਨਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਗਰਭਵਤੀ ਔਰਤਾਂ ਤੇ ਉਨ੍ਹਾਂ ਦੇ ਪਰਵਾਰ ਨੂੰ ਗਰਭਵਤੀ ਦੌਰਾਨ ਆਉਣ ਵਾਲੀਆ ਸਮੱਸਿਆਵਾ ਨਾਲ ਨਜਿੱਠਣ ਲਈ ਮੁਫ਼ਤ ਵਟਸਐਪ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ, ਜਿਸ ਉੱਤੇ ਤੁਰੰਤ ਮੈਡੀਕਲ ਟੀਮ ਵੱਲੋਂ ਰਿਸਪਾਂਸ ਕੀਤਾ ਜਾਵੇਗਾ।

## ਐੱਸ ਐੱਸ ਪੀ ਨੇ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਚੰਗੀ ਕਾਰਗੁਜ਼ਾਰੀ ਲਈ ਕੀਤਾ ਸਨਮਾਨਤ




**ਮੋਗਾ (ਇਕਬਾਲ ਸਿੰਘ ਖਹਿਰਾ)**- ਮੋਗਾ ਪੁਲਸ ਦੀ ਲਗਾਤਾਰ ਸ਼ਾਨਦਾਰ, ਨਤੀਜਾ-ਕੇਂਦਰਿਤ ਅਤੇ ਪੇਸ਼ਾਵਰ ਕਾਰਗੁਜ਼ਾਰੀ ਨੂੰ ਮਾਨਤਾ ਦਿੰਦਿਆਂ ਐਸ.ਐਸ.ਪੀ. ਮੋਗਾ ਵੱਲੋਂ ਡੀ.ਜੀ.ਪੀ ਪੰਜਾਬ ਵੱਲੋਂ ਦਿੱਤੇ ਸਨਮਾਨਾਂ ਦੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਮੋਗਾ ਦੇ 4 ਜੀ ਓ, 4 ਐਨ ਜੀ ਓ ਅਤੇ 3 ਈ ਪੀ ਓ ਨੂੰ ਡੀ ਜੀ ਪੀ ਡਿਸਕ ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿੱਚ ਆਪਣੀ ਸ਼ਾਨਦਾਰ ਕਾਰਗੁਜ਼ਾਰੀ ਅਤੇ ਨਤੀਜਾ ਪ੍ਰਾਪਤ ਕਰਨ ਵਾਲੇ 26 ਜਵਾਨਾਂ ਨੂੰ ਸੀਸੀ-1 ਅਤੇ ਡਿਊਟੀ ਪ੍ਰਤੀ ਲਗਾਤਾਰ ਸਮਰਪਣ ਅਤੇ ਲੋਕ ਸੇਵਾ ਵਿੱਚ ਉੱਤਮ ਕੰਮ ਕਰਨ ਵਾਲੇ 80 ਪੁਲਸ ਕਰਮਚਾਰੀਆਂ ਨੂੰ ਸੀ ਸੀ-2 ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਮੋਗਾ ਪੁਲਸ ਦੀ ਸ਼ਾਨਦਾਰ ਕਾਰਗੁਜ਼ਾਰੀ, ਨਿਭਾਈ ਗਈ ਡਿਊਟੀ ਅਤੇ ਲੋਕਾਂ ਦੇ ਨਾਲ ਇਮਾਨਦਾਰ ਸੇਵਾ ਨੂੰ ਮਾਨਤਾ ਦੇਣ ਲਈ ਦਿੱਤੇ ਗਏ ਹਨ।ਐਸ.ਐਸ.ਪੀ. ਮੋਗਾ ਅਜੇ ਗਾਂਧੀ ਨੇ ਪੁਲਸ ਦਫ਼ਤਰ ਦੀ ਲਗਾਤਾਰ ਕਠਿਨ ਮਿਹਨਤ, ਪ੍ਰੋਫੈਸ਼ਨਲਿਜ਼ਮ ਅਤੇ ਜ਼ਿਲ੍ਹੇ ਵਿੱਚ ਨਾਗਰਿਕਾਂ ਦੀ ਸੁਰੱਖਿਆ ਵਧਾਉਣ ਲਈ ਦਿਖਾਈ ਗਈ ਭਰਪੂਰ ਕੋਸ਼ਿਸ਼ ਦੀ ਸਰਾਹਨਾ ਕੀਤੀ।

## ਸੀ-ਪਾਈਟ ਕੈਂਪ ਵਿਖੇ ਅਗਨੀਵੀਰ ਭਰਤੀ ਦੀ ਲਿਖਤੀ ਪ੍ਰੀਖਿਆ ਤਿਆਰੀ ਲਈ ਸਿਖਲਾਈ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ ਪੂਜਾ)**- ਸੀ-ਪਾਈਟ ਕੈਂਪ ਹਕੂਮਤ ਸਿੰਘ ਵਾਲਾ (ਫਿਰੋਜ਼ਪੁਰ) ਦੇ ਕੈਂਪ ਟ੍ਰੇਨਿੰਗ ਅਫ਼ਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਦੱਸਿਆ ਕਿ ਅਗਨੀਵੀਰ ਫੌਜ ਭਰਤੀ ਰੈਲੀ ਲਈ ਆਨਲਾਈਨ ਅਪਲਾਈ ਕਰਨ ਦਾ ਪੋਰਟਲ ਜਨਵਰੀ 2026 ਵਿੱਚ ਖੁੱਲ੍ਹਣ ਦੀ ਸੰਭਾਵਨਾ ਹੈ। ਇਸ ਸਬੰਧੀ ਕੰਪਿਊਟਰ ਅਧਾਰਿਤ ਲਿਖਤੀ ਪ੍ਰੀਖਿਆ ਦੀ ਤਿਆਰੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਸ਼ੁਰੂ ਕੀਤੀ ਗਈ ਹੈ। ਇਹ ਲਿਖਤੀ ਪੇਪਰ ਪੰਜਾਬੀ ਭਾਸ਼ਾ ਵਿੱਚ ਵੀ ਹੋਵੇਗਾ।ਉਨ੍ਹਾਂ ਦੱਸਿਆ ਕਿ ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਫਿਰੋਜ਼ਪੁਰ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਉਹ ਯੁਵਕ ਜੋ ਅਗਨੀਵੀਰ ਵਜੋਂ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਜਲਦੀ ਤੋਂ ਜਲਦੀ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਲਿਖਤੀ ਪੇਪਰ ਦੀ ਤਿਆਰੀ ਲਈ ਰਿਪੋਰਟ ਕਰਨ।ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਆਉਂਦੇ ਸਮੇਂ ਜੇਕਰ ਆਨਲਾਈਨ ਅਪਲਾਈ ਕੀਤਾ ਹੋਇਆ ਹੈ ਤਾਂ ਉਸ ਦੀ ਇੱਕ ਕਾਪੀ ਨਾਲ ਲਿਆਉਣੀ ਜ਼ਰੂਰੀ ਹੈ। ਜੇਕਰ ਅਜੇ ਅਪਲਾਈ ਨਹੀਂ ਕੀਤਾ ਤਾਂ ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋਸਟੇਟ ਕਾਪੀ, ਪੰਜਾਬ ਰਿਹਾਇਸ਼ ਸਰਟੀਫਿਕੇਟ ਦੀ ਕਾਪੀ, ਜਾਤੀ ਸਰਟੀਫਿਕੇਟ (ਜੇ ਲਾਗੂ ਹੋਵੇ), ਆਧਾਰ ਕਾਰਡ ਦੀ ਕਾਪੀ, ਬੈਂਕ ਖਾਤੇ ਦੀ ਕਾਪੀ (ਖਾਤਾ ਚਾਲੂ ਹਾਲਤ ਵਿੱਚ ਹੋਵੇ), ਦੋ ਪਾਸਪੋਰਟ ਸਾਈਜ਼ ਫੋਟੋਆਂ, ਇੱਕ ਪੈੱਨ, ਖਾਣਾ ਖਾਣ ਲਈ ਬਰਤਨ ਅਤੇ ਰਹਿਣ ਲਈ ਬਿਸਤਰ ਆਦਿ ਨਾਲ ਲਿਆਉਣ। ਕੈਂਪ ਵਿੱਚ ਆਉਣ ਦਾ ਸਮਾਂ ਸਵੇਰੇ 9:00 ਵਜੇ ਤੋਂ 11:30 ਵਜੇ ਤੱਕ ਹੈ।ਯੁਵਕ ਦੀ ਉਮਰ 17 ਸਾਲ ਤੋਂ 21 ਸਾਲ ਤੱਕ ਹੋਣੀ ਚਾਹੀਦੀ ਹੈ। ਛਾਤੀ ਬਿਨਾਂ ਫੁਲਾਏ 77 ਸੈਂਟੀਮੀਟਰ ਅਤੇ ਫੁਲਾ ਕੇ 82 ਸੈਂਟੀਮੀਟਰ ਹੋਵੇ, ਜਦਕਿ ਕੱਦ ਘੱਟੋ-ਘੱਟ 5 ਫੁੱਟ 7 ਇੰਚ (170 ਸੈਂਟੀਮੀਟਰ) ਹੋਣਾ ਜ਼ਰੂਰੀ ਹੈ। ਯੁਵਕ ਘੱਟੋ-ਘੱਟ ਦਸਵੀਂ ਜਮਾਤ 45 ਪ੍ਰਤੀਸ਼ਤ ਅੰਕਾਂ ਨਾਲ ਪਾਸ ਹੋਵੇ ਜਾਂ 10+2 ਪਾਸ ਹੋਵੇ।ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਿਹਾਇਸ਼ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ ਅਤੇ ਲਿਖਤੀ ਪੇਪਰ ਤੇ ਫਿਜ਼ੀਕਲ ਤਿਆਰੀ ਲਈ ਕਿਸੇ ਵੀ ਤਰ੍ਹਾਂ ਦੀ ਕੋਈ ਫ਼ੀਸ ਨਹੀਂ ਲਈ ਜਾਵੇਗੀ। ਵਧੇਰੇ ਜਾਣਕਾਰੀ ਲਈ 88728-02046 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮੋਗਾ 'ਚ ਅਟਲ ਸਮ੍ਰਿਤੀ ਵੰਸ਼ ਸਮਾਗਮ



**ਮੋਗਾ (ਇਕਬਾਲ ਸਿੰਘ ਖਹਿਰਾ)**- ਭਾਰਤ ਰਤਨ, ਸਾਬਕਾ ਪ੍ਰਧਾਨ ਮੰਤਰੀ ਮਰਹੂਮ ਅਟਲ ਬਿਹਾਰੀ ਵਾਜਪੇਈ ਦੀ ਯਾਦ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਘਰ-ਘਰ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਭਾਜਪਾ ਪ੍ਰਧਾਨ ਡਾ. ਹਰਜੋਤ ਕਮਲ ਦੀ ਅਗਵਾਈ ਹੇਠ ਜ਼ਿਲ੍ਹਾ ਭਾਜਪਾ ਦਫ਼ਤਰ, ਮੋਗਾ ਵਿੱਚ ਅਟਲ ਸਮ੍ਰਿਤੀ ਵੰਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਵਿੱਚ ਨਿਧੜਕ ਸਿੰਘ ਬਰਾੜ ਸੀਨੀਅਰ ਆਗੂ, ਜ਼ਿਲ੍ਹਾ ਮਹਾਂਮੰਤਰੀ ਐਸ.ਪੀ. ਮੁਖਤਿਆਰ ਸਿੰਘ, ਸ਼ਮਸ਼ੇਰ ਸਿੰਘ ਕੈਲਾ, ਦੇਵ ਪ੍ਰਿਯ ਤਿਆਗੀ, ਸੋਨੀ ਮੰਗਲਾ, ਸੀਰਾ ਲੰਡੇਕੇ, ਗੁਰਚਰਨ ਸਿੰਘ, ਕੁਲਵਿੰਦਰ ਕੌਰ ਪਾਰਸ਼ਦ, ਉਮਾਕਾਂਤ ਰਾਏ ਮੰਡਲ ਪ੍ਰਧਾਨ, ਭੁਪਿੰਦਰ ਹੈਪੀ ਮੰਡਲ ਪ੍ਰਧਾਨ, ਅਮਿਤ ਗੁਪਤਾ ਮੰਡਲ ਪ੍ਰਧਾਨ, ਮਨਿੰਦਰ ਕੌਰ ਸਲੀਨਾ, ਲਖਵੰਤ ਸਿੰਘ ਸਾਫੂਵਾਲਾ, ਨਿਰਮਲ ਸਿੰਘ ਮੀਨੀਆਂ, ਸੁੱਖੀ ਭੇਖਾ, ਸਤਨਾਮ ਸਿੰਘ, ਸਰਦੂਲ ਸਿੰਘ ਕੰਗ, ਸੁਰਿੰਦਰ ਸਿੰਘ, ਹੇਮੰਤ ਸੂਦ ਸਮੇਤ ਭਾਜਪਾ ਦੇ ਪਦਾਧਿਕਾਰੀਆਂ, ਕਾਰਕੁਨਾਂ ਅਤੇ ਪ੍ਰਬੁੱਧ ਨਾਗਰਿਕਾਂ ਦੀ ਗੌਰਵਮਈ ਹਾਜ਼ਰੀ ਰਹੀ। ਇਸ ਮੌਕੇ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਪ੍ਰਦੇਸ਼ ਸਕੱਤਰ ਰੇਨੂ ਥਾਪਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਅਟਲ ਬਿਹਾਰੀ ਵਾਜਪੇਈ ਦੀ ਫੋਟੋ 'ਤੇ ਫੁੱਲ ਮਾਲਾਵਾਂ ਭੇਟ ਕਰ ਸ਼ਰਧਾਂਜਲੀ ਦਿੱਤੀ ਅਤੇ ਸਭਾ ਨੂੰ ਸੰਬੋਧਨ ਕੀਤਾ। ਰੇਨੂ ਥਾਪਰ ਨੇ ਕਿਹਾ ਕਿ ਅਟਲ ਬਿਹਾਰੀ ਵਾਜਪੇਈ ਸਿਰਫ਼ ਇੱਕ ਮਹਾਨ ਰਾਜਨੇਤਾ ਹੀ ਨਹੀਂ ਸਨ, ਬਲਕਿ ਉਹ ਵਿਚਾਰ, ਸੰਵੇਦਨਾ, ਸੰਵਾਦ ਅਤੇ ਰਾਸ਼ਟਰ ਭਗਤੀ ਦੇ ਜੀਵੰਤ ਪ੍ਰਤੀਕ ਸਨ।

## ਮਿੱਡ ਡੇ ਮੀਲ ਵਰਕਰ ਯੂਨੀਅਨ (ਸੀਟੂ) ਵੱਲੋਂ ਅਮਨ ਅਰੋੜਾ ਦੀ ਕੋਠੀ ਅੱਗੇ ਧਰਨਾ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਮੰਗਲਵਾਰ ਆਪ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਕੋਠੀ ਅੱਗੇ ਮਿੱਡ ਡੇ ਮੀਲ ਵਰਕਰ ਯੂਨੀਅਨ (ਸੀਟੂ) ਵੱਲੋਂ ਅਪਣੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਗੁਰਦੁਆਰਾ ਸੱਚ ਖੰਡ ਤੋਂ ਲੈ ਕੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਕੋਠੀ ਤੱਕ ਰੋਸ ਮਾਰਚ ਕਰਕੇ ਕੋਠੀ ਅੱਗੇ ਧਰਨਾ ਦਿੱਤਾ ਗਿਆ।ਇਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਮਿੱਡ ਡੇ ਮੀਲ ਵਰਕਰ ਯੂਨੀਅਨ (ਸੀਟੂ) ਪੰਜਾਬ ਦੀ ਪ੍ਰਧਾਨ ਬੀਬੀ ਜਸਮੇਲ ਕੌਰ ਬੀਰਕਲਾਂ ਨੇ ਕਿਹਾ ਕਿ ਜਦੋਂ ਤੋਂ ਇਹ ਸਕੀਮ ਹੋਂਦ ਵਿੱਚ ਆਈ ਹੈ, ਮਿੱਡ ਡੇ ਮੀਲ ਵਰਕਰ ਨਿਗੂਣੇ ਮਾਣਭੱਤੇ 3 ਹਜ਼ਾਰ ਰੁਪਏ ਪ੍ਰਤੀ ਮਹੀਨਾ 'ਤੇ ਕੰਮ ਕਰ ਰਹੇ ਹਨ ਜਿਸ ਦੇ ਹਿਸਾਬ ਨਾਲ ਪ੍ਰਤੀ ਦਿਨ 100 ਰੁਪਏ ਬਣਦਾ ਹੈ ਜਿਸ ਵਿੱਚ ਕੇਂਦਰ ਦੀ ਸਰਕਾਰ 33 ਰੁਪਏ 67 ਰੁਪਏ ਪੰਜਾਬ ਸਰਕਾਰ ਹਿੱਸਾ ਪਾਉਂਦੀ ਹੈ।ਬੀਬੀ ਜਸਮੇਲ ਕੌਰ ਬੀਰਕਲਾਂ ਨੇ ਮੰਗ ਕੀਤੀ ਇਸ ਨੂੰ ਸਕੀਮ ਵਾਲੇ ਚੱਕਰ ਵਿੱਚੋਂ ਕੱਢ ਕੇ ਲੇਬਰ ਕਾਨੂੰਨ ਅੰਦਰ ਲਿਆ ਕੇ ਦਰਜਾ ਚਾਰ ਕਰਮਚਾਰੀਆਂ ਵਾਲੀਆਂ ਸਮੇਤ ਗਰੇਡ ਸਾਰੇ ਲਾਭ ਦਿੱਤੇ ਜਾਣ। ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 26 ਹਜ਼ਾਰ ਪ੍ਰਤੀ ਮਹੀਨਾ ਉਜਰਤ, ਮੈਡੀਕਲ ਸਹੂਲਤਾਂ ਅਤੇ ਰਿਟਾਇਰਮੈਂਟ ਹੋਣ ਤੇ 2 ਲੱਖ ਰੁਪਏ ਨਿਸਚਿਤ ਕਰਨ ਦੀ ਮੰਗ ਕੀਤੀ। ਇਸ ਧਰਨੇ ਨੂੰ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਮੀਤ ਪ੍ਰਧਾਨ ਕਾਮਰੇਡ ਭੂਪ ਚੰਦ ਚੰਨੋਂ ਨੇ ਕਿਹਾ ਕਿ ਮਿੱਡ ਮਿਲ ਵਰਕਰ ਲੰਮੇ ਸਮੇਂ ਤੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਲੜ ਰਹੀਆਂ ਹਨ ਪਰ ਸਰਕਾਰਾਂ ਟੱਸ ਤੋਂ ਮੱਸ ਨਹੀਂ ਹੋ ਰਹੀਆਂ। ਇਸ ਧਰਨੇ ਨੂੰ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਬੱਧਣ, ਕਿਸਾਨ ਸਭਾ ਦੇ ਭਰਭੂਰ ਸਿੰਘ ਦੁੱਗਾਂ, ਕਾਮਰੇਡ ਵਰਿੰਦਰ ਕੌਸ਼ਿਕ, ਨਿਰਮਲ ਕੌਰ, ਖੁਸ਼ਪ੍ਰੀਤ ਕੌਰ ਚੰਗਾਲ, ਜਸਪ੍ਰੀਤ ਕੌਰ ਕੜੈਲ, ਪਰਮਜੀਤ ਕੌਰ ਲੌਂਗੋਵਾਲ, ਸੁਖਵਿੰਦਰ ਕੌਰ ਜਖੇਪਲ, ਪਰਮਜੀਤ ਕੌਰ ਜਖੇਪਲ, ਜਸਪ੍ਰੀਤ ਕੌਰ ਸੁਨਾਮ, ਸੀਤਾ ਸਿੰਘ ਜਖੇਪਲ ਤਹਿਸੀਲ ਪ੍ਰਧਾਨ ਸੁਨਾਮ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਭੋਲਾ ਸਿੰਘ ਜਖੇਪਲ, ਬੰਤ ਸਿੰਘ ਆਦਿ ਹਾਜ਼ਰ ਸਨ। ਇਸ ਤੋਂ ਬੀਬੀ ਜਸਮੇਲ ਕੌਰ ਬੀਰਕਲਾਂ ਨੇ ਕਿਹਾ ਕਿ ਪੰਜਾਬ ਸਰਕਾਰ ਮਿੱਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਨੂੰ ਹੱਲ ਨਹੀਂ ਕਰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਲੰਮੇ ਅਤੇ ਤਿੱਖੇ ਸੰਘਰਸ਼ ਲੜਨ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

1-January - Page - 7.qxd 12/31/2025 9:11 PM Page 1



# ਸਪੋਰਟਸਮੈਨ ਤੋਂ ਬਿਜ਼ਨਸਮੈਨ, ਬਿਜ਼ਨਸਮੈਨ ਤੋਂ ਸਿਆਸਤਦਾਨ ਨਿਤਿਨ ਕੋਹਲੀ



ਜਲੰਧਰ ਸੈਂਟਰਲ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਨਿਤਿਨ ਕੋਹਲੀ ਦੀ ਜੀਵਨ ਯਾਤਰਾ ਮਿਹਨਤ, ਅਨੁਸ਼ਾਸਨ ਅਤੇ ਸਮਰਪਣ ਦੀ ਪ੍ਰੇਰਣਾਦਾਇਕ ਮਿਸਾਲ ਹੈ। ਖੇਡਾਂ ਦੇ ਮੈਦਾਨ ਤੋਂ ਲੈ ਕੇ ਕਾਰੋਬਾਰ ਦੀ ਦੁਨੀਆ ਅਤੇ ਹੁਣ ਸਿਆਸਤ ਦੇ ਮੰਚ ਤੱਕ, ਨਿਤਿਨ ਕੋਹਲੀ ਨੇ ਹਰ ਪੜਾਅ 'ਤੇ ਆਪਣੀ ਕਾਬਲੀਅਤ ਨਾਲ ਵੱਖਰੀ ਪਹਿਚਾਣ ਬਣਾਈ ਹੈ।

ਨਿਤਿਨ ਕੋਹਲੀ ਨੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਇੱਕ ਸਪੋਰਟਸਮੈਨ ਵਜੋਂ ਕੀਤੀ। ਖੇਡਾਂ ਨੇ ਉਨ੍ਹਾਂ ਨੂੰ ਟੀਮ ਵਰਕ, ਅਨੁਸ਼ਾਸਨ ਅਤੇ ਕਦੇ ਨਾ ਹਾਰ ਮੰਨਣ ਦਾ ਜਜ਼ਬਾ ਸਿਖਾਇਆ। ਅੱਜ ਉਹ ਪੰਜਾਬ ਹਾਕੀ ਫੈਡਰੇਸ਼ਨ ਦੇ ਪ੍ਰਧਾਨ ਅਤੇ ਆਲ ਇੰਡੀਆ ਹਾਕੀ ਫੈਡਰੇਸ਼ਨ ਦੇ ਵਾਈਸ ਪ੍ਰਧਾਨ ਵਜੋਂ ਖੇਡਾਂ ਦੇ ਵਿਕਾਸ ਲਈ ਸਰਗਰਮ ਭੂਮਿਕਾ ਨਿਭਾ ਰਹੇ ਹਨ। ਖੇਡਾਂ ਤੋਂ ਬਾਅਦ ਨਿਤਿਨ ਕੋਹਲੀ ਨੇ ਬਿਜ਼ਨਸ ਦੇ ਖੇਤਰ 'ਚ ਕਦਮ ਰੱਖਿਆ ਅਤੇ ਆਪਣੀ ਮਿਹਨਤ ਦੇ ਬਲਬੂਤੇ ਇੱਕ ਕਾਮਯਾਬ ਉਦਯੋਗਪਤੀ ਬਣੇ। ਉਹ ਆਇਕ ਸ਼ੂਅ ਪੀ ਵੀ ਟੀ ਲਿਮਟਿਡ ਦੇ ਮਾਲਕ ਹਨ, ਜੋ ਟਰੇਸਰ ਸ਼ੂਅ ਦੇ ਨਾਮ ਨਾਲ ਦੇਸ਼ ਭਰ ਵਿੱਚ ਜਾਣੀ ਜਾਂਦੀ ਹੈ। ਟਰੇਸਰ ਸ਼ੂਅ ਸਿਰਫ਼ ਦੇਸ਼ ਵਿੱਚ ਹੀ ਨਹੀਂ, ਸਗੋਂ ਵਿਦੇਸ਼ਾਂ ਵਿੱਚ ਵੀ ਆਪਣੀ ਮਜ਼ਬੂਤ ਪਹਿਚਾਣ ਬਣਾਈ ਹੋਈ ਹੈ। ਇਹ ਬ੍ਰਾਂਡ ਦੇਸ਼ ਦੇ ਨਾਲ-ਨਾਲ ਵਿਦੇਸ਼ੀ ਮਾਰਕੀਟਾਂ ਵਿੱਚ ਵੀ ਜਾਣਿਆ ਤੇ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਵਿਜ਼ਾਂਤੀ ਹਾਕੀ ਬ੍ਰਾਂਡ ਵੀ ਉਨ੍ਹਾਂ ਨਾਲ ਜੁੜਿਆ ਹੋਇਆ ਹੈ, ਜੋ ਆਲ ਇੰਡੀਆ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਆਪਣੀ ਪਹਿਚਾਣ ਬਣਾ ਚੁੱਕਾ ਹੈ। ਉਨ੍ਹਾਂ ਦਾ ਇੰਪੋਰਟ-ਐਕਸਪੋਰਟ ਦਾ ਕਾਰੋਬਾਰ ਵੀ ਵੱਡੇ ਪੱਧਰ 'ਤੇ ਫੈਲਿਆ ਹੋਇਆ ਹੈ। ਪੰਜਾਬ ਦੀ ਰਾਜਨੀਤੀ ਨੂੰ ਗਹਿਰਾਈ ਨਾਲ ਸਮਝਣ ਵਾਲੇ ਨਿਤਿਨ ਕੋਹਲੀ ਦੀ ਵਧਦੀ ਹੋਈ ਲੋਕਪ੍ਰਿਯਤਾ ਨੂੰ ਸਾਫ਼ ਤੌਰ 'ਤੇ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਨਿਤਿਨ ਕੋਹਲੀ ਚਾਹੇ ਖੇਡ ਹੋਵੇ, ਬਿਜ਼ਨਸ ਹੋਵੇ ਜਾਂ ਸਿਆਸਤ-ਹਰ ਮੋਰਚੇ 'ਤੇ ਪੂਰੇ ਜੋਸ਼ ਅਤੇ ਆਤਮ ਵਿਸ਼ਵਾਸ ਨਾਲ ਅੱਗੇ ਵਧਦੇ ਹਨ। ਉਨ੍ਹਾਂ ਦੀ ਸੋਚ, ਮਿਹਨਤ ਅਤੇ ਦ੍ਰਿੜ ਇਰਾਦਾ ਇਹ ਸਾਬਤ ਕਰਦਾ ਹੈ ਕਿ ਨਿਤਿਨ ਕੋਹਲੀ ਦੀ ਡਿਕਸ਼ਨਰੀ ਵਿੱਚ ਹਾਰ ਵਰਗਾ ਸ਼ਬਦ ਮੌਜੂਦ ਹੀ ਨਹੀਂ। ਇਹੀ ਕਾਰਨ ਹੈ ਕਿ ਸਿਆਸੀ ਹਲਕਿਆਂ ਵਿੱਚ ਇਹ ਗੱਲ ਵੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਦੂਜੀਆਂ ਪਾਰਟੀਆਂ ਦੇ ਕਈ ਨੇਤਾ ਨਿਤਿਨ ਕੋਹਲੀ ਦੇ ਸਾਹਮਣੇ ਆਪਣੇ ਆਪ ਨੂੰ ਪਹਿਲਾਂ ਤੋਂ ਹੀ ਹਾਰਿਆ ਹੋਇਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੀ ਵਧਦੀ ਹੋਈ ਲੋਕਪ੍ਰਿਯਤਾ ਅਤੇ ਮਜ਼ਬੂਤ ਛਵੀ ਇਸ ਗੱਲ ਦਾ ਸਾਫ਼ ਸਬੂਤ ਹੈ। ਨਾਲ ਹੀ, ਨਿਤਿਨ ਕੋਹਲੀ ਦੇ ਨਾਲ ਰਹਿਣ ਵਾਲੇ ਲੋਕ ਵੀ ਅਕਸਰ ਕਹਿੰਦੇ ਨਜ਼ਰ ਆਉਂਦੇ ਹਨ ਕਿ ਨਿਤਿਨ ਕੋਹਲੀ ਜਿੱਥੇ ਕਦਮ ਰੱਖਦੇ ਹਨ, ਉੱਥੇ ਕਾਮਯਾਬੀ ਆਪਣੇ ਆਪ ਚੱਲ ਕੇ ਆਉਂਦੀ ਹੈ। ਨਿਤਿਨ ਕੋਹਲੀ ਸਿਰਫ਼ ਇੱਕ ਸਫਲ ਉਦਯੋਗਪਤੀ ਹੀ ਨਹੀਂ, ਸਗੋਂ ਸਮਾਜ ਸੇਵਾ ਨਾਲ ਵੀ ਡੂੰਘੇ ਤੌਰ 'ਤੇ ਜੁੜੇ ਹੋਏ ਹਨ। ਉਹ ਕਈ ਸਮਾਜਿਕ ਸੰਸਥਾਵਾਂ ਨਾਲ ਜੁੜ ਕੇ ਲੋੜਵੰਦ ਪਰਵਾਰਾਂ ਦੀ ਮਦਦ ਕਰ ਰਹੇ ਹਨ। ਨਾਲ ਹੀ ਉਹ Cambridge Co-Ed School ਦੇ ਚੇਅਰਮੈਨ ਵੀ ਹਨ ਅਤੇ ਸਿੱਖਿਆ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਦੇ ਰਹੇ ਹਨ।

- ਤਰੁਣ

## ਦਿਗਵਿਜੇ ਕਪਿਲ ਨੇ ਸੰਭਾਲਿਆ ਐੱਸ ਐੱਸ ਪੀ ਵਿਜੀਲੈਂਸ ਬਿਊਰੋ ਫ਼ਿਰੋਜ਼ਪੁਰ ਦਾ ਵਾਧੂ ਚਾਰਜ



ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਪੰਜਾਬ ਪੁਲਿਸ ਦੇ ਉੱਚ-ਕੋਟੀ ਦੇ ਤਜਰਬੇਕਾਰ ਅਧਿਕਾਰੀ ਦਿਗਵਿਜੇ ਕਪਿਲ, ਪੀਪੀਐੱਸ ਨੂੰ ਸੀਨੀਅਰ ਪੁਲਿਸ ਕਪਤਾਨ ਐੱਸਐੱਸਪੀ ਵਿਜੀਲੈਂਸ ਬਿਊਰੋ ਫ਼ਿਰੋਜ਼ਪੁਰ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ। ਜ਼ਿਕਰਯੋਗ ਹੈ ਕਿ ਸ੍ਰੀ ਕਪਿਲ ਆਪਣੀ ਸ਼ਾਨਦਾਰ ਸੇਵਾ ਲਈ ਰਾਸ਼ਟਰਪਤੀ ਪੁਲਿਸ ਮੈਡਲ (2024) ਤੇ ਡਿਊਟੀ ਪ੍ਰਤੀ ਬੇਮਿਸਾਲ ਸਮਰਪਣ ਲਈ ਮੁੱਖ ਮੰਤਰੀ ਮੈਡਲ (2025) ਨਾਲ ਸਨਮਾਨਤ ਹੋ ਚੁੱਕੇ ਹਨ। ਦਿਗਵਿਜੇ ਕਪਿਲ ਮੌਜੂਦਾ ਸਮੇਂ ਜੂਨ 2025 ਤੋਂ ਐੱਸਐੱਸਪੀ ਵਿਜੀਲੈਂਸ ਬਿਊਰੋ, ਬਠਿੰਡਾ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਹੁਣ ਉਹ ਆਪਣੀ ਮੌਜੂਦਾ ਜ਼ਿੰਮੇਵਾਰੀ ਦੇ ਨਾਲ-ਨਾਲ ਫਿਰੋਜ਼ਪੁਰ ਰੇਂਜ ਦਾ ਕੰਮਕਾਜ ਵੀ ਵੇਖਣਗੇ। ਉਨ੍ਹਾਂ ਦੀ ਨਿਯੁਕਤੀ ਨਾਲ ਵਿਜੀਲੈਂਸ ਵਿਭਾਗ ਵਿਚ ਨਵੀਂ ਊਰਜਾ ਆਉਣ ਦੀ ਉਮੀਦ ਹੈ।

# ਸੂਬੇ ਦੀਆਂ ਸੜਕਾਂ ਨੂੰ ਕੀਤਾ ਜਾ ਰਿਹਾ ਖੱਡਿਆਂ ਤੋਂ ਮੁਕਤ : ਮੁੱਖ ਮੰਤਰੀ

### ਸ਼ਿਕਾਇਤਾਂ ਦੇ ਨਿਪਟਾਰੇ 'ਚ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਦੇ ਦਿੱਤੇ ਨਿਰਦੇਸ਼



ਚੰਡੀਗੜ੍ਹ, (ਕ੍ਰਿਸ਼ਨ ਗਰਗ)- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 'ਮਹਾਰੀ ਸੜਕ' ਐਪ ਅਪਲੋਡ ਕਰਨ ਲਈ ਸਾਰੇ ਰਜਿਸਟਰਡ ਡਰਾਈਵਿੰਗ ਲਾਇਸੈਂਸ ਧਾਰਕਾਂ ਅਤੇ ਵਾਹਨ ਮਾਲਕਾਂ ਨੂੰ ਸੰਦੇਸ਼ ਭੇਜੇ ਜਾਣੇ ਚਾਹੀਦੇ ਹਨ ਤਾਂ ਜੋ ਵੱਧ ਤੋਂ ਵੱਧ ਲੋਕ ਇਸ ਦੀ ਵਰਤੋਂ ਕਰ ਸਕਣ ਅਤੇ ਸੂਬੇ ਦੀਆਂ ਸਾਰੀਆਂ ਸੜਕਾਂ ਨੂੰ ਖੱਡਿਆਂ ਤੋਂ ਮੁਕਤ ਬਣਾਉਣ ਵਿੱਚ ਯੋਗਦਾਨ ਪਾ ਸਕਣ। ਮੁੱਖ ਮੰਤਰੀ 'ਮਹਾਰੀ ਸੜਕ' ਐਪ 'ਤੇ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਹੁਣ ਤੱਕ 'ਮਹਾਰੀ ਸੜਕ' ਐਪ 'ਤੇ 24,482 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 10,501 ਸ਼ਿਕਾਇਤਾਂ ਦੇ ਹੱਲ ਲਈ ਕਾਰਵਾਈ ਕੀਤੀ ਗਈ ਹੈ, 12,930 ਸ਼ਿਕਾਇਤਾਂ 'ਤੇ ਕੰਮ ਚੱਲ ਰਿਹਾ ਹੈ, ਅਤੇ ਬਾਕੀ ਸ਼ਿਕਾਇਤਾਂ ਦਾ ਹੱਲ ਕੀਤਾ ਜਾ ਰਿਹਾ ਹੈ। ਐਪ ਰਾਹੀਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦੇ ਨਿਪਟਾਰੇ 'ਤੇ 1,770 ਲੋਕਾਂ ਨੇ ਸੰਤੁਸ਼ਟੀ ਪ੍ਰਗਟ ਕੀਤੀ ਹੈ, ਅਤੇ 118,000 ਕਿਲੋਮੀਟਰ ਸੜਕਾਂ ਨੂੰ ਟੋਏ-ਮੁਕਤ ਬਣਾਇਆ ਗਿਆ ਹੈ। ਮੁੱਖ ਮੰਤਰੀ ਨੇ ਸ਼ਿਕਾਇਤਾਂ ਦੇ ਨਿਪਟਾਰੇ ਵਿੱਚ ਲਾਪਰਵਾਹੀ ਵਰਤਣ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਦੇ ਵੀ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਨੇ ਸ਼ਿਕਾਇਤਾਂ ਦੇ ਮਾੜੇ ਪ੍ਰਬੰਧਨ ਦਾ ਸਖ਼ਤ ਨੋਟਿਸ ਲੈਂਦੇ ਹੋਏ, ਨਿਰਦੇਸ਼ ਦਿੱਤੇ ਕਿ ਜੋ ਸਮੇਂ ਤੋਂ ਵੱਧ ਸਮੇਂ ਤੱਕ ਸ਼ਿਕਾਇਤਾਂ ਲਈ ਲਗਭਗ ਦੋ ਦਰਜਨ ਜ਼ਿਲ੍ਹਿਆਂ ਅਤੇ ਸਬ-ਡਿਵੀਜ਼ਨ ਪੱਧਰ ਦੇ ਅਧਿਕਾਰੀਆਂ ਵਿਰੁੱਧ ਜਾਂਚ ਕੀਤੀ ਜਾਵੇ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਸੜਕਾਂ ਬਾਰੇ ਜਨਤਾ ਨੂੰ ਦਰਪੇਸ਼ ਸਮੱਸਿਆਵਾਂ ਦੀ ਵਿਸਥਾਰ ਨਾਲ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਹੱਲ ਲਈ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਕਿਹਾ ਕਿ 'ਮਹਾਰੀ ਸੜਕ' ਐਪ ਦੀ ਹਰ ਮਹੀਨੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਮੀਟਿੰਗਾਂ ਰਾਹੀਂ ਜ਼ਿਲ੍ਹਾ ਪੱਧਰ 'ਤੇ ਸਮੀਖਿਆ ਕੀਤੀ ਜਾਵੇਗੀ। ਇਸ ਮੰਤਵ ਲਈ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ ਦੇ ਇੰਜੀਨੀਅਰ-ਇਨ-ਚੀਫ਼ ਨੂੰ ਹਦਾਇਤ ਕੀਤੀ ਕਿ ਉਹ ਸੂਬੇ ਵਿੱਚ ਮੁਰੰਮਤ ਕੀਤੀਆਂ ਗਈਆਂ ਸੜਕਾਂ ਦੀ ਗਿਣਤੀ, ਮੌਜੂਦਾ ਨਿਰਮਾਣ ਅਧੀਨ ਸੜਕਾਂ ਦੀ ਗਿਣਤੀ ਅਤੇ ਬਾਕੀ ਸੜਕਾਂ ਨੂੰ ਪੂਰਾ ਕਰਨ ਦੀ ਸਮਾਂ-ਸੀਮਾ ਬਾਰੇ ਜਲਦੀ ਹੀ ਇੱਕ ਵਿਸਤ੍ਰਿਤ ਰਿਪੋਰਟ ਪੇਸ਼ ਕਰਨ।

# ਨੌਜਵਾਨ ਭਾਰਤ ਸਭਾ ਲੋਹੀਆਂ ਦਾ ਅਜਲਾਸ ਸਮਾਪਤ

### ਸੋਨੂੰ ਲੋਹੀਆਂ ਪ੍ਰਧਾਨ ਤੇ ਕਰਨ ਨਿਹਾਲੂਵਾਲ ਸਕੱਤਰ ਚੁਣੇ ਗਏ



**ਲੋਹੀਆਂ ਖ਼ਾਸ, (ਯੋਗੇਸ਼ਵਰ, ਰੀਨਾ ਸ਼ਰਮਾ)**-ਸਥਾਨਕ ਨੌਜਵਾਨ ਭਾਰਤ ਸਭਾ ਵੱਲੋਂ ਇਲਾਕਾ ਲੋਹੀਆਂ ਖ਼ਾਸ ਦਾ ਇਜਲਾਸ ਸਫਲਤਾਪੂਰਵਕ ਕੀਤਾ ਗਿਆ। ਇਸ ਮੌਕੇ ਝੰਡਾ ਲਹਿਰਾਉਣ ਦੀ ਰਸਮ ਸੋਨੂੰ ਲੋਹੀਆਂ ਵੱਲੋਂ ਅਦਾ ਕੀਤੀ ਗਈ ਤੇ ਆਪਣੇ ਹੱਕ ਲੈਣ ਲਈ ਲਹਿਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਨੌਜਵਾਨ ਭਾਰਤ ਸਭਾ ਵੱਲੋਂ ਇਲਾਕੇ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸ 'ਤੇ ਹਾਜ਼ਰ ਡੈਲੀਗੇਟ ਵੱਲੋਂ ਚਰਚਾ ਕਰ ਕੇ ਪਾਸ ਕੀਤੀ ਗਈ। ਇਸ ਮੌਕੇ ਸੂਬਾਈ ਆਗੂ ਮੰਗਲਜੀਤ ਪੰਡੋਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਜਦੋਂ ਹਾਕਮ ਸਰਕਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਤੋਂ ਭੱਜ ਰਹੀਆਂ ਹਨ, ਉੱਥੇ ਜਵਾਨੀ ਉਸਾਰੂ ਊਰਜਾ ਨੂੰ ਨਸ਼ਿਆਂ ਤੇ ਗੈਂਗਵਾਦ ਦੀ ਦਲਦਲ 'ਚ ਖਪਾ ਰਹੀ ਹੈ। ਪੰਜਾਬ ਅੰਦਰ ਵੱਡੇ ਪੱਧਰ 'ਤੇ ਨਸ਼ਿਆਂ ਦੀ ਸਮੱਗਲਿੰਗ ਪੁਲਿਸ ਤੇ ਸਿਆਸੀ ਨਸ਼ਾ ਸਮੱਗਲਰਾਂ ਦੇ ਗੱਠਜੋੜ ਨਾਲ ਚੱਲ ਰਹੀ ਹੈ। ਆਗੂਆਂ ਨੇ ਇਹ ਵੀ ਕਿਹਾ ਕਿ ਜਵਾਨੀ ਨੂੰ ਆਪਣਾ ਰੋਲ ਪਛਾਣਦੇ ਹੋਏ ਸਮਾਜ ਨੂੰ ਉਸਾਰੂ ਬਣਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਸਾਡੇ ਸ਼ਹੀਦ ਸਾਡੇ ਤੋਂ ਆਸ ਕਰਦੇ ਹਨ ਕਿ ਸਮਾਜ ਨੂੰ ਬੇਹਤਰ ਬਣਾਉਣ ਲਈ ਆਗੂ ਰੋਲ ਅਦਾ ਕਰਨ। ਭਰਾਤਰੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਕੌਰ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਗੁਰਚਰਨ ਅਟਵਾਲ, ਸੁੱਖ ਮੰਡਿਆਲਾ ਆਦਿ ਨੇ ਸੰਬੋਧਨ ਕੀਤਾ। ਅੰਤ 'ਚ ਨੌਜਵਾਨ ਭਾਰਤ ਸਭਾ ਦੀ ਨੌਂ ਮੈਂਬਰੀ ਇਲਾਕਾ ਕਮੇਟੀ ਦੀ ਚੋਣ ਕੀਤੀ ਗਈ। ਜਿਸ 'ਚ ਇਲਾਕਾ ਪ੍ਰਧਾਨ ਸੋਨੂੰ ਲੋਹੀਆਂ, ਸਕੱਤਰ ਜਸਕਰਨ ਸਿੰਘ, ਮੀਤ ਪ੍ਰਧਾਨ ਸਰੂਪ ਲਾਲ, ਵਿੱਤ ਸਕੱਤਰ ਸੁਨੀਲ, ਪ੍ਰੈੱਸ ਸਕੱਤਰ ਵਿਜੇ ਕੁਮਾਰ, ਜਸਵਿੰਦਰ ਸਿੰਘ, ਸਨੀ, ਅੰਕਿਤ ਕੁਮਾਰ, ਅਜੇ ਲੋਹੀਆਂ ਨੂੰ ਕਮੇਟੀ ਮੈਂਬਰ ਚੁਣਿਆ ਗਿਆ।

# ਜ਼ਿਲ੍ਹਾ ਤਰਨ ਤਾਰਨ ਦੀਆਂ 4 ਗਰਾਮ ਪੰਚਾਇਤਾਂ ਦੀਆਂ ਚੋਣਾਂ ਦਾ ਐਲਾਨ

ਸਰਾਏ ਅਮਾਨਤ ਖਾਂ (ਮੱਖਣ ਮਨੋਜ)- ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਤਰਨ ਤਾਰਨ ਦੀਆਂ 4 ਗਰਾਮ ਪੰਚਾਇਤਾਂ ਕਾਜ਼ੀ ਕੋਟ, ਕੱਕਾ ਕੰਡਿਆਲਾ, ਪੰਡੋਰੀ ਗੋਲਾ ਅਤੇ ਮਾੜੀ ਕੰਬੋਕੇ ਵਿਖੇ ਪੰਚਾਇਤੀ ਚੋਣਾਂ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਨੇ ਦੱਸਿਆ ਕਿ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਜ਼ਿਲ੍ਹਾ ਤਰਨ ਤਾਰਨ ਦੀਆਂ 4 ਗਰਾਮ ਪੰਚਾਇਤਾਂ ਦੀਆਂ ਚੋਣਾਂ ਸਬੰਧੀ 5 ਜਨਵਰੀ 2026 ਨੂੰ ਨੋਟੀਫਿਕੇਸ਼ਨ ਜਾਰੀ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਚੋਣ ਬਲਾਕ ਤਰਨ ਤਾਰਨ ਦੀਆਂ ਤਿੰਨ ਗਰਾਮ ਪੰਚਾਇਤਾਂ ਕਾਜ਼ੀ ਕੋਟ, ਕੱਕਾ ਕੰਡਿਆਲਾ, ਪੰਡੋਰੀ ਗੋਲਾ ਅਤੇ ਬਲਾਕ ਭਿੱਖੀਵਿੰਡ ਦੀ ਇੱਕ ਪੰਚਾਇਤ ਮਾੜੀ ਕੰਬੋਕੇ ਵਿਖੇ ਹੋਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਪੰਚਾਇਤੀ ਚੋਣਾਂ ਲਈ ਨਾਮਜ਼ਦਗੀ ਪੇਪਰ 5 ਜਨਵਰੀ ਤੋਂ 8 ਜਨਵਰੀ ਨੂੰ ਬਾਅਦ ਦੁਪਹਿਰ 3:00 ਤੱਕ ਦਾਖ਼ਲ ਕੀਤੇ ਜਾ ਸਕਣਗੇ। ਉਨ੍ਹਾਂ ਦੱਸਿਆ ਕਿ 9 ਜਨਵਰੀ ਦਿਨ ਸ਼ੁੱਕਰਵਾਰ ਨੂੰ ਨਾਮਜ਼ਦਗੀ ਪੇਪਰਾਂ ਦੀ ਪੜਤਾਲ ਹੋਵੇਗੀ ਅਤੇ 10 ਜਨਵਰੀ ਨੂੰ ਬਾਅਦ ਦੁਪਹਿਰ 3:00 ਵਜੇ ਤੱਕ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਉਨ੍ਹਾਂ ਦੱਸਿਆ ਕਿ 18 ਜਨਵਰੀ ਦਿਨ ਐਤਵਾਰ ਨੂੰ ਸਵੇਰੇ 8:00 ਵਜੇ ਤੋਂ ਸ਼ਾਮ 4:00 ਵਜੇ ਤੱਕ ਉਪਰੋਕਤ ਗਰਾਮ ਪੰਚਾਇਤਾਂ ਲਈ ਵੋਟਾਂ ਪੈਣਗੀਆਂ। ਉਨ੍ਹਾਂ ਕਿਹਾ ਕਿ ਵੋਟਾਂ ਪੈਣ ਤੋਂ ਬਾਅਦ ਓਥੇ ਹੀ ਪੋਲਿੰਗ ਸੈਂਟਰਾਂ ਵਿੱਚ ਵੋਟਾਂ ਦੀ ਗਿਣਤੀ ਹੋਵੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ 5 ਜਨਵਰੀ ਨੂੰ ਨੋਟੀਫਿਕੇਸ਼ਨ ਜਾਰੀ ਹੋਣ ਦੇ ਨਾਲ ਹੀ ਚੋਣਾਂ ਮੁਕੰਮਲ ਹੋਣ ਤੱਕ ਸਬੰਧਿਤ ਗਰਾਮ ਪੰਚਾਇਤਾਂ ਦੇ ਖੇਤਰ ਵਿੱਚ ਆਦਰਸ਼ ਚੋਣ ਜ਼ਾਬਤਾ ਲਾਗੂ ਰਹੇਗਾ।

# ਡਿਜੀਟਲ ਮਾਧਿਅਮ ਨਾਲ ਟਿਕਟ ਬੁਕਿੰਗ 'ਤੇ ਤਿੰਨ ਫ਼ੀਸਦੀ ਛੋਟ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਰੇਲਵੇ ਬੋਰਡ ਵੱਲੋਂ ਰੇਲ ਯਾਤਰੀਆਂ ਨੂੰ ਡਿਜੀਟਲ ਮਾਧਿਅਮਾਂ ਰਾਹੀਂ ਟਿਕਟ ਬੁਕਿੰਗ ਲਈ ਪ੍ਰੋਤਸਾਹਤ ਕਰਨ ਦੀ ਦਿਸ਼ਾ 'ਚ ਇਕ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ। ਜੇਕਰ ਰੇਲ ਯਾਤਰੀ ਰੇਲਵਨ ਐਪ ਰਾਹੀਂ ਅਨਾਰੱਖਿਅਤ ਟਿਕਟ ਦੀ ਬੁਕਿੰਗ ਕਰਦਾ ਹੈ, ਤਾਂ ਉਸ ਨੂੰ 3 ਪ੍ਰਤੀਸ਼ਤ ਬੋਨਸ/ਛੂਟ ਦੀ ਸੁਵਿਧਾ ਪ੍ਰਦਾਨ ਕੀਤੀ ਜਾਵੇਗੀ। ਵਰਤਮਾਨ 'ਚ ਰੇਲਵਨ ਐਪ 'ਤੇ ਆਰ-ਵਾਲੇਟ ਰਾਹੀਂ ਅਨਾਰੱਖਿਅਤ ਟਿਕਟ ਬੁਕਿੰਗ ਕਰਨ 'ਤੇ 3 ਪ੍ਰਤੀਸ਼ਤ ਕੈਸ਼ਬੈਕ ਦੀ ਸੁਵਿਧਾ ਉਪਲਬਧ ਹੈ। ਹੁਣ ਰੇਲਵਨ ਐਪ 'ਤੇ ਆਰ-ਵਾਲੇਟ ਤੋਂ ਇਲਾਵਾ ਹੋਰ ਸਾਰੇ ਡਿਜ਼ਿਟਲ ਭੁਗਤਾਨ ਮਾਧਿਅਮਾਂ ਰਾਹੀਂ ਅਨਾਰੱਖਿਅਤ ਟਿਕਟ ਬੁਕ ਕਰਨ 'ਤੇ ਵੀ 3 ਪ੍ਰਤੀਸ਼ਤ ਬੋਨਸ/ਛੂਟ ਦੀ ਸੁਵਿਧਾ ਦਿੱਤੀ ਜਾਵੇਗੀ। ਇਹ ਸੁਵਿਧਾ 14 ਜਨਵਰੀ 2026 ਤੋਂ 14 ਜੁਲਾਈ 2026 ਤੱਕ ਲਾਗੂ ਰਹੇਗੀ। ਇਸ ਅਵਧੀ ਦੌਰਾਨ ਯਾਤਰੀਆਂ ਤੋਂ ਪ੍ਰਾਪਤ ਫੀਡਬੈਕ ਦੇ ਆਧਾਰ 'ਤੇ ਅੱਗੇ ਸਮੀਖਿਆ ਕੀਤੀ ਜਾਵੇਗੀ। ਸੀਨੀਅਰ ਡੀਸੀਐੱਮ ਪਰਮਦੀਪ ਸਿੰਘ ਸੈਣੀ ਨੇ ਰੇਲ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਸੁਵਿਧਾ ਦਾ ਵੱਧ ਤੋਂ ਵੱਧ ਲਾਭ ਉਠਾਉਂਦੇ ਹੋਏ ਡਿਜ਼ੀਟਲ ਮਾਧਿਅਮਾਂ ਰਾਹੀਂ ਭੁਗਤਾਨ ਕਰਨ। ਰੇਲਵਨ ਐਪ ਰਾਹੀਂ ਅਨਾਰੱਖਿਅਤ ਟਿਕਟ ਬੁਕਿੰਗ ਕਰਨ ਨਾਲ ਯਾਤਰੀਆਂ ਨੂੰ ਸਮਾਂ ਅਤੇ ਧਨ ਦੀ ਬਚਤ ਦੇ ਨਾਲ-ਨਾਲ ਸੁਵਿਧਾਜਨਕ ਤੇ ਪਾਰਦਰਸ਼ੀ ਟਿਕਟ ਬੁਕਿੰਗ ਦੀ ਸੁਵਿਧਾ ਮਿਲੇਗੀ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Nardev Singh S/o Late Sh. Jagir Singh R/o H. No. 146-B,University Enclave, Phase-1, Near Guru Nanak Dev University Campus, Ladhewali, Jalandhar , I have changed my name from Nerdev Singh to Nardev Singh. All concerned note.

I, Jaspreet Singh S/o Surinder Pal Singh R/o Village Easpur PO Makhsuspur Tehsil Garhshankar Distt. Hoshiarpur Punjab declare that my name is Jaspreet Singh. My surname is Singh and my given name is Jaspreet. Concerned note.

I, Kashmir Kaur W/o Harkishan Singh R/o Village Chalupar (Hoshiarpur) have changed my name to Jasvir Kaur. I have called and known by my both names i.e Kashmir Kaur and Jasvir Kaur, are the names of only one and the same person. All concerned to note.

I, Jyoti D/o Kulwinder Singh resident of Village Aujla Banwali, District Kapurthala have changed my name from Jyoti to Jyoti Kaur. All concerned may please note.

I Jaspreet Singh S/O Parmjit R/O Vill. Munna, Po. Jasso Mazara, Teh Banga, Distt. S.b.s Nagar, Punjab Have Changed My Name From Jaspreet Singh To Singh Jaspreet (Singh As My Surname). All Note.

I, Anil Kumar Gupta S/O Satpal Gupta R/O 122 Lajpat Nagar, Jalandhar, Punjab-144001 Have Changed my Name From Anil Kumar Gupta To Anil Gupta. All Concerned Please Note.

I, Meenakshi Pahwa W/O Ashish Kumar R/O H.No 211-L, Model Town, Jalandhar, Punjab Have Changed my Name From Meenakshi Pahwa To Meenakshi. All Concerned Please Note.

I, Parminder Singh S/O Balwinder Singh R/O Vill. Nawa Pind Panj Khadal, PO. Bal Purian, Tehsil Batala, Distt.Gurdaspur Punjab Have Changed My Name From Parminder Singh To Singh Parminder. (Singh As Surname). Concerned Note.

I, Naresh Kakkar W/o Pawan Kumar Kakar R/o H.No.2866 Gali Gujran Wali Jandiala Guru Amritsar have changed my name to Naresh Rani.

I, Daljinder Singh S/o Surjit Singh R/o Village Dharar, Distt Amritsar have changed my name from Daljinder Singh to Daljinder Singh Josan.

I, Rajinder Mannan S/o Tilak Raj R/o 818, Palm Lane1, Ashyaana Estate, Fatehgarh Churian Road, Near Varindavan Garden, Amritsar have changed my name from Rajinder Mannan to Rajinder Kumar.

I, Kiran D/o Madan Lal W/o Rajinder Kumar R/o 818, Palm Lane1, Ashyaana Estate, Fatehgarh Churian Road, Near Varindavan Garden, Amritsar have changed my name from Kiran to Kamlesh.

I, Aarti D/o Satish Kumar R/o 818, Palm Lane1, Ashyaana Estate, Fatehgarh Churian Road, Near Varindavan Garden, Amritsar have changed my name from Aarti to Sonia.

I, Ravinder Tandon S/o Kamal Kumar R/o 17D, Phase 3, Beauty Avenue Amritsar have changed my name from Ravinder Tandon to Ravinder Kumar.

I, Aman Aggarwal S/o Sarover Kumar, R/o House No. 117, Sector-7, Dala Farm Colony Jawahar Enclave, Gurdaspur, Tehsil/Distt. Gurdaspur, Punjab, India Have changed my name from Aman Aggarwal to Aman Kumar.

I, Omkar Singh S/o Ram Singh R/o Village Fattowal, Po. Bullowal, Distt. Hoshiarpur have changed my name from Omkar Singh to Onkar Singh. All Please Note.

I, Charanjit Kour W/o Jaspal Singh R/o House No. 185, Near Kot Ram Dass, Patel Nagar, PO. Chogitti, Jalandhar, Punjab-144009 have changed my name from Charanjit Kour to Charanjit Kaur. All concerned please note.

## Change of Name

I, Kamal Tandon S/o Ram Dhan R/o 17D, Phase 3 , Beauty Avenue Amritsar have changed my name from Kamal Tandon to Kamal Kumar.

I, Pankaj S/o Balvir Singh R/o Village Ghagon Guru, Po. and Tehsil Garhshankar, Distt. Hoshiarpur have changed my name from Pankaj to Pankaj Kaushal. All Please Note.

I, Aeshita d/o Dinesh Kumar r/o Vill. Rania, Po. Dhariwal, Distt.Gurdaspur-143519 (PB) have changed my name from Aeshita to Aeshita Kashyap. All Please Note.

I, Taranvir Singh s/o Gurdip Singh r/o Vill. Dhoot Khurd, Po. Sikri, Distt. Hoshiarpur-146113, Punjab have changed my name as Singh Taranvir. All Please Note.

I, Topu Lal S/o Dilla Ram Sharma R/o H.No. 672/1, Ward No.11, Dakoha, Jalandhar, Punjab-144023 changed the name of my minor son Sabi Kafle aged 12 years and he shall hereafter be known as Krishna Sharma.

I, Simranjeet Kaur w/o Taranvir Singh r/o Vill. Dhoot Khurd, Po.Sikri, Distt. Hoshiarpur-146113, Punjab have changed my name as Kaur Simranjeet. All Please Note.

I, Jasvir Kaur W/o Daljit Singh, R/o Village Sarje Chakk, Dera Baba Nanak, Gurdaspur, Punjab-143604, India. Have Changed my name from Jasvir Kaur to Jasbir Kaur.

## ਬੇਦਖਲੀ ਨੋਟਿਸ

ਅਸੀਂ, ਜਰਨੈਲ ਸਿੰਘ ਪੁੱਤਰ ਵਿਰਸਾ ਸਿੰਘ ਵਾ ਬਲਜੀਤ ਕੌਰ ਪਤਨੀ ਜਰਨੈਲ ਸਿੰਘ, ਵਾਸੀਆਨ ਪਿੰਡ ਸਲਾਰਪੁਰ, ਪੀਰ ਨੂਰ ਸ਼ਾਹ ਦੇ ਨੇੜੇ, ਡਾਕ. ਰਾਏਪੁਰ, ਤਹਿ. ਵਾ ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਵਿੰਦਰ ਜੀਤ ਸਿੰਘ ਅਤੇ ਉਸ ਦੀ ਪਤਨੀ ਹਰਮਨਜੀਤ ਕੌਰ ਕੰਗ ਆਪਣੀ ਮਨਮਰਜ਼ੀ ਕਰਦੇ ਹਨ ਅਤੇ ਸਾਡੇ ਕਹਿਣੇ ਤੋਂ ਬਾਹਰ ਹਨ। ਇਨ੍ਹਾਂ ਦੇ ਸਾਡੀ ਆਗਿਆ ਤੋਂ ਬਿਨਾਂ ਵਿਆਹ ਕਰ ਲਿਆ ਹੈ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਨ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਬਲਦੇਵ ਸਿੰਘ ਪੁੱਤਰ ਕਰਮ ਸਿੰਘ, ਵਾਸੀ ਇੰਦਰਾ ਕਾਲੋਨੀ,ਵੇਰਕਾ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਮੰਗਪ੍ਰੀਤ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਆਪਣੀ ਮਨਮਰਜ਼ੀ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਮਧੂ ਬਾਲਾ ਪੁੱਤਰ ਦਰਸ਼ਨ ਲਾਲ ਵਾਸੀ 20/463, ਗਲੀ ਸੁਨਿਆਰਿਆਂ ਵਾਲੀ, ਕਟੜਾ ਦਲ ਸਿੰਘ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਰਿਧਿਮਾ ਅਰੋੜਾ ਉਰਫ ਮਾਧਵੀ ਅਰੋੜਾ ਪਤਨੀ ਸਵ: ਅਨਿਲ ਅਰੋੜਾ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਘਰ ਵਿਚ ਅਕਸਰ ਕਲੇਸ਼ ਕਰਦੀ ਰਹਿੰਦੀ ਹੈ ਅਤੇ ਸਾਨੂੰ ਤੰਗ-ਪ੍ਰੇਸ਼ਾਨ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਕੰਮਾਂ ਦੀ ਆਪ ਜ਼ਿੰਮੇਵਾਰ ਹੋਵੇਗੀ। ਮੇਰਾ ਅਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਬਲਵਿੰਦਰ ਸਿੰਘ ਪੁੱਤਰ ਸਵਿੰਦਰ ਸਿੰਘ ਵਾਸੀ ਪਿੰਡ ਘਣੀਏ ਕੇ ਬਾਗਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਰਿੰਦਰ ਸਿੰਘ (ਸਮਰਾ) ਅਤੇ ਨੂੰਹ ਨਵਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਰਾਜ ਕੁਮਾਰੀ ਪਤਨੀ ਸਵ: ਕਿਸ਼ਨ ਸਿੰਘ, ਵਾਸੀ ਪਿੰਡ ਰਾਜਪੁਰ ਗਹੋਤ, ਤਹਿਸੀਲ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੋਬਿੰਦ ਸਿੰਘ (24 ਸਾਲ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੁਖਤਿਆਰ ਕੌਰ ਵਿਧਵਾ ਦਰਸ਼ਨ ਸਿੰਘ, ਵਾਸੀ ਕੱਸੋਆਣਾ, ਤਹਿਸੀਲ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਕੰਵਲਜੀਤ ਕੌਰ ਪਤਨੀ ਬਲਰਾਜ ਸਿੰਘ, ਪੋਤਰੀ ਹਰਸਿਮਰਤ ਕੌਰ ਪੁੱਤਰੀ ਬਲਰਾਜ ਸਿੰਘ ਅਤੇ ਪੋਤਰੇ ਜਸਕੀਰਤ ਸਿੰਘ, ਗੁਣਕੀਰਤ ਸਿੰਘ ਪੁੱਤਰ ਬਲਰਾਜ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਬੇਦਖਲੀ ਨੋਟਿਸ

ਮੈਂ, ਜਗੀਰ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ 1740, ਪਿੰਡ ਮਾਹਲ, ਛੇਹਰਟਾ, ਅੰਮ੍ਰਿਤਸਰ ਆਪਣੀ ਨੂੰਹ ਲਖਵਿੰਦਰ ਕੌਰ ਵਿਧਵਾ ਜਗਤਾਰ ਸਿੰਘ ਅਤੇ ਪੋਤਰੇ ਰਣਜੀਤ ਸਿੰਘ, ਮਨਦੀਪ ਸਿੰਘ ਅਤੇ ਪ੍ਰਦੀਪ ਸਿੰਘ ਜੋ ਮੇਰੇ ਕਹਿਣੇ ਵਿੱਚ ਨਹੀ ਹਨ ਮੇਰੀ ਕੋਈ ਗੱਲ ਨਹੀ ਮੰਨਦੇ, ਆਪਣੀ ਮਨ ਮਰਜੀ ਕਰਦੇ ਹਨ ਨੂੰ ਆਪਣੀ ਚੱਲ ਅਚੱਲ ਚੁਕਵੀ ਅਣਚੁਕਵੀ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਦੇ ਕਿਸੇ ਵੀ ਮਾੜੇ ਚੰਗੇ ਕੰਮ, ਲੈਣ ਦੇਣ, ਨਫੇ ਨੁਕਸਾਨ, ਲੜਾਈ ਝਗੜੇ ਦੇ ਲਈ ਮੈਂ ਅਤੇ ਮੇਰੇ ਪਰਿਵਾਰ ਦਾ ਕੋਈ ਮੈਂਬਰ ਜਿੰਮੇਵਾਰ ਨਹੀ ਹੋਵੇਗਾ। ਮੇਰਾ ਲਖਵਿੰਦਰ ਕੌਰ ਅਤੇ ਆਪਣੇ ਤਿੰਨਾ ਪੋਤਰੀਆਂ ਦੇ ਨਾਲ ਕੋਈ ਸੰਬੰਧ ਨਹੀਂ ਰਿਹਾ ਅਤੇ ਨਾ ਹੀ ਕਦੇ ਅਗਾਹ ਹੋਵੇਗਾ।

ਮੈਂ ਦਲਬੀਰ ਕੌਰ ਪਤਨੀ ਸ੍ਰ: ਸੁਰਿੰਦਰਪਾਲ ਸਿੰਘ, ਵਾਸੀ ਪਿੰਡ ਕਾਉਂਕੇ, ਪੁਲਿਸ ਥਾਣਾ ਘਰਿੰਡਾ, ਡਾਕ ਘਰ ਅਟਾਰੀ, ਸਬ ਤਹਿਸੀਲ ਅਟਾਰੀ ਜ਼ਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮਲਕੀਤ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਅਪਣੀ ਮਨ ਮਰਜੀ ਕਰਦਾ ਹੈ ਜਿਸ ਨੂੰ ਮੈਂ ਆਪਣੀ ਚੱਲ ਅਚੱਲ ਜ਼ਮੀਨ ਜ਼ਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਇਸ ਦੇ ਨਾਲ ਮੇਰੇ ਅਤੇ ਮੇਰੇ ਪਰਿਵਾਰ ਦਾ ਕੋਈ ਵੀ ਤਲਕ ਵਾਸਤਾ ਨਹੀ ਹੋਵੇਗਾ। ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਇਕਬਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਪੁੱਤਰ ਰਤਨ ਸਿੰਘ, ਵਾਸੀ ਪਿੰਡ ਮਹੇਸਰੀ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਤਲਾਕਸ਼ੁਦਾ ਲੜਕੀ ਲਖਵੀਰ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਲਖਵੀਰ ਕੌਰ ਆਪਣੇ ਬੱਚੇ ਹਰਮਨਪ੍ਰੀਤ ਸਿੰਘ ਨੂੰ ਛੱਡ ਕੇ ਚਲੀ ਗਈ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਕੁਲਦੀਪ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਮਹੇਸਰੀ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਅਮਨਦੀਪ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਹਰਬੰਸ ਕੌਰ ਢਿੱਲੋਂ ਪਤਨੀ ਲੇਟ ਮਲਕੀਤ ਸਿੰਘ ਢਿੱਲੋਂ, ਵਾਸੀ ਮਕਾਨ ਨੰ: 1232, ਵਾਰਡ ਨੰ: 03, ਗਲੀ ਨੰ: 3, ਨਿੰਬੂਆਂ ਵਾਲਾ ਬਾਗ, ਮੋਗਾ, ਤਹਿਸੀਲ ਤੇ ਜ਼ਿਲ੍ਹਾ ਮੋਗਾ (ਪੰਜਾਬ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪ੍ਰੀਤਇੰਦਰ ਸਿੰਘ ਢਿੱਲੋਂ ਅਤੇ ਮੇਰੀ ਨੂੰਹ ਭਵਨਦੀਪ ਕੌਰ ਢਿੱਲੋਂ ਪਤਨੀ ਪ੍ਰੀਤਇੰਦਰ ਸਿੰਘ ਢਿੱਲੋਂ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਤਨ ਲਾਲ ਪੁੱਤਰ ਗੋਬਿੰਦ ਰਾਮ, ਵਾਸੀ ਮੁਹੱਲਾ ਸ਼ੇਰਗੜ੍ਹ, ਮੰਦਿਰ ਵਾਲੀ ਗਲੀ, ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਜੈ ਕੁਮਾਰ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ, ਜਿਸ ਕਰਕੇ ਮੈਂ ਆਪਣੇ ਲੜਕੇ ਅਜੈ ਕੁਮਾਰ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸੰਬੰਧਤ ਨੋਟ ਕਰਨ।

ਮੈਂ, ਸੁਖਵਿੰਦਰ ਕੌਰ ਪਤਨੀ ਪ੍ਰਿਤਪਾਲ ਸਿੰਘ ਵਾਸੀ ਮਕਾਨ ਨੰ. 22, ਵਾਰਡ ਨੰ. 45, ਬਲਦੇਵ ਨਗਰ, ਬਸਤੀ ਦਾਨਿਸ਼ਮੰਦਾ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਮਰੀਕ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਬਾਕੀ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਮੈਂ ਜਸਬੀਰ ਕੌਰ ਸੰਘਾ ਉਰਫ ਜਸਵੀਰ ਕੌਰ ਸੰਘਾ ਪਤਨੀ ਭੁਪਿੰਦਰ ਕੌਰ ਵਾਸੀ ਪਿੰਡ ਆਲਮਗੀਰ ਕਾਲਾਸੰਘਿਆਂ ਤਹਿਸੀਲ ਵਾ ਜਿਲਾ ਕਪੂਰਥਲਾ ਇਹ ਬਿਆਨ ਕਰਦੀ ਹਾਂ ਕਿ ਉਕਤ ਦੋਨੋ ਨਾਮ ਜਸਬੀਰ ਕੋਰ ਸੰਘਾ ਤੇ ਜਸਵੀਰ ਕੋਰ ਸੰਘਾ ਇੱਕ ਹੀ ਔਰਤ ਦੇ ਦੋਨੋ ਨਾਮ ਹਨ । ਇਸ ਲਈ ਮੇਨੂੰ ਦੋਨਾ ਨਾਵਾਂ ਜਸਬੀਰ ਕੋਰ ਸੰਘਾ ਤੇ ਜਸਵੀਰ ਕੋਰ ਸੰਘਾ ਦੇ ਨਾਮ ਨਾਲ ਬੁਲਾਇਆ ਜਾਵੇ ਜੀ।

ਸਵ. ਅਜਮੇਰ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ ਬੁੱਟਰ, ਜ਼ਿਲ੍ਹਾ ਮੋਗਾ ਦੇ ਨਾਂਅ ਪਰ ਵਾਕਿਆ ਰਕਬਾ ਬੁੱਟਰ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ 3003706246, (ਏਪੀ 13/494 ਐੱਮ), 10 ਹਾਰਸ ਪਾਵਰ ਨੂੰ ਸੁਰਿੰਦਰ ਕੌਰ ਪਤਨੀ ਗੁਰਬਖਸ਼ ਸਿੰਘ, ਵਾਸੀ ਸ਼ਕਤੀ ਨਗਰ, ਬਰਨਾਲਾ, ਜ਼ਿਲ੍ਹਾ ਬਰਨਾਲਾ ਦੇ ਨਾਂਅ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫ਼ਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਟਿਊਬਲ ਕੁਨੈਕਸ਼ਨ ਖਾਤਾ ਨੰਬਰ **AP26/370, 6BHP** ਜੋ ਧੰਨਾ ਸਿੰਘ ਪੁੱਤਰ ਮੇਹਰ ਸਿੰਘ ਦੇ ਨਾਮ ਤੇ ਚੱਲ ਰਿਹਾ ਹੈ ਜਿਸ ਨੂੰ ਅਵਤਾਰ ਸਿੰਘ ਪੁੱਤਰ ਮੇਹਰ ਸਿੰਘ ਦੇ ਨਾਮ ਤਬਦੀਲ ਕੀਤਾ ਜਾਣਾ ਹੈ। ਇਸ ਤਬਦੀਲੀ ਸਬੰਧੀ ਇਤਰਾਜ 30 ਦਿਨਾਂ ਦੇ ਅੰਦਰ ਅੰਦਰ ਪਾਵਰਕਾਮ ਦਿਹਾਤੀ ਉਪ ਮੰਡਲ ਗੁਰਾਇਆਂ ਕੋਲ ਕੀਤਾ ਜਾ ਸਕਦਾ ਹੈ।

ਮੈਂ, ਗੁਰਪ੍ਰੀਤ ਸਿੰਘ ਪੁੱਤਰ ਮੁਖਤਿਆਰ ਸਿੰਘ, ਨਿਵਾਸੀ ਮਕਾਨ ਨੰਬਰ 278, ਵਾਰਡ ਨੰਬਰ 13, ਸਾਗਰ ਬਸਤੀ, ਸੁੰਦਰ ਬਸਤੀ, ਪਾੜਤਾਂ, ਪਟਿਆਲਾ, 147105 ਹਾਂ, ਮੇਰਾ ਅਸਲ ਰਜਿਸਟਰੇਸ਼ਨ ਡੀਡ ਨੰਬਰ 237, ਮਿਤੀ 02/05/2013 ਗੁਰਪ੍ਰੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਦੇ ਨਾਂਅ 'ਤੇ ਗੁੰਮ ਹੋ ਗਿਆ ਸੀ, ਜਿਸ ਦਾ ਸ਼ਿਕਾਇਤ ਨੰਬਰ 664473/2025 ਹੈ। ਜੇਕਰ ਕਿਸੇ ਨੂੰ ਇਹ ਰਜਿਸਟਰੇਸ਼ਨ ਮਿਲਦੀ ਹੈ ਤਾਂ ਉਹ ਹੇਠ ਲਿਖੇ ਪਤੇ 'ਤੇ ਸੰਪਰਕ ਕਰ ਸਕਦਾ ਹੈ। ਐਡਵੋਕੇਟ ਸੁਰਿੰਦਰ ਮੋਹਨ ਸਿੰਗਲਾ।

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : ਕਮਲਾ ਦੇਵੀ | ਪਿਤਾ/ਪਤੀ ਦਾ ਨਾਮ : ਯਸ਼ਪਾਲ

ਪਤਾ: H.No.177 Darshan Academy Dubai Colony Kot Sadiq Po Basti Guzan Jalandhar, Tehsil - Jalandhar-2/District-Jalandhar, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੀ ਪੁੱਤਰੀ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।

ਨਾਮ : ਮੀਨੂ ਬਾਲਾ | ਪੱਕਾ ਪਤਾ: H.No.177 Darshan Academy Dubai Colony Kot Sadiq Po Basti Guzan Jalandhar, Jalandhar-2, Jalandhar, Punjab ਵਿਦੇਸ਼ੀ ਪਤਾ: Praceta 5 De Outubro N 5 R/c Esquerdo 2695-029 Bobadela Loures Portugal / ਪ੍ਰੇਸੇਟਾ 5 ਡੀ ਆਉਟਬਰੋ ਐਨ 5 ਆਰ ਸੀ ਐਸਕੁਏਰਡ 2695-029 ਬੋਬਾਡੇਲਾ ਲੋਰਸ ਪੁਰਤਗਾਲ | ਉਮਰ/ਜਨਮ ਮਿਤੀ : 27-(20/12/1997)

ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 26-12-2025 ਨੂੰ ਜਾਰੀ ਹੋਇਆ।

ਨੰਬਰ 100/ਨੰਬਰ/ਰੀਡਰ | ਮਤੀ 26.12.2025 | ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : ਮੁਖਤਿਆਰ ਸਿੰਘ

ਪਿਤਾ/ਪਤੀ ਦਾ ਨਾਮ : ਸੁਰਜੀਤ ਸਿੰਘ

ਪਤਾ: Vpo Nussi Jalandhar, Village - Nussi / Tehsil - Jalandhar-2 / District - Jalandhar, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਭਰਾ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।

ਨਾਮ : ਸਤਬੀਰ ਸਿੰਘ

ਪੱਕਾ ਪਤਾ: Vpo Nussi Jalandhar, Nussi Jalandhar-2, Jalandhar, Punjab

ਉਮਰ/ਜਨਮ ਮਿਤੀ : 36-(28/04/1989)

ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 26-12-2025 ਨੂੰ ਜਾਰੀ ਹੋਇਆ।

ਨੰਬਰ 111/ਨੰਬਰ/ਰੀਡਰ | ਮਤੀ 26.12.2025 | ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## ਆਮ ਜਨਤਾ ਨੂੰ ਸੂਚਨਾ

ਆਮ ਜਨਤਾ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮੈਂ ਭਿੰਦਰ ਪਾਲ ਕੌਰ ਪਤਨੀ ਪ੍ਰਤਾਪ ਸਿੰਘ ਨਿਵਾਸੀ ਮਕਾਨ ਨੰ. 254, ਨਿਊ ਗਾਰਡਨ ਕਾਲੋਨੀ, ਲੇਨ ਨੰ. 3, ਕੁੱਕੀ ਢਾਬ ਦੇ ਨੇੜੇ, ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਜਾਇਦਾਦ ਜੋ ਕਿ 5 ਮਰਲੇ 140 ਵਰਗ ਫੁੱਟ (1500 ਵਰਗ ਫੁੱਟ) ਮਕਾਨ ਨੰ. 218 ਨਿਊ ਗਾਰਡਨ ਕਾਲੋਨੀ ਪਿੰਡ ਕਿੰਗਰਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ, ਦੀ ਮਾਲਕ ਵਾ ਕਾਬਜ਼ ਹਾਂ ਅਤੇ ਮੈਂ ਬੈਨਾਮਾ ਨੰਬਰ 2024-25/186/1/10105 ਮਿਤੀ 08.11.2024 ਸਬ ਰਜਿਸਟਰਾਰ ਜਲੰਧਰ ਰਾਹੀਂ ਮਾਲਕ ਬਣੀ ਹਾਂ ਅਤੇ ... ਉਪਰੋਕਤ ... ਦਸਤਾਵੇਜ਼ ... (i) ... ਮਿਤੀ 03.04.2013 ਸਬ ਰਜਿਸਟਰਾਰ ... ਅਜੇ ਮੋ... ਦੇ ਨਾਮ ... (ii) ... 02.07.2010 ... ਕੁਮਾਰ ... ਅਵਤਾਰ ... ਹੱਕ ਵਿੱਚ ... ਮੈਂ ... ਵਿੱਚ ... ਥਾਣਾ ... ਪਰ ਅੱਜ ... ਜਾਇਦਾਦ ... ਅਤੇ ਸ਼੍ਰੀ ... ES-150 ... ਉਪਰੋਕਤ ... ਫੇਜ਼-2 ... ਕਿਸੇ ਨੂੰ ਉੱਪਰ ਦੱਸੇ ਗਏ ਮਾਲਕੀ ਦਸਤਾਵੇਜ਼ ਮਿਲਦੇ ਹਨ ਤਾਂ ਕਿਰਪਾ ਕਰਕੇ ਉਪਰੋਕਤ ਪਤੇ 'ਤੇ ਬੈਂਕ ਨੂੰ ਵਾਪਸ ਕਰ ਦੇਵੇ। ਜੇਕਰ ਕੋਈ ਵਿਅਕਤੀ ਉਪਰੋਕਤ ਜਾਇਦਾਦ 'ਤੇ ਕਿਸੇ ਵੀ ਹਿੱਤ ਜਾਂ ਮਾਲਕੀ ਦਾ ਦਾਅਵਾ ਕਰਦਾ ਹੈ ਜਾਂ ਕਿਸੇ ਹੋਰ ਤਰ੍ਹਾਂ ਕੋਈ ਇਤਰਾਜ਼ ਰੱਖਦਾ ਹੈ, ਤਾਂ ਉਹ ਇਸ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਉਕਤ ਬੈਂਕ ਨੂੰ ਲਿਖਤੀ ਰੂਪ ਵਿੱਚ ਪ੍ਰਤੀਨਿਧਤਾ/ਇਤਰਾਜ਼ ਦਰਜ ਕਰਵਾ ਸਕਦਾ ਹੈ। ਬ੍ਰਾਂਚ ਮੈਨੇਜਰ ਸ੍ਰੀਮਤੀ ਸਤਵਿੰਦਰ ਕੌਰ ਦਾ ਮੋਬਾਈਲ ਨੰਬਰ 98147-25569 ਹੈ। ਕਿਰਪਾ ਕਰਕੇ ਸਾਰੇ ਧਿਆਨ ਦਿਓ।

## COURT NOTICE

(U/o 5 Rule 20 CPC)
In The Court of
Ms. Navneet Kaur
Civil Judge (Junior Division), Ludhiana
CNR No. PBLD02-000466-2025
Next Date:-05-02-2026
Canara Bank
Vs.
Ravinderjit Singh
Publication Issued To:
1. Ravinderjit Singh S/o Jaspal Singh R/o Village Shahpur, Distt. Ludhiana
2. Jaspal Singh S/o Sh. Amrik Singh R/o Village and PO. Shahpur, Distt. Ludhiana

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 05-02-2026 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division) Ludhiana

Dated, this day of 09-12-2025

## ਬ ਅਦਾਲਤ ਮਨੀ ਮਹਾਜਨ ਨਾਇਬ ਤਹਿਸੀਲਦਾਰ ਕਮ ਸਰਕਲ ਰੈਵੀਨਿਊ ਅਫਸਰ ਬਾਬਾ ਬਕਾਲਾ ਸਾਹਿਬ ਜਿਲਾ ਅੰਮ੍ਰਿਤਸਰ।

ਵਿਸ਼ਾ ਮਾਲ ਰਿਕਾਰਡ ਜਮਾਂਬੰਦੀ ਸਾਲ 2021-2022 ਵਾਕਿਆ ਪਿੰਡ ਰਤਨਗੜ੍ਹ ਦੀ ਖਾਤਾ ਨੰਬਰ1,2,3,5,7,15,17,18,19 ਦੇ (ਖਾਨਾ ਕਾਸ਼ਤ) ਵਿੱਚ ਬਲਦੇਵ ਸਿੰਘ ਪੁੱਤਰ ਜਗੀਰ ਸਿੰਘ ਪੁੱਤਰ ਮੋਹਨ ਸਿੰਘ ਦੀ ਥਾਂ ਤੇ ਬਲਦੇਵ ਸਿੰਘ ਪੁੱਤਰ ਜਗੀਰ ਸਿੰਘ ਉਰਫ ਆਤਮਾ ਸਿੰਘ ਪੁੱਤਰ ਮੋਹਨ ਸਿੰਘ ਦੇ ਨਾਮ ਦਾ ਇੰਦਰਾਜ ਕਰਨ ਬਾਰੇ।

ਤਰੀਕ ਪੇਸ਼ੀ 20/1/2026

ਨਿਮਨ ਹਸਤਾਖਰ ਦੀ ਅਦਾਲਤ ਵਿੱਚ ਬਲਦੇਵ ਸਿੰਘ ਪੁੱਤਰ ਆਤਮਾ ਸਿੰਘ ਪਿੰਡ ਰਤਨਗੜ੍ਹ ਤਹਿਸੀਲ ਬਾਬਾ ਬਕਾਲਾ ਸਾਹਿਬ, ਜਿਲਾਂ ਅੰਮ੍ਰਿਤਸਰ ਨੇ ਦਰਖਾਸਤ ਪੇਸ਼ ਕਰਕੇ ਕਿਹਾ ਹੈ ਕਿ ਮਾਲ ਰਿਕਾਰਡ ਜਮਾਂਬੰਦੀ ਸਾਲ 2021 2022 ਵਾਕਿਆ ਰਕਬਾ ਰਤਨਗੜ੍ਹ ਤਹਿਸੀਲ ਬਾਬਾ ਬਕਾਲਾ ਸਾਹਿਬ ਦੇ ਖਾਤਾ ਨੰਬਰ 1,2,3,5,7,15,17,18,19, ਖਾਨਾ ਮਾਲਕੀ) ਅਤੇ ਖਾਤਾ ਖਤੌਨੀ ਨੰਬਰ 5/26 ਦੇ ਖਾਨਾ ਕਾਸ਼ਤ ਵਿੱਚ ਬਲਦੇਵ ਸਿੰਘ ਪੁੱਤਰ ਜਗੀਰ ਸਿੰਘ ਪੁੱਤਰ ਮੋਹਨ ਸਿੰਘ (ਗਲਤ ਨਾਮ ) ਦੀ ਥਾਂ ਤੇ ਬਲਦੇਵ ਸਿੰਘ ਪੁੱਤਰ ਜਗੀਰ ਸਿੰਘ ਉਰਫ ਆਤਮਾ ਸਿੰਘ ਪੁੱਤਰ ਮੋਹਨ ਸਿੰਘ ਪਿੰਡ ਰਤਨਗੜ੍ਹ(ਸਹੀ ਨਾਮ ) ਦਾ ਅੰਦਰਾਜ ਕਰਨ ਬਾਰੇ ਬੇਨਤੀ ਕੀਤੀ ਹੈ। ਇਸ ਲਈ ਇਸ ਇਸਤਿਹਾਰ ਅਖਬਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਜੇਕਰ ਕਿਸੇ ਵਿਕਅਤੀ ਨੂੰ ਇਸ ਸਬੰਧੀ ਇਤਰਾਜ ਹੋਵੇ ਤਾਂ ਉਹ ਇਸਤਿਹਾਰ ਅਖਬਾਰ ਵਿੱਚ ਪ੍ਰਕਾਸ਼ਿਤ ਹੋਣ ਤੋਂ ਬਾਅਦ 21 ਦਿਨਾਂ ਦੇ ਅੰਦਰ ਅੰਦਰ ਨਿਮਨਹਾਸਖਰ ਦੀ ਆਦਲਤ ਵਿੱਚ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਹਾਜਰ ਆ ਕੇ ਆਪਣਾ ਇਤਰਾਜ ਪੇਸ਼ ਕਰ ਸਕਦਾ ਹੈ।ਬਾਅਦ ਵਿੱਚ ਕੋਈ ਇਤਰਾਜ ਨਹੀਂ ਸੁਣਿਆ ਜਾਵੇਗਾ ਤਾਂ ਉਪਰਕੇਤ ਨਾਮ ਦਾ ਮਾਲ ਰਿਕਾਰਡ ਵਿੱਚ ਇੰਦਰਾਜ ਕਰ ਦਿੱਤਾ ਜਾਵੇਗਾ। ਅੱਜ ਇਹ ਇਸਤਿਹਾਰ ਮੇਰੇ ਹਸਤਾਂਖਰ ਅਤੇ ਅਦਾਲਤ ਦੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਨੰਬਰ / ਰੀਡਰ (ਐਨ. ਟੀ/ 98 ਮਿਤੀ 30/12/2025

ਨਾਇਬ ਤਹਿਸੀਲਦਾਰ ਕਮ- ਸਰਕਲ ਰੈਵੀਨਿਊ ਅਫਸਰ, ਬਾਬਾ ਬਕਾਲਾ ਸਾਹਿਬ।

## PUBLIC NOTICE

I Ashok Kumar S/o Sh. Raghbir Lal R/o H.No. 782/5, Gali Ganda Wali, Majith Mandi, Opp. Shivala Mandir, Amritsar inform that original sale deed still to be executed in favour of Richa Bhatia W/o Naveen Bhatia :- Original or certified copy of sale deed bearing document no. 9902, Bahi No. 1, Jild No. 6808, Page 34, Dated 18.10.2016. -: Certified Copy of Sale Deed bearing document no. 6092, Bahi No. 1, Jild No. 6375, Page 1517, Dated 06-8-2015. :- Certified Copy of Sale Deed bearing document no. 6093, Bahi No. 1, Jild No. 6375, Page 1820, Dated 06-8-2015 :- Certified copy of Sale Deed bearing document no. 6091, Bahi No. 1, Jild No. 6375, Page 1314, Dated 06-8-2015 :- Certified copy of Sale Deed bearing document no. 2119, Bahi No. 1, Jild No. 6283, Page 3133, Dated 14-05-2015 :- Certified copy of Sale Deed bearing document no. 13490, Bahi No. 1, Jild No. 4259, Page 7576, Dated 10-01-2011 :- Original Agreement to sell, :- Jamabandis for the year 2010-11, 2015-16, Or 2020-21 have been lost on 18.12.2025. Its FIR is submitted on 26.12.2025 at P.S. Civil Lines Amritsar. Its G.D. No. is 018.

## COURT NOTICE

(U/o 5 Rule 20 CPC)
In The Court of
Ms. Minakshi Mahajan
Additional Civil Judge (Senior Division), Payal
CNR No. PBLDD0-000591-2025
Next Date:- 05-03-2026
Kuldeep Singh Lehra
Vs.
General Public
Publication Issued To:
General Public

In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on 05-03-2026 at 10:00 a.m.

For details logon to https://highcourtchd.gov.in/?trs=district_notice&district=ludhiana

Additional Civil Judge (Senior Division) Payal

Dated, this day of 22-12-2025

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

**ਨਿਵਿਦਾ ਸੂਚਨਾ ਪੱਤਰ ਨੰ. : 209-2025-26-DEN-TRACK-FZR** | **ਤਾਰੀਕ : 30.12.2025**

ਮੰਡਲ ਇੰਜੀਨੀਅਰ-ਹੈਡਕੁਆਟਰ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 21.01.2026 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਨਿਵਿਦਾ ਸੁਰੱਖਿਆ ਐਲਾਨ ਪੱਤਰ ਤੈਅ ਫਾਰਮੇਟ ਵਿਚ ਨਿਵਿਦਾ ਦੇ ਨਾਲ ਈ-ਪੋਰਟਲ ਤੇ ਨਥੀ ਕਰੇਗਾ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 29 / 12 / 2025 | 07 / 01 / 2026 | 21 / 01 / 2026 & 15:00 ਵਜੇ |

**ਲੜੀ ਨੰਬਰ: 1** | **ਨਿਵਿਦਾ ਨੰਬਰ: 209-2025-26-DEN-TRACK-FZR**

**ਨਿਵਿਦਾ ਦਾ ਵੇਰਵਾ:** ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਜਲੰਧਰ- ਅੰਮ੍ਰਿਤਸਰ ਸੇਕਸ਼ਨ ਤੇ ਸਥਿਤ ਦਿਲਵਾਨ ਯਾਰਡ ਖੇਤਰ ਵਿਚ, ਬੋਬਿਨ ਦੇ ਡੀਐਮਟੀ ਵਿਚ ਗਿਟੀ ਦੀ ਸਟੈਕਿੰਗ, ਅਣਲੋਡਿੰਗ ਅਤੇ ਲੋਡਿੰਗ ਦੇ ਲਈ ਗਿਟੀ ਡਿਪੋ ਦਾ ਪ੍ਰਾਵਧਾਨ, ਜਿਸ ਵਿਚ ਟੋ ਵਾਲ ਦੇ ਨਾਲ ਸਮਤਲ ਮਿਟੀ ਦੀ ਸਤਹਾ ਦਾ ਨਿਰਮਾਣ, ਪਹੁੰਚ ਮਾਰਗ ਦਾ ਪ੍ਰਾਵਧਾਨ ਅਤੇ ਹੋਰ ਵਖ-ਵਖ ਕੰਮ ਸ਼ਾਮਲ ਹਨ।

| ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਨ ਦੀ ਅਵਧੀ |
|---|---|---|---|
| 1,31,87,154.47 | 2,15,900.00 | 60 ਦਿਨ | 06 ਮਹੀਨੇ |

**ਸਮਾਨ ਨੇਚਰ ਦਾ ਕੰਮ:-** "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 4029/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## AXIS BANK

Axis Bank Ltd., Retail Asset Centre, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001

ਅੰਤਿਕਾ IV [ਹਵਾਲਾ ਰੂਲ-8(1)]

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜ਼ੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰਸਟ ਐਕਟ 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 20 ਸਤੰਬਰ 2025 ਨੂੰ ... ਲਿਮਟਿਡ ... 24,23,19,291.20 ... ਨਿਮਨਹਸਤਾਖਰੀ ਨੇ ... 16 ਸਤੰਬਰ 2025 ... 24,23,19,291.20 ... ਉਪਰੋਕਤ ...

### ਅਚੱਲ ਜਾਇਦਾਦ ਦਾ ਵੇਰਵਾ

ਵਸੀਕਾ ਨੰ. 2712 ਮਿਤੀ 03.12.2012 ... ਜ਼ਮੀਨ 10 ਬਿੱਘਾ 17 ਬਿਸਵਾ 'ਚੋਂ, ਖਸਰਾ ਨੰ. 11 (6-5), 15/1(2-15), 15/2(1-17) ਕਿੱਤੇ 3, ਖੱਤਾ ਨੰ. 405/ 459, 404/ 458 ਜਮ੍ਹਾਂਬੰਦੀ ਸਾਲ 2006-07, ਪਿੰਡ ਦੋਰਾਹਾ ਵਿਖੇ ਸਥਿਤ, ਹੱਦਬਸਤ ਨੰ. 244, ਇੰਟੇਗਰੇਟਿਡ ਪਾਰਕ ਵਜੋਂ ਜਾਣੀ ਜਾਂਦੀ ਜਗ੍ਹਾ, ਜੀ ਟੀ ਰੋਡ, ਦੋਰਾਹਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਸੜਕ 15 ਮੀਟਰ ਚੌੜੀ, ਪੱਛਮ : ਸੜਕ 15 ਮੀਟਰ ਚੌੜੀ, ਉੱਤਰ: ਪਲਾਟ ਨੰ. ਬੀ-14, ਦੱਖਣ : ਸੜਕ 30 ਮੀਟਰ ਚੌੜੀ

ਮਿਤੀ : 01.01.2026 | ਅਧਿਕਾਰਤ ਅਫਸਰ

ਸਥਾਨ : ਦੋਰਾਹਾ | ਐਕਸਿਸ ਬੈਂਕ ਲਿਮਟਿਡ

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

**ਨਿਵਿਦਾ ਨੰਬਰ :- 175, 210-2025-26-ADEN-1-FZR & 201-2025-26-ADEN-2-FZR** | **ਮਿਤੀ 31.12.2025**

ਸੀਨੀਅਰ ਮੰਡਲ ਇੰਜੀਨੀਅਰ-ਹੈਡਕੁਆਟਰ ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 22.01.2026 ਸਮਾਂ 15.00 ਵਜੇ ਤਕ, www.ireps.gov.in ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਪੈਕੇਟ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਸਿੰਗਲ ਪੈਕੇਟ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਨਿਵਿਦਾ ਸ਼ੁਰੂ ਦੀ ਮਿਤੀ | ਨਿਵਿਦਾ ਸਮਾਪਨ ਦੀ ਮਿਤੀ ਅਤੇ ਸਮਾਂ |
| 30.12.2025 | 08.01.2026 | 22.01.2026 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1 | 175-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ ਫਿਰੋਜਪੁਰ ਦੇ ਤਹਿਤ ਸੀਨੀਅਰ ਅਨੁਭਾਗੀ ਇੰਜੀਨੀਅਰ/ਕੰਮ/ਫਿਰੋਜਪੁਰ ਦੇ ਅਧਿਕਾਰ ਖੇਤਰ ਵਿਚ ਫਿਰੋਜਪੁਰ ਦੀ ਕਾਲੋਨੀ ਨੰਬਰ 1 ਤੋਂ 4 ਵਿਚ ਪਹੁੰਚ ਮਾਰਗਾਂ ਅਤੇ ਨੇੜੇ ਦਾ ਸਟਾਫ ਕਵਾਟਰ ਦੇ ਕਿਨਾਰਿਆਂ ਤੋਂ ਦਰਵਾਜਿਆਂ ਅਤੇ ਖਿੜਕੀਆਂ ਦੀ ਭਾਰੀ ਮੁਰੰਮਤ ਅਤੇ ਪ੍ਰਤੀਸਥਾਪਨ, ਜੰਗਾਲ ਲਗੀ ਪਾਣੀ ਸਪਲਾਈ ਪਾਈਪਲਾਈਨ ਦੀ ਮੁਰੰਮਤ, ਜੰਗਲ/ਘਾਹ/ਝਾੜੀਆਂ/ਪੌਦਿਆਂ ਆਦਿ ਦੀ ਸਫਾਈ, ਅਤੇ ਫਿਰੋਜਪੁਰ ਵਿਚ ਸਮੁਦਾਇਕ ਹਾਲ ਦੀ ਮੁਰੰਮਤ ਅਤੇ ਰਖਰਖਾਅ |
| | | ਵਿਗਿਆਪਨ ਮੁੱਲ (ਰੁ.): 1,79,75,338.95 · ਬਿਆਨਾ ਰਾਸ਼ੀ: 2,39,900.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 06 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" |
| 2 | 201-2025-26-ADEN-2-FZR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਫਿਰੋਜਪੁਰ ਦੇ ਤਹਿਤ ਜਲਾਲਾਬਾਦ, ਫਿਰੋਜਪੁਰ ਸ਼ਹਿਰ, ਫਾਜਿਲਕਾ, ਲੋਹਿਯਾਂ ਖਾਸ, ਮੱਖੂ, ਸੁਲਤਾਨਪੁਰ ਲੋਧੀ ਅਤੇ ਮੱਲਾਂਵਾਲਾ ਖਾਸ ਵਿਚ ਰੇਲਵੇ ਕਾਲੋਨੀਆਂ ਵਿਚ ਸੜਕ ਦੀ ਸਤਹਾ ਵਿਚ ਸੁਧਾਰ ਅਤੇ ਪਾਰਕ ਦੀ ਉਸਾਰੀ। |
| | | ਵਿਗਿਆਪਨ ਮੁੱਲ (ਰੁ.): 2,56,47,994.32 · ਬਿਆਨਾ ਰਾਸ਼ੀ: 2,78,200.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 06 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" |
| 3 | 210-2025-26-ADEN-1-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ ਫਿਰੋਜਪੁਰ ਦੇ ਤਹਿਤ ਕੋਟਕਪੁਰਾ-ਫਾਜਿਲਕਾ ਸੈਕਸ਼ਨ ਉਤੇ ਲੇਵਲ ਕ੍ਰਾਸਿੰਗ ਸੀ-36, ਸੀ-43 ਅਤੇ ਬਠਿੰਡਾ-ਫਿਰੋਜਪੁਰ ਸੇਕਸ਼ਨ ਉਤੇ ਸੀ-44, ਸੀ46 ਤੇ ਸੀਮਿਤ ਉਚਾਈ ਵਾਲੀ ਸਬਵੇ ਵਿਚ ਬਹੁਤ ਜਿਆਦਾ ਪਾਣੀ ਭਰਨ ਵਾਲੇ ਕ੍ਰਾਸਿੰਗ ਉਤੇ ਕਵਰ ਸ਼ੇਡ ਦਾ ਪ੍ਰਾਵਧਾਨ। |
| | | ਵਿਗਿਆਪਨ ਮੁੱਲ (ਰੁ.): 3,47,80,688.07 · ਬਿਆਨਾ ਰਾਸ਼ੀ: 3,23,900.00 · ਆਫਰ ਦੀ ਵੈਲੇਡਿਟੀ: 60 ਦਿਨ · ਸਮਾਪਨ ਦੀ ਅਵਧੀ: 06 ਮਹੀਨੇ |
| | | ਸਮਾਨ ਨੇਚਰ ਦਾ ਕੰਮ: "ਟ੍ਰੈਕ ਉਸਾਰੀ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ" |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। 4034/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Office of Competent Authority

(Jalandhar Goindwal Sahib LPG Pipeline Project, Jalandhar)
706-A, Surya Enclave, G.T Road, Jalandhar (Punjab) - 144009

### Public Notice and Details of Gazette Notification

**Reference: Ministry of Petroleum and Natural Gas Notification dated 17th December 2025**

S.O. 5872(E)— Whereas, by the notification of the Government of India in the Ministry of Petroleum and Natural Gas, published in the Extraordinary Gazette of India no. 3809, Part-II, section-3, sub-section (ii) dated 26th August, 2025 vide S.O. No. 3914(E) dated 26th August, 2025 issued under sub-section (1) of section 3 of the Petroleum and Minerals Pipelines (Acquisition of Right of User in Land) Act, 1962 (50 of 1962), (hereinafter referred to as the said Act), the Central Government declared its intention to acquire the right of user in the land specified in the Schedule appended to that notification for the Purpose of laying of Pipeline from Suchi Pind ( Jalandhar) to Chander Mahapurakh (Goindwal Sahib) under Jalandhar - Goindwal Sahib LPG Pipeline Project by Indian Oil Corporation Limited in Tehsil: Sultanpur Lodhi (Talwandi Chaudhrian) of Kapurthala District in State of Punjab for transportation of LPG.

And whereas copies of the said Gazette notification were made available to the public by 06.10.2025. And whereas, under sub-section (1) of section 6 of the said Act the Competent Authority has submitted report to the Central Government.

And whereas, the Central Government, after considering the said report and on being satisfied that the said land is required for laying the pipeline, has decided to acquire right of user therein.

Now, therefore, in exercise of the powers conferred by sub-section (1) of section 6 of the said Act, the Central Government hereby declares that the right of user in the land specified in the Schedule appended to this notification is hereby acquired for laying the pipeline.

And further, in exercise of the powers conferred by sub-section (4) of section 6 of the said Act, the Central Government hereby directs that the right of user in the said land for laying the pipeline shall, instead of vesting in the Central Government, vest on the date of publication of the declaration, in Indian Oil Corporation Limited, free from all encumbrances.

Indian Oil Corporation Limited shall be exclusively liable for any compensation in terms of Section 10 of the P&MP Act, 1962 and no suit, claim or legal proceeding would lie against the Central Government on any matter relating to the pipeline.

**Scan QR code for Published Gazette**

District: Kapurthala
https://egazette.gov.in
Gazette No.: 5676
Publication Date: 18th December 2025

Competent Authority
Jalandhar Goindwal Sahib LPG Pipeline Project
Jalandhar

# ਮਨਰੇਗਾ ਖਤਮ ਕਰਨ ਵਿਰੁੱਧ ਬਸਪਾ 2 ਨੂੰ ਕਰੇਗੀ ਰੋਸ ਪ੍ਰਦਰਸ਼ਨ : ਕਰੀਮਪੁਰੀ



**ਹੁਸ਼ਿਆਰਪੁਰ (ਓ ਪੀ ਰਾਣਾ)**

ਬਹੁਜਨ ਸਮਾਜ ਪਾਰਟੀ ਨੂੰ ਉਸ ਸਮੇਂ ਤਕੜਾ ਹੁੰਗਾਰਾ ਮਿਲਿਆ ਜਦ ਕਾਂਗਰਸ ਨੂੰ ਅਲਵਿਦਾ ਕਿਹਕੇ ਕਸ਼ਮੀਰ ਲੱਧੜ ਸਾਥੀਆਂ ਸਮੇਤ ਬਸਪਾਵਿਚ ਸ਼ਾਮਲ ਹੋਏ। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰਾਂ ਸੰਘ ਕਰੀਮਪੁਰੀ ਨੇ ਕਿਹਾ ਪਾਰਟੀ ਅੰਦਰ ਹਰ ਵਰਕਰ ਦਾ ਸਨਮਾਨ ਕੀਤਾ ਜਾਵੇਗਾ। ਉਨਾਂ ਕਿਹਾ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਿਰਤੀਆਂ ਦਾ ਰੁਜ਼ਗਾਰ ਖੋਹਣ ਦੇ ਵਿਰੁੱਧ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਬਸਪਾ ਵੱਲੋਂ ਜ਼ਿਲ੍ਹਾ ਪੱਧਰ ਤੇ 2 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫਤਰਾਂ ਸਾਹਮਣੇ ਧਰਨਾ ਪ੍ਰਦਰਸ਼ਨ ਹੋਣਗੇ। ਹੁਸ਼ਿਆਰਪੁਰ ਵਿਖੇ ਤਿਆਰੀਆਂ ਸਬੰਧੀ ਬਸਪਾ ਲੀਡਰਸ਼ਿਪ ਨਾਲ ਵਿਸ਼ੇਸ਼ ਮੀਟਿੰਗ ਦੌਰਾਨ ਡਾ. ਕਰੀਮਪੁਰੀ ਨੇ ਰੋਸ ਧਰਨੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ। ਬਸਪਾ ਪੰਜਾਬ ਦੇ ਜਨਰਲ ਸਕੱਤਰ ਠੇਕੇਦਾਰ ਭਗਵਾਨ ਦਾਸ ਸਿੱਧੂ ਦੇ ਗ੍ਰਹਿ ਬੇਗਮਪੁਰਾ ਨਿਵਾਸ ਵਿਖੇ ਵਰਕਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਕਰੀਮਪੁਰੀ ਨੇ ਕਿਹਾ ਕਿ ਚਾਰ ਲੇਬਰ ਕੋਡ ਤੇ ਮਨਰੇਗਾ ਸਕੀਮ ਦੇ ਨਾਮ ਤੇ ਕੀਤੇ ਬਦਲਾਅ ਜੋ ਕਿਰਤੀਆਂ ਮਜ਼ਦੂਰਾਂ ਨੂੰ ਰੁਜ਼ਗਾਰ ਤੋਂ ਵਾਂਝਾ ਕਰਨ ਵਾਲੇ ਹਨ, ਮਜ਼ਦੂਰ ਤੋਂ 8 ਘੰਟੇ ਦੀ ਵਜਾਏ 12 ਘੰਟੇ ਕੰਮ ਲੈਣਾ ਸਰਮਾਏਦਾਰੀ ਦੇ ਹੱਕ ਵਿੱਚ ਅਤੇ ਮਜ਼ਦੂਰ ਵਿਰੋਧੀ ਫੈਸਲਾ ਹੈ। ਬਹੁਜਨ ਸਮਾਜ ਪਾਰਟੀ ਕੇਂਦਰ ਦੇ ਇਸ ਫੈਸਲੇ ਦੇ ਵਿਰੋਧ ਵਿੱਚ 2 ਜਨਵਰੀ ਨੂੰ ਪੰਜਾਬ ਅੰਦਰ ਜ਼ਿਲਾ ਪੱਧਰ ਤੇ ਰੋਸ ਪ੍ਰਦਰਸ਼ਨ ਕਰਕੇ ਡਿਪਟੀ ਕਮਿਸ਼ਨਰ ਰਾਹੀਂ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਭੇਜੇਗੀ।

ਇਸ ਮੌਕੇ ਸਟੇਟ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ,ਸਟੇਟ ਜਨਰਲ ਸੈਕਟਰੀ ਠੇਕੇਦਾਰ ਭਗਵਾਨ ਦਾਸ ਸਿੱਧੂ, ਵਰਲਡ ਵਾਈਡ ਬਸਪਾ ਸਪੋਰਟਰ ਦੇ ਸਾਥੀ ਸੁਰਜੀਤ ਭੰਡੇਰ,ਮਿਨੰਦਰ ਸ਼ੇਰਪੁਰੀ ਸਟੇਟ ਸੈਕਟਰੀ, ਸਕੱਤਰ ਬਿੰਟਾ ਸਟੇਟ ਸੈਕਟਰੀ ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ, ਐਡਵੋਕੇਟ ਧਰਮਿੰਦਰ ਦਾਦਰਾ ਜ਼ਿਲ੍ਹਾ ਜਨਰਲ ਸੈਕਟਰੀ, ਜ਼ਿਲ੍ਹਾ ਕੋਆਰਡੀਨੇਟਰ ਐਡਵੋਕੇਟ ਪਲਿਵੰਦਰ ਮਾਨਾ, ਮਦਨ ਸਿੰਘ ਬੈਂਸ ਵਿਧਾਨ ਸਭਾ ਇੰਚਾਰਜ, ਹਰਬੰਸ ਸਿੰਘ ਖੈਰਾਬਾਦ, ਬੰਟੀ ਬਾਜ ਦਸੂਹਾ, ਸੁਰਜੀਤ ਮਹਿੂ ਵਿਜੈ ਖਾਨਪੁਰੀ ਤੋਂ ਇਲਾਵਾ ਹੋਰ ਪਾਰਟੀ ਲੀਡਰਿਸ਼ਪ ਵੀ ਮੌਜੂਦ ਸੀ।

# ਇਫਟੂ ਵੱਲੋਂ ਮੁਕੇਸ਼ ਮਲੌਦ ਦੀ ਗ੍ਰਿਫ਼ਤਾਰੀ ਦੀ ਨਿੰਦਾ



**ਬੰਗਾ (ਅਵਤਾਰ ਕਲੇਰ)**

ਭਾਰਤੀ ਟ੍ਰੇਡ ਯੂਨੀਅਨਾਂ ਦੀ ਫੈਡਰੇਸ਼ਨ (ਇਫਟੂ) ਦੀ ਰਾਸ਼ਟਰੀ ਕਮੇਟੀ ਮੰਗਲਵਾਰ ਨੂੰ ਪੰਜਾਬ ਸਰਕਾਰ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਗ੍ਰਿਫਤਾਰੀ ਦੀ ਸਖ਼ਤ ਨਿੰਦਾ ਕਰਦੀ ਹੈ। ਇਫਟੂ ਦੀ ਕੇਂਦਰੀ ਕਮੇਟੀ ਦੇ ਜਨਰਲ ਸਕੱਤਰ ਟੀ. ਸ੍ਰੀਨਿਵਾਸ ਵਲੋਂ ਜਾਰੀ ਇਕ ਪ੍ਰੈਸ ਬਿਆਨ ਵਿੱਚ ਆਖਿਆ ਹੈ ਕਿ ਮੁਕੇਸ਼ ਮਲੌਦ ਨੂੰ ਨਾਗਪੁਰ ਦੀ ਇੱਕ ਜਨ ਸਭਾ ਵਿਚ ਹਿੱਸਾ ਲੈਣ ਉਪਰੰਤ ਵਾਪਸ ਆਉਂਦੇ ਸਮੇਂ ਨਿਜ਼ਾਮੁਦੀਨ ਸਟੇਸ਼ਨ ਦਿੱਲੀ 'ਤੇ ਪੰਜਾਬ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ। ਦਿੱਲੀ ਦੀਆਂ ਅਦਾਲਤਾਂ 'ਤੋਂ ਟ੍ਰਾਂਜ਼ਿਟ ਰਿਮਾਂਡ ਲਏ ਬਿਨਾਂ ਹੀ ਪੰਜਾਬ ਸਰਕਾਰ ਨੇ ਗੈਰਕਾਨੂੰਨੀ ਢੰਗ ਨਾਲ ਉਹਨਾਂ ਨੂੰ ਵਾਹਨ ਵਿੱਚ ਧੱਕ ਕੇ ਸ਼ਹਿਰ ਤੋਂ ਬਾਹਰ ਲੈ ਜਾਇਆ। ਸਾਥੀ ਮਲੌਦ ਨੂੰ ਸੰਗਰੂਰ ਪੁਲਿਸ ਵੱਲੋਂ ਉਹਨਾਂ ਕੇਸਾਂ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ 2014 ਤੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਝੰਡੇ ਹੇਠ ਦਲਿਤਾਂ ਵੱਲੋਂ ਲੜੇ ਗਏ ਤਿੱਖੇ ਸੰਘਰਸ਼ਾਂ ਦੌਰਾਨ ਦਰਜ ਕੀਤੇ ਗਏ ਸਨ। ਇਹ ਸੰਘਰਸ਼ ਪੰਜਾਬ ਦੇ ਕਾਨੂੰਨ ਅਨੁਸਾਰ ਪਿੰਡਾਂ ਦੀ ਸ਼ਾਮਲਾਤ ਜ਼ਮੀਨ ਦੇ 1/3 ਹਿੱਸੇ 'ਤੇ ਦਲਿਤਾਂ ਦੇ ਕਾਨੂੰਨੀ ਹੱਕ ਨੂੰ ਯਕੀਨੀ ਬਣਾਉਣ ਲਈ ਲੜੇ ਗਏ ਸਨ। ਇਨ੍ਹਾਂ ਸੰਘਰਸ਼ਾਂ ਦੌਰਾਨ ਪੰਜਾਬ ਦੀਆਂ ਲਗਾਤਾਰ ਸਰਕਾਰਾਂ ਜ਼ਿਮੀਦਾਰਾਂ ਦੇ ਪੱਖ ਵਿੱਚ ਖੜ੍ਹੀਆਂ ਰਹੀਆਂ, ਜੋ ਨਾਟਕੀ ਹਾਲਤਾਂ ਰਾਹੀਂ ਗੈਰ ਕਾਨੂੰਨੀ ਤੌਰ 'ਤੇ ਇਸ ਜ਼ਮੀਨ 'ਤੇ ਕਬਜ਼ਾ ਕਰਦੇ ਰਹੇ। ਮਲੌਦ ਖ਼ਿਲਾਫ਼ ਦਰਜ ਕੇਸਾਂ ਵਿੱਚੋਂ ਇੱਕ 2014 ਦੇ ਬਾਲਦ ਕਲਾਂ ਪਿੰਡ ਦੇ ਸੰਘਰਸ਼ ਨਾਲ ਸਬੰਧਤ ਹੈ, ਜਿਸ ਵਿੱਚ ਦਲਿਤਾਂ ਵੱਲੋਂ ਆਪਣੇ ਕਾਨੂੰਨੀ ਹੱਕ ਲਾਗੂ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਕੁਚਲਣ ਲਈ ਜ਼ਿਮੀਂਦਾਰਾਂ, ਗੁੰਡਿਆਂ ਅਤੇ ਪੁਲਸ ਦੇ ਹਮਲੇ ਦੌਰਾਨ ਇੱਕ 80 ਸਾਲਾ ਔਰਤ ਸ਼ਹੀਦ ਹੋ ਗਈ ਸੀ। ਇਹ ਗ੍ਰਿਫ਼ਤਾਰੀ ਉਸੇ ਦਿਨ ਕੀਤੀ ਗਈ ਜਦੋਂ ਵਿਧਾਨ ਸਭਾ ਵਿੱਚ ਜੀ ਰਾਮ ਜੀ ਬਿੱਲ ਦੇ ਖ਼ਿਲਾਫ਼ ਚਰਚਾ ਦਾ ਨਾਟਕ ਕੀਤਾ ਗਿਆ। ਇਫਟੂ ਦੀ ਰਾਸ਼ਟਰੀ ਕਮੇਟੀ ਨੇ ਸਾਥੀ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾ ਕਰਨ ਦੀ ਮੰਗ ਕੀਤੀ ਹੈ।

## ਵੀ ਬੀ ਜੀ ਰਾਮ ਜੀ ਰੋਜ਼ਗਾਰ ਮੁਹੱਈਆ ਕਰਵਾਉਣ ਤੋਂ ਵਾਂਝਾ ਕਰੇਗੀ : ਕਟਾਰੂਚੱਕ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਗਏ ਨਵੇਂ ਵਿਕਸਤ ਭਾਰਤ ਗਾਰੰਟੀ ਫਾਰ ਰੋਜ਼ਗਾਰ ਅਜੀਵਿਕਾ ਮਿਸ਼ਨ (ਗ੍ਰਾਮੀਣ) (ਵੀ ਬੀ ਜੀ ਰਾਮ ਜੀ ਸਕੀਮ) ਐਕਟ, 2025 ਨੇ ਪਿੰਡਾਂ ਦੀ ਗਰੀਬ ਆਬਾਦੀ ਅਤੇ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਨੂੰ ਰੋਜ਼ਗਾਰ ਦੇ ਢੁਕਵੇਂ ਮੌਕੇ ਮੁਹੱਈਆ ਕਰਵਾਉਣ ਤੋਂ ਵਾਂਝਾ ਕਰਕੇ ਉਨ੍ਹਾਂ ਨੂੰ ਘਾਤਕ ਝਟਕਾ ਦਿੱਤਾ ਹੈ।ਇਹ ਜਾਣਕਾਰੀ ਦਿੰਦੇ ਖੁਰਾਕ, ਸਿਵਲ ਸਪਲਾਈ, ਖਪਤਕਾਰ ਮਾਮਲੇ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਪੰਜਾਬ ਵਿਧਾਨ ਸਭਾ ਵਿੱਚ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਵੀਬੀ ਜੀ ਰਾਮ ਜੀ ਸਕੀਮ ਬਾਰੇ ਪੇਸ਼ ਕੀਤੇ ਗਏ ਮਤੇ ਬਾਬਤ ਬੋਲਦਿਆਂ ਦਿੱਤੀ।ਕੈਬਨਿਟ ਮੰਤਰੀ ਨੇ ਦੱਸਿਆ ਕਿ ਜੇਕਰ ਰਾਜ ਸਰਕਾਰ ਨਵੇਂ ਐਕਟ ਤਹਿਤ ਕੰਮ ਕਰਦੀ ਹੈ ਤਾਂ ਨਵਾਂ ਬਜਟ ਭਾਰਤ ਸਰਕਾਰ ਦੁਆਰਾ ਤੈਅ ਕੀਤੇ ਬਜਟ ਅਲਾਟਮੈਂਟ ਤੋਂ ਵੱਧ ਹੋਵੇਗਾ ਤੇ ਇਸ ਸਕੀਮ ਲਈ ਕੀਤੇ ਜਾਣ ਵਾਲੇ ਖਰਚਿਆਂ ਦਾ ਬੋਝ 100 ਫ਼ੀਸਦ ਰਾਜ ਸਰਕਾਰ 'ਤੇ ਪਵੇਗਾ।

## ਕੁੰਦਨ ਲਾਲ ਭੱਟੀ ਦੇ ਦੋ ਗੀਤ ਸੰਗ੍ਰਹਿ ਲੋਕ ਅਰਪਣ



**ਜਲੰਧਰ (ਇਕਬਾਲ ਸਿੰਘ ਉੱਭੀ)**-ਸਥਾਨਕ ਪ੍ਰੈਸ ਕਲੱਬ ਵਿਖੇ ਉੱਘੇ ਸ਼ਾਇਰ,ਕਵੀ ਅਤੇ ਕਾਲਮਨਵੀਸ ਕੁੰਦਨ ਲਾਲ ਭੱਟੀ ਦੇ ਦੋ ਗੀਤ ਸੰਗ੍ਰਹਿ 'ਵੰਗਾਂ ਸਤਰੰਗੀਆਂ' ਅਤੇ 'ਚੌਦਵੀਂ ਦਾ ਚੰਨ' ਲੋਕ ਅਰਪਣ ਕੀਤੇ ਗਏ। ਦੋਵੇਂ ਪੁਸਤਕਾਂ ਗੀਤ ਸੰਗ੍ਰਹਿ ਦੇ ਰੂਪ ਵਿੱਚ ਪੰਜਾਬੀ ਸੱਭਿਆਚਾਰ ਦੀ ਸਮੁੱਚੀ ਬਾਤ ਪਾਉਂਦੀਆਂ ਹਨ।ਹਰ ਗੀਤ ਰਚਨਾ ਰਸਦਾਇਕ, ਜਾਣਕਾਰੀ ਭਰਭੂਰ, ਮਨੋਰੰਜਨ ਦੀ ਹਾਮੀ ਲਾਜ਼ਮੀ ਭਰਦਾ ਨਜ਼ਰ ਆਉਂਦਾ ਹੈ।ਦੋਵੇਂ ਗੀਤ ਸੰਗ੍ਰਹਿ ਲੋਕ ਮਨਾਂ ਤੇ ਉਤਰਨ ਵਾਲੀਆਂ ਅਦੁਤੀਆਂ ਵੰਨਗੀਆ ਹਨ।ਇਸ ਮੌਕੇ ਗੀਤਕਾਰ ਸੁਖਜੀਤ ਨੇ ਕਿਹਾ ਕਿ ਕੁੰਦਨ ਲਾਲ ਭੱਟੀ ਉੱਚ ਕੋਟੀ ਦਾ ਸਮੁੱਚਾ ਤੇ ਉੱਚਾ ਸਾਹਿਤਕਾਰ ਹੈ।ਉਹਨਾਂ ਸਾਹਿਤਕਾਰ ਦੇ ਤਕਰੀਬਨ ਪੰਜਾਬੀ ਸਾਹਿਤ ਨੂੰ 69 ਕਿਤਾਬਾਂ ਦਾ ਯੋਗਦਾਨ ਦਿੱਤਾ ਹੈ,ਜੋ ਕਿ ਮਾਣ ਵਾਲੀ ਗੱਲ ਹੈ।ਇਹ ਵਿਸ਼ਵ ਦਾ ਪਹਿਲਾ ਸਾਹਿਤਕਾਰ ਹੈ ਜਿਸ ਦਾ 16 ਤੋਂ ਵੱਧ ਵਾਰ ਏਸ਼ੀਆ ਤੇ ਇੰਡੀਆ ਬੁੱਕ ਆਫ਼ ਰਿਕਾਰਡ ਵਿੱਚ ਨਾਂ ਦਰਜ ਹੋ ਚੁੱਕਾ ਹੈ,ਜੋ ਕਿ ਪੰਜਾਬੀ ਅਦਬ ਵਿੱਚ ਮਾਣ ਵਾਲੀ ਗੱਲ ਹੈ।ਇਸ ਮੌਕੇ ਬਲਵਿੰਦਰ ਸਿੰਘ ਵੀ ਮੌਜੂਦ ਸਨ।

# ਬਸਪਾ ਵੱਲੋਂ ਅਸ਼ੋਕ ਬਡੇਸਰੋਂ ਹਲਕਾ ਇੰਚਾਰਜ ਨਿਯੁਕਤ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਬਹੁਜਨ ਸਮਾਜ ਪਾਰਟੀ ਵਲੋਂ ਹਲਕਾ ਗੜ੍ਹਸ਼ੰਕਰ ਵਿਚ ਪਾਰਟੀ ਲੀਡਰਸ਼ਿਪ ਵਿਚ ਵਿਸਥਾਰ ਕਰਦਿਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ। ਲੰਬੇ ਸਮੇਂ ਤੋਂ ਪਾਰਟੀ ਵਿਚ ਕੰਮ ਕਰਦੇ ਨੌਜਵਾਨ ਆਗੂ ਅਸ਼ੋਕ ਬਡੇਸਰੋਂ ਨੂੰ ਗੜ੍ਹਸ਼ੰਕਰ ਤੋਂ ਹਲਕਾ ਇੰਚਾਰਜ ਲਗਾਇਆ ਗਿਆ। ਇਸ ਨਿਯੁਕਤੀ ਤੇ ਹਲਕਾ ਗੜ੍ਹਸ਼ੰਕਰ ਦੀ ਬਸਪਾ ਲੀਡਰਸ਼ਿਪ ਨੇ ਸਵਾਗਤ ਕੀਤਾ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਅਸ਼ੋਕ ਬੜੇਸਰੋ ਸਮੇਂ ਸਮੇਂ ਤੇ ਬਸਪਾ ਦੀਆਂ ਗਤੀਆਂ ਵਿਧੀਆਂ ਵਿੱਚ ਇਮਾਨਦਾਰੀ ਨਾਲ ਆਪਣਾ ਅਹਿਮ ਰੋਲ ਅਦਾ ਕਰਦੇ ਹਨ । ਇਸ ਦੌਰਾਨ ਹਲਕਾ ਪ੍ਰਧਾਨ ਮਾ. ਮਲਕੀਤ ਸਿੰਘ ਨੇ ਕਿਹਾ ਕਿ ਨੌਜਵਾਨ ਸਾਥੀਆਂ ਦੇ ਪਾਰਟੀ ਨਾਲ ਜੁੜਨ ਤੇ ਨਵੀਂ ਊਰਜਾ ਮਿਲਦੀ ਹੈ। ਇਸ ਦੌਰਾਨ ਨਵ ਨਿਯੁਕਤ ਹਲਕਾ ਇੰਚਾਰਜ ਅਸ਼ੋਕ ਬਡੇਸਰੋਂ ਵੱਲੋਂ ਆਪਣੀ ਨਿਯੁਕਤੀ ਤੇ ਬਸਪਾ ਕੌਮੀ ਪ੍ਰਧਾਨ ਕੁਮਾਰੀ ਮਾਇਆਵਤੀ ਤੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਦਾ ਬਹੁਤ ਧੰਨਵਾਦ ਕੀਤਾ।

# ਆਮ ਵਿਅਕਤੀ ਦੇ ਇਲਾਜ ਲਈ 10 ਲੱਖ ਤੱਕ ਸਹੂਲਤਾਂ ਦੇਣਾ ਸ਼ਲਾਘਾਯੋਗ ਕਦਮ : ਪ੍ਰਦੀਪ ਦੁੱਗਲ



**ਫਿਲੌਰ (ਨਿਰਮਲ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕਰੋੜਾ ਪੰਜਾਬੀਆਂ ਨੂੰ ਨਵੇਂ ਸਾਲ ਦਾ ਨਵਾਂ ਤੋਹਫਾ ਦੇਣਾ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਆਮ ਆਦਮੀ ਪਾਰਟੀ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਪ੍ਰਦੀਪ ਦੁੱਗਲ ਨੇ ਪੱਤਰਕਾਰਾਂ ਨਾਲ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਜੋ ਵਿਧਾਨ ਸਭਾ ਚੋਣਾਂ ਵੇਲੇ ਪੰਜਾਬੀਆਂ ਨਾਲ ਪੰਜਾਬ ਸਰਕਾਰ ਨੇ ਵਾਅਦੇ ਕੀਤੇ ਸਨ ਉਸ ਵਿੱਚ ਮੈਡੀਕਲ ਸਹੂਲਤਾਂ ਵੀ ਸੀ ਪੰਜਾਬ ਸਰਕਾਰ 1 ਜਨਵਰੀ ਤੋ 10 ਲੱਖ ਤੱਕ ਦਾ ਇਲਾਜ ਮੁਫਤ ਹੋਵੇਗਾ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦਾ ਇਹ ਸ਼ਲਾਘਾਯੋਗ ਕਦਮ ਹੈ । ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਸੂਬਾ ਬਣ ਗਿਆ ਹੈ ਜਿੱਥੇ ਹਰ ਵਰਗ ਨੂੰ ਜਿਸ ਤਰ੍ਹਾਂ ਬਿਜਲੀ ਮੁਫ਼ਤ ਮਿਲ ਰਹੀ ਹੈ ਇਸੇ ਤਰ੍ਹਾਂ 10 ਲੱਖ ਦੇ ਬੀਮੇ ਦੀ ਸਹੂਲਤ ਹਰ ਵਿਅਕਤੀ ਨੂੰ ਮਿਲਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਆਮ ਵਿਅਕਤੀਆ ਲਈ ਚੱਲ ਰਹੀਆਂ ਸਕੀਮਾਂ ਜਿਨ੍ਹਾਂ ਵਿਚ ਬਿਜਲੀ ਦੇ 600 ਯੂਨਿਟ ਮੁਫ਼ਤ, ਆਟਾ ਦਾਲ ਸਕੀਮ, ਮੁਫ਼ਤ ਬੱਸ ਸਫ਼ਰ, ਸ਼ਗਨ ਸਕੀਮ, ਪੈਨਸ਼ਨ ਸਕੀਮ ਅਤੇ ਹੋਰ ਸਕੀਮਾਂ ਦਾ ਲਾਭ ਲੈ ਰਹੇ ਹਨ।

# ਮੁਲਾਜ਼ਮਾਂ-ਪੈਨਸ਼ਨਰਾਂ ਨੂੰ ਸਮਰਪਿਤ ਸਾਲ 2026 ਦਾ ਕਲੰਡਰ ਜਾਰੀ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਅਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਮੁਲਾਜਮ, ਪੈਨਸ਼ਨਰ, ਸੰਘਰਸ਼ਾਂ ਦੇ ਮਹਾਨਾਇਕ ਕਾ. ਸੱਜਣ ਸਿੰਘ, ਕਾ. ਰਣਬੀਰ ਸਿੰਘ ਢਿੱਲੋਂ ਨੂੰ ਸਮਰਪਿਤ ਸਾਲ 2026 ਦਾ ਵਾਲ ਕਲੰਡਰ, ਮਹਰੂਮ ਕਾ. ਸੱਜਣ ਸਿੰਘ ਦੀ ਧਰਮ ਪਤਨੀ ਕਾ. ਅਮਰਜੀਤ ਕੌਰ , ਵੱਲੋਂ ਇੱਥੇ ਸੂਬਾਈ ਆਗੂਆਂ ਦੀ ਹਾਜ਼ਰੀ ਵਿੱਚ ਜਾਰੀ ਕੀਤਾ। ਇਸ ਦੀ ਅਗਵਾਈ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਕਾ. ਰਣਜੀਤ ਸਿੰਘ ਰਾਣਵਾਂ, ਕਲਾਸ ਫੋਰਥ ਦੇ ਸੂਬਾ ਪ੍ਰਧਾਨ ਕਾ. ਦਰਸ਼ਨ ਸਿੰਘ ਲੁਬਾਣਾ ਨੇ ਕੀਤੀ। ਕਲੰਡਰ ਵਿੱਚ ਸਾਲ 2025 ਵਿੱਚ ਕੀਤੇ ਵੱਖ-ਵੱਖ ਐਕਸ਼ਨਾਂ ਦੀਆਂ ਤਸਵੀਰਾਂ ਵੀ ਵੇਖਣ ਨੂੰ ਮਿਲਦੀਆਂ ਹਨ। ਇਸ ਕਲੰਡਰ ਨੂੰ ਤਿਆਰ ਕਰਨ ਦੀ ਅਹਿਮ ਭੂਮਿਕਾ ਸੂਬਾ ਵਿੱਤ ਸਕੱਤਰ ਕਾ. ਚੰਦਨ ਸਿੰਘ ਨੇ ਨਿਭਾਈ। ਹਾਜ਼ਰ ਆਗੂਆਂ ਨੇ ਅਹਿਦ ਕੀਤਾ ਕਿ ਉਹ ਸਰਕਾਰੀ ਤੇ ਅਰਧ ਸਰਕਾਰੀ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲੀ ਤੇ ਸਮੂੰਹ ਕੱਚੇ ਮੁਲਾਜਮਾਂ ਨੂੰ ਨਿਯਮਤ ਕਰਵਾਉਣ ਤੇ ਠੇਕੇਦਾਰੀ ਪ੍ਰਥਾ ਦੇ ਮੁਕੰਮਲ ਖਾਤਮੇ,ਡੀ ਏ ਆਦਿ ਦੇ ਬਕਾਇਆਂ ਦੀ ਪ੍ਰਾਪਤੀ ਅਤੇ ਹੋਰ ਮੰਗਾਂ ਲਈ ਅਗਵਾਈ ਵਜੋਂ ਅੰਦੋਲਨਾਂ ਵਿੱਚ ਸ਼ਾਮਲ ਹੋਣਗੇ ਤੇ ਸਾਲ 2026 ਦਾ ਵਰ੍ਹਾਂ ਸੰਘਰਸ਼ਾਂ ਵਜੋਂ ਖੜਾ ਕਰਨਗੇ। ਚੰਦਨ ਸਿੰਘ ਖਜ਼ਾਨਚੀ, ਕ੍ਰਿਸ਼ਨ ਕੁਮਾਰ ਪ੍ਰਧਾਨ ਚੰਡੀਗੜ੍ਹ,ਰਾਮ ਲਾਲ ਰਾਮਾ, ਨਾਰੰਗ ਸਿੰਘ, ਸੱਤ ਨਰੈਣ ਗੁਨੀ,ਸ਼ਿਵ ਚਰਨ, ਸੁਰਿੰਦਰ ਸਿੰਘ ਬੈਂਸ,ਜੀਤ ਸਿੰਘ,ਜੈਵੀਰ ਸਿੰਘ, ਰਮੇਸ਼ ਸਿੰਘ ਪ੍ਰਧਾਨ 36 ਸੈਕਟਰ,ਰਾਜ ਕੁਮਾਰ ਸੈਕਟਰੀ,ਰਮਨ ਸ਼ਰਮਾ, ਡਿੰਪਲ ਰੁਹੇਲਾ ਜਲੰਧਰ, ਸੁਖਦੇਵ ਬੱਸਰਾ, ਜੰਗ ਬਹਾਦਰ ਜਲੰਧਰ ਹਾਜ਼ਰ ਸਨ।

# ਰੇਸ਼ਮ ਸਿੰਘ ਰਸੂਲਪੁਰ ਨਹੀਂ ਰਹੇ



**ਬੰਗਾ (ਅਵਤਾਰ ਕਲੇਰ)**-ਸੀ ਪੀ ਆਈ (ਐਮ) ਤਹਿਸੀਲ ਕਮੇਟੀ ਬੰਗਾ ਦੇ ਮੈਂਬਰ ਅਤੇ ਖੇਤ ਮਜ਼ਦੂਰ ਯੂਨੀਅਨ ਦੇ ਅਹੁਦੇਦਾਰ ਰੇਸ਼ਮ ਸਿੰਘ ਰਸੂਲਪੁਰ ਦਾ ਸੰਖੇਪ ਬਿਮਾਰੀ ਪਿਛੋਂ ਦਿਹਾਂਤ ਹੋ ਗਿਆ।ਉਹ 58 ਵਰਿਆਂ ਦੇ ਸਨ। ਉਨ੍ਹਾਂ ਦੇ ਪਿਤਾ ਕਾਮਰੇਡ ਲਛਮਣ ਸਿੰਘ ਵੀ ਪਾਰਟੀ ਮੈਂਬਰ ਰਹੇ ਸਨ। ਇਨਕਲਾਬੀ ਭਾਵਨਾ ਇਨ੍ਹਾਂ ਨੂੰ ਆਪਣੇ ਪਿਤਾ ਤੋਂ ਹੀ ਮਿਲੀ ਸੀ।ਉਹ ਆਪਣੇ ਪਿਛੇ ਪਤਨੀ ਇੱਕ ਲੜਕੀ ਤੇ ਦੋ ਲੜਕੇ ਛੱਡ ਗਏ ਹਨ। ਉਨ੍ਹਾਂ ਦਾ ਸੰਸਕਾਰ ਪਿੰਡ ਰਸੂਲਪੁਰ ਵਿਖੇ ਕਰ ਦਿੱਤਾ ਗਿਆ।ਇਸ ਮੌਕੇ ਤੇ ਸੀ ਪੀ ਆਈ ਐਮ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਰਾਮ ਸਿੰਘ ਨੂਰਪੁਰੀ, ਜ਼ਿਲ੍ਹਾ ਸਕੱਤਰ ਕਾਮਰੇਡ ਚਰਨਜੀਤ ਸਿੰਘ ਦੌਲਤਪੁਰ ਤਹਿਸੀਲ ਸਕੱਤਰ ਕਾਮਰੇਡ ਜੋਗਿੰਦਰ ਲੜੋਆ, ਕਾਮਰੇਡ ਕੁਲਦੀਪ ਝਿੰਗੜ, ਸੁਨੀਤਾ ਤਲਵੰਡੀ, ਹੁਸਨ ਸਿੰਘ ਮਾਂਗਟ, ਸੁਸ਼ੀਲ ਕੁਮਾਰ ਮੰਢਾਲੀ ਆਦਿ ਸਾਥੀਆਂ ਨੇ ਉਨ੍ਹਾਂ ਦੀ ਮੌਤ ਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਦੁਖੀ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

## ਬੰਗਲਾਦੇਸ਼ 'ਚ ਹਿੰਦੂ ਨੌਜਵਾਨ ਦੀ ਹੱਤਿਆ ਦੀ ਨਿੰਦਾ



**ਬਲਾਚੌਰ (ਜਸਵਿੰਦਰ ਬੈਂਸ)**-ਬੰਗਲਾਦੇਸ਼ ਵਿੱਚ ਇੱਕ ਹਿੰਦੂ ਯੁਵਕ ਦੀ ਬੇਰਹਿਮੀ ਨਾਲ ਹੱਤਿਆ ਦੀ ਸਖ਼ਤ ਨਿੰਦਾ ਕਰਦੇ ਹੋਏ, ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ ਨੇ ਕੇਂਦਰ ਸਰਕਾਰ ਨੂੰ ਬੰਗਲਾਦੇਸ਼ ਵਿੱਚ ਘੱਟ ਗਿਣਤੀਆਂ ਨੂੰ ਬਚਾਉਣ ਲਈ ਇਸ ਮਾਮਲੇ ਵਿੱਚ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਉੱਥੇ ਪੁਲਿਸ ਦੀ ਮਿਲੀਭੁਗਤ ਨਾਲ ਇੱਕ ਨੌਜਵਾਨ ਦੀ ਹੱਤਿਆ 'ਤੇ ਗੰਭੀਰ ਸਦਮਾ ਅਤੇ ਦੁੱਖ ਪ੍ਰਗਟ ਕੀਤਾ ਹੈ ਅਤੇ ਇਸ ਨੂੰ ਯੂਨਿਸ ਸਰਕਾਰ ਦੁਆਰਾ ਕੱਟੜਪੰਥੀ ਤਾਕਤਾਂ ਨੂੰ ਜਗ੍ਹਾ ਦੇਣ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਦੱਸਿਆ ਹੈ। ਪਿਛਲੇ ਕਾਫ਼ੀ ਸਮੇਂ ਤੋਂ ਸਾਡੇ ਆਂਢ-ਗੁਆਂਢ ਵਿੱਚ ਵਿਗੜਦੀ ਸਥਿਤੀ 'ਤੇ ਗੰਭੀਰ ਚਿੰਤਾ ਪ੍ਰਗਟ ਕਰਦੇ ਹੋਏ, ਅਜੇ ਮੰਗੂਪੁਰ ਨੇ ਕਿਹਾ ਕਿ ਭਾਰਤ ਸਰਕਾਰ ਸਥਿਤੀ ਨੂੰ ਹੋਰ ਵਿਗੜਨ ਅਤੇ ਸਾਡੀ ਸੁਰੱਖਿਆ ਅਤੇ ਭਾਈਚਾਰਕ ਸਦਭਾਵਨਾ ਲਈ ਖ਼ਤਰਾ ਪੈਦਾ ਕਰਨ ਲਈ ਬੇਵੱਸ ਕਿਉਂ ਹੋ ਕੇ ਦੇਖ ਰਹੀ ਹੈ।ਕੇਂਦਰ ਸਰਕਾਰ ਨੂੰ ਸਾਰੇ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ ਅਤੇ ਉੱਥੇ ਹਿੰਦੂਆਂ ਅਤੇ ਹੋਰ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਸਖ਼ਤ ਸਟੈਂਡ ਲੈਣਾ ਚਾਹੀਦਾ ਹੈ ਅਤੇ ਭਾਰਤ ਦੇ ਨੁਕਸਾਨ ਲਈ ਕੱਟੜਪੰਥੀ ਵੱਲ ਹੋਰ ਵਧਣ ਦੀ ਸਥਿਤੀ ਨੂੰ ਰੋਕਣਾ ਚਾਹੀਦਾ ਹੈ।

## ਪ੍ਰੋ.ਚਰਨ ਸਿੰਘ ਦਾ ਅੰਤਿਮ ਸਸਕਾਰ ਅੱਜ




**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਬਾਬਾ ਦਰਬਾਰਾ ਸਿੰਘ ਪਬਲਿਕ ਸਕੂਲ ਟਿੱਬਾ ਦੇ ਮੁਖੀ ਪ੍ਰੋ. ਚਰਨ ਸਿੰਘ ਦਾ ਪਿਛਲੇ ਦਿਨੀ ਦੇਹਾਂਤ ਹੋ ਗਿਆ ਸੀ । ਉਹਨਾਂ ਦੇ ਅੰਤਿਮ ਦਰਸ਼ਨ ਅੱਜ ਮਿਤੀ 1-1-2026 - ਵੀਰਵਾਰ ਨੂੰ ਬਾਬਾ ਦਰਬਾਰਾ ਸਿੰਘ ਪਬਲਿਕ ਸਕੂਲ, ਪਿੰਡ ਟਿੱਬਾ, ਜ਼ਿਲਾ ਕਪੂਰਥਲਾ ਵਿਖੇ ਦੁਪਹਿਰ 12 ਵਜੇ ਤੋਂ ਕੀਤੇ ਜਾ ਸਕਣਗੇ, ਜਿਸ ਉਪਰੰਤ ਅੱਜ 1 ਵਜੇ ਉਹਨਾਂ ਦਾ ਅੰਤਿਮ ਸੰਸਕਾਰ ਪਿੰਡ ਟਿੱਬਾ ਦੇ ਸ਼ਮਸ਼ਾਨ ਘਾਟ ਵਿਖੇ ਕੀਤਾ ਜਾਵੇਗਾ।

## ਵਾਲਮੀਕਿ ਮਜ਼ਬੀ ਸਿੱਖ ਭਾਈਚਾਰੇ ਵੱਲੋਂ ਲੁਧਿਆਣਾ 'ਚ ਚਿੰਤਨ ਮੰਥਨ 7 ਨੂੰ : ਚੀਮਾ

**ਨਕੋਦਰ (ਮਨਜੀਤ ਮਾਨ)**-ਇਥੇ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਚੀਮਾ ਚੇਅਰਮੈਨ 11 ਨਿਹੰਗ ਸਿੰਘ ਜਥੇਬੰਦੀਆਂ ਭਾਰਤ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮੁੱਚੇ ਵਾਲਮੀਕਿ ਮਜ਼ਬੀ ਸਿੱਖ ਭਾਈਚਾਰੇ ਵੱਲੋਂ 7 ਜਨਵਰੀ ਨੂੰ ਗੁਰਦੁਆਰਾ ਬਾਬਾ ਜੀਵਨ ਸਿੰਘ ਤਿਕੋਣੀ ਪਾਰਕ ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਚਿੰਤਨ ਮੰਥਨ ਕੀਤਾ ਜਾ ਰਿਹਾ ਹੈ ਜਿਸ ਵਿੱਚ ਦਸਮੇਸ਼ ਤਰਨਾ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਢੀ, ਜਥੇਦਾਰ ਬਲਦੇਵ ਸਿੰਘ ਵੱਲ੍ਹਾ, ਜਥੇਦਾਰ ਕੁਲਵਿੰਦਰ ਸਿੰਘ ਚੋਤਿਆ ਵਾਲਿਆ ਤੋਂ ਇਲਾਵਾ ਸ਼੍ਰੋਮਣੀ ਰੰਘਰੇਟਾ ਦਲ ਦੇ ਸੀਨੀਅਰ ਮੀਤ ਪ੍ਰਧਾਨ ਮੇਜਰ ਸਿੰਘ ਆਦਨੀਆ , ਜਨਰਲ ਸਕੱਤਰ ਫਤਹਿ ਸਿੰਘ ਮਾਨ ਤੋਂ ਇਲਾਵਾ ਇਤਿਸਕਾਰ ਜਸਵੰਤ ਸਿੰਘ ਡੀ ਡੀ ਪੀ ਓ , ਨਿਰੰਜਨ ਸਿੰਘ ਆਰਫੀ, ਬੂਟਾ ਸਿੰਘ ਪੰਡੋਰੀ ਤੇ ਜਤਿੰਦਰ ਸਿੰਘ ਮੱਟੂ ਪਟਿਆਲਾ, ਭੁਪਿੰਦਰ ਸਿੰਘ ਮੱਟੂ ਅੰਮ੍ਰਿਤਸਰ ਪਹੁੰਚ ਰਹੇ ਹਨ। ਚੀਮਾ ਨੇ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਸਾਹਿਬਾਨਾਂ ਤੇ ਵਾਲਮੀਕਿ ਮਜ਼ਬੀ ਸਿੱਖ ਸਮਾਜ ਦੇ ਭਾਈਚਾਰੇ ਨੂੰ ਇਸ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

## ਡਾ. ਦਵਿੰਦਰਪਾਲ ਸਿੰਘ ਸੇਵਾਮੁਕਤ, ਪ੍ਰੈੱਸ ਕਲੱਬ ਨੇ ਕੀਤਾ ਸਨਮਾਨਤ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਦਵਿੰਦਰਪਾਲ ਸਿੰਘ ਨੇ ਲੰਮੇ ਸਮੇਂ ਤੱਕ ਬੇਦਾਗ, ਇਮਾਨਦਾਰ ਅਤੇ ਲੋਕ-ਹਿਤੈਸ਼ੀ ਸੇਵਾਵਾਂ ਨਿਭਾਉਂਦੇ ਹੋਏ ਆਪਣੀ ਸਰਕਾਰੀ ਸੇਵਾ ਤੋਂ ਸੇਵਾਮੁਕਤੀ ਪ੍ਰਾਪਤ ਕੀਤੀ। ਡਾਕਟਰ ਦਵਿੰਦਰਪਾਲ ਸਿੰਘ ਦੀ ਸੇਵਾਮੁਕਤੀ ਸਿਹਤ ਵਿਭਾਗ ਲਈ ਇਕ ਅਜਿਹਾ ਖਾਲੀਪਣ ਛੱਡ ਗਈ ਹੈ, ਜਿਸ ਨੂੰ ਭਰਨਾ ਆਸਾਨ ਨਹੀਂ ਹੋਵੇਗਾ।ਡਾਕਟਰ ਦਵਿੰਦਰਪਾਲ ਸਿੰਘ ਨੇ ਆਪਣੇ ਕਾਰਜਕਾਲ ਦੌਰਾਨ ਨਾ ਸਿਰਫ਼ ਮਰੀਜ਼ਾਂ ਦਾ ਇਲਾਜ ਕੀਤਾ, ਸਗੋਂ ਮਨੁੱਖਤਾ, ਸੇਵਾ ਅਤੇ ਸਮਰਪਣ ਦੀ ਜੀਤੀ-ਜਾਗਦੀ ਮਿਸਾਲ ਵੀ ਕਾਇਮ ਕੀਤੀ। ਉਹ ਹਰ ਮਰੀਜ਼ ਨਾਲ ਸਹਿਜਤਾ, ਸੰਵੇਦਨਸ਼ੀਲਤਾ ਅਤੇ ਬਰਾਬਰੀ ਦਾ ਵਿਹਾਰ ਕਰਦੇ ਰਹੇ। ਡਾ. ਦਵਿੰਦਰਪਾਲ ਸਿੰਘ ਵੱਲੋਂ ਨਿਭਾਈਆਂ ਗਈਆਂ ਉੱਤਮ ਸਿਹਤ ਸੇਵਾਵਾਂ ਨੂੰ ਮੁੱਖ ਰੱਖਦਿਆਂ ਪ੍ਰੈਸ ਕਲੱਬ ਸੁਲਤਾਨਪੁਰ ਲੋਧੀ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਚਾਇਨਾ ਡੋਰ ਵੇਚਣ, ਸਟੋਰ ਕਰਨ 'ਤੇ ਪਾਬੰਦੀ

**ਜਲੰਧਰ (ਇਕਬਾਲ ਸਿੰਘ ਉੱਭੀ)**-ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਜਲੰਧਰ ਅਮਨਿੰਦਰ ਕੌਰ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹੱਦ ਅੰਦਰ ਪਤੰਗ ਉਡਾਉਣ ਲਈ ਸਿੰਥੈਟਿਕ/ਪਲਾਸਟਿਕ ਦੀ ਬਣੀ ਚਾਇਨਾ ਡੋਰ ਵੇਚਣ, ਸਟੋਰ ਕਰਨ ਅਤੇ ਇਸ ਦੀ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਲਗਾਈ ਗਈ ਹੈ। ਇਹ ਹੁਕਮ 28 ਫਰਵਰੀ 2026 ਤੱਕ ਲਾਗੂ ਰਹੇਗਾ।

## ਤਰਸੇਮ ਸਿੰਘ ਕੋਟਲੀ ਨੂੰ ਸਦਮਾ, ਮਾਤਾ ਦਾ ਦਿਹਾਂਤ



**ਆਦਮਪੁਰ, (ਪਰਮਜੀਤ ਸਿੰਘ)**-'ਆਪ' ਆਗੂ ਤੇ ਸਰਪੰਚ ਪਤੀ ਤਰਸੇਮ ਸਿੰਘ ਕੋਟਲੀ ਨੂੰ ਸਮੇਂ ਸਦਮਾ ਲੱਗਾ, ਜਦੋਂ ਉਨ੍ਹਾਂ ਦੀ ਮਾਤਾ ਬੀਬੀ ਗੁਰਦੇਵ ਕੌਰ (80) ਦਾ ਅਚਾਨਕ ਦਿਹਾਂਤ ਹੋ ਗਿਆ। ਬੀਬੀ ਗੁਰਦੇਵ ਕੌਰ ਦਾ ਅੰਤਿਮ ਸੰਸਕਾਰ ਵਿਦੇਸ਼ ਵਿੱਚ ਰਹਿੰਦੇ ਪਰਵਾਰਕ ਮੈਂਬਰਾਂ ਦੇ ਆਉਣ ਉਪਰੰਤ ਕੀਤਾ ਜਾਵੇਗਾ। ਹਲਕਾ ਇੰਚਰਾਜ ਆਦਮਪੁਰ ਪਵਨ ਟੀਨੂੰ ਸਮੇਤ 'ਆਪ' ਵਲੋਂ ਬੀਬੀ ਗੁਰਦੇਵ ਕੌਰ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕੀਤਾ।

## ਬੰਗਲਾਦੇਸ਼ 'ਚ ਹਿੰਦੂਆਂ ਦੀ ਨਸਲਕੁਸ਼ੀ 'ਤੇ ਦੁਨੀਆ ਖਾਮੋਸ਼ ਕਿਉਂ : ਕਮਲ ਸਰੋਜ

**ਫਗਵਾੜਾ (ਡਾ. ਰਮਨ)**-ਸ਼ਿਵ ਸੈਨਾ ਯੂ.ਬੀ.ਟੀ. ਦੇ ਸੂਬਾ ਪ੍ਰੈਸ ਸਕੱਤਰ ਕਮਲ ਸਰੋਜ ਨੇ ਬੰਗਲਾਦੇਸ਼ ਵਿੱਚ ਹਿੰਦੂਆਂ ਵਿਰੁੱਧ ਚੱਲ ਰਹੇ ਅੱਤਿਆਚਾਰਾਂ ਅਤੇ ਨਸਲਕੁਸ਼ੀ ਦੀਆਂ ਘਟਨਾਵਾਂ ਦੀ ਸਖ਼ਤ ਨਿਖੇਧੀ ਕੀਤੀ ਅਤੇ ਇਸ ਨੂੰ ਮਨੁੱਖਤਾ ਵਿਰੁੱਧ ਇੱਕ ਗੰਭੀਰ ਅਪਰਾਧ ਦੱਸਿਆ ਹੈ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ ਵਿੱਚ ਹਿੰਦੂ ਭਾਈਚਾਰੇ ਵਿਰੁੱਧ ਹਿੰਸਾ ਅਤੇ ਅਤਿਆਚਾਰ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਸੰਵੇਦਨਾਵਾਂ ਦੀ ਉਲੰਘਣਾ ਹੈ। ਕਮਲ ਸਰੋਜ ਨੇ ਮੰਗ ਕੀਤੀ ਕਿ ਵਿਸ਼ਵ ਮਨੁੱਖੀ ਅਧਿਕਾਰ ਸੰਗਠਨ ਅਤੇ ਸੰਯੁਕਤ ਰਾਸ਼ਟਰ ਇਸ ਮਾਮਲੇ ਦਾ ਤੁਰੰਤ ਨੋਟਿਸ ਲੈਣ ਅਤੇ ਬੰਗਲਾਦੇਸ਼ ਨੂੰ ਕਿਸੇ ਵੀ ਤਰ੍ਹਾਂ ਦੀ ਵਿੱਤੀ ਸਹਾਇਤਾ ਤੁਰੰਤ ਬੰਦ ਕੀਤੀ ਜਾਵੇ। ਕਮਲ ਸਰੋਜ ਨੇ ਭਾਰਤ ਦੀ ਧਰਤੀ 'ਤੇ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਬੰਗਲਾਦੇਸ਼ੀ ਘੁਸਪੈਠੀਆਂ ਨੂੰ ਗ੍ਰਿਫ਼ਤਾਰ ਕਰਨ ਅਤੇ ਉਨ੍ਹਾਂ ਨੂੰ ਸਰਹੱਦ ਪਾਰ ਬੰਗਲਾਦੇਸ਼ ਭੇਜਣ ਦੀ ਮੰਗ ਵੀ ਕੀਤੀ।

## ਖੂਨਦਾਨ ਕੈਂਪ 4 ਨੂੰ

**ਰੂਪਨਗਰ, (ਰਜਿੰਦਰ ਸੈਣੀ)**-ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ ਵੱਲੋਂ ਨਵੇਂ ਸਾਲ 2026 ਨੂੰ ਸਮਰਪਿਤ ਸੈਣੀ ਭਵਨ ਰੂਪਨਗਰ 'ਚ 4 ਜਨਵਰੀ ਨੂੰ ਸਵੇਰੇ 10 ਵਜੇ ਤੋਂ ਦੁਪਿਹਰ 2 ਵਜੇ ਤਕ 25ਵਾਂ ਖੂਨਦਾਨ ਕੈਂਪ ਲਗਾਇਆ ਜਾਵੇਗਾ। ਇਹ ਜਾਣਕਾਰੀ ਟਰੱਸਟ ਦੇ ਪ੍ਰਧਾਨ ਡਾ. ਅਜਮੇਰ ਸਿੰਘ ਨੇ ਇੱਥੇ ਦਿੱਤੀ। ਉਨ੍ਹਾ ਦੱਸਿਆ ਕਿ ਕੈਂਪ ਵਿੱਚ ਖੂਨ ਇਕੱਤਰਤ ਕਰਨ ਲਈ ਰੋਟਰੀ ਐਂਡ ਬਲੱਡ ਬੈਂਕ ਸੋਸਾਇਟੀ ਰਿਸੋਰਸ ਸੈਂਟਰ ਚੰਡੀਗੜ੍ਹ ਦੀ ਟੀਮ ਪਹੁੰਚ ਰਹੀ ਹੈ।ਇਸ ਮੌਕੇ ਤੇ ਸੈਣੀ ਭਵਨ ਦੀ ਪ੍ਰਬੰਧਕੀ ਕਮੇਟੀ ਦੇ ਸਮੂਹ ਮੈਂਬਰਾ ਵਲੋਂ ਸਮਾਜ ਦੇ ਹਰ ਵਰਗ ਨੂੰ ਨਵੇਂ ਸਾਲ 2026 ਦੀ ਵਧਾਈ ਦਿੰਦੇ ਹੋਏ ਖੂਨਦਾਨੀਆ ਨੂੰ ਇਸ ਸਮਾਜ ਸੇਵਾ ਤੇ ਲੋਕ ਭਲਾਈ ਦੇ ਕਾਰਜ ਵਿੱਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ ਹੈ। ਇਸ ਮੌਕੇ ਤੇ ਟਰੱਸਟ ਵਲੋਂ ਜਾਰੀ ਕੀਤਾ ਜਾਂਦੇ ਤਿਮਾਹੀ ਮੈਗਜ਼ੀਨ ਸੈਣੀ ਸੰਸਾਰ ਦਾ 59ਵਾਂ ਅੰਕ ਵੀ ਲੋਕਅਰਪਣ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸੈਣੀ ਭਵਨ ਵਿਖੇ ਲਗਾਏ ਜਾਂਦੇ ਖੂਨਦਾਨ ਕੈਂਪਾ ਨੂੰ ਸਫਲ ਬਣਾਉਣ ਲਈ ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ, ਰਜਨੀ ਹਰਬਲ ਮਲਿਕਪੁਰ ਤੇ ਜ਼ਿਲ੍ਹਾ ਪੁਲਸ ਸਾਂਝ ਕੇਂਦਰ ਰੂਪਨਗਰ ਵਲੋਂ ਮਹੱਤਵਪੂਰਨ ਸਹਿਯੋਗ ਦਿੱਤਾ ਜਾਂਦਾ ਹੈ।

# 'ਵਖਰਾ ਸਵੈਗ' ਨੇ ਸਮਾਜ ਸੇਵੀ ਸੰਸਥਾਵਾਂ ਨੂੰ ਇਕ ਮੰਚ 'ਤੇ ਜੋੜਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਆਰ ਜੇ ਕ੍ਰੀਏਟਰਜ਼ ਵੱਲੋਂ ਆਯੋਜਿਤ ਤਿੰਨ ਦਿਨਾਂ ਦੀ ਸ਼ਾਪਿੰਗ ਅਤੇ ਲਾਈਫਸਟਾਈਲ ਐਗਜ਼ੀਬਿਸ਼ਨ 'ਵਖਰਾ ਸਵੈਗ' ਨੇ ਹੁਸ਼ਿਆਰਪੁਰ ਵਿੱਚ ਸਮਾਜ ਸੇਵਾ, ਪ੍ਰਸ਼ਾਸਨ ਅਤੇ ਉਦਯੋਗ ਜਗਤ ਨੂੰ ਇਕ ਸਾਂਝੇ ਮੰਚ 'ਤੇ ਲਿਆ ਕੇ ਸਮਾਜਕ ਏਕਤਾ ਦੀ ਮਜ਼ਬੂਤ ਮਿਸਾਲ ਪੇਸ਼ ਕੀਤੀ। ਸੋਨਾਲਿਕਾ ਨੂੰ ਮੁੱਖ ਪ੍ਰਾਯੋਜਕ ਬਣਾਕੇ, ਪੰਜਾਬ ਟੂਰਿਜ਼ਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਇਹ ਮੇਗਾ ਇਵੈਂਟ 26 ਤੋਂ 28 ਦਸੰਬਰ ਤੱਕ ਸਿਟੀ ਸੈਂਟਰ ਹੁਸ਼ਿਆਰਪੁਰ ਵਿੱਚ ਸਫਲਤਾਪੂਰਵਕ ਸੰਪੰਨ ਹੋਇਆ। ਇਸ ਆਯੋਜਨ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਸੋਨਾਲਿਕਾ ਵੱਲੋਂ ਆਪਣੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ ਐੱਸ ਆਰ) ਤਹਿਤ ਚਲਾਈ ਜਾ ਰਹੀ 'ਸੰਜੀਵਨੀ' ਪਹਿਲ ਸਮੇਤ ਵੱਖ-ਵੱਖ ਸਮਾਜਕ ਕਾਰਜਾਂ ਨੂੰ ਪ੍ਰਮੁੱਖਤਾ ਨਾਲ ਪੇਸ਼ ਕੀਤਾ ਗਿਆ। 'ਸੰਜੀਵਨੀ' ਦੇ ਅਧੀਨ ਅਮ੍ਰਿਤਮ ਵੇਲਨੈੱਸ ਰਿਟਰੀਟਸ, ਸੰਜੀਵਨੀ ਹੀਲਿੰਗ ਸੈਂਟਰ, ਸੰਜੀਵਨੀ ਸ਼ਰਨਮ ਆਰਆਰਐਮ ਹੋਲਿਸਟਿਕ ਸੈਂਟਰ, ਆਰ ਆਰ ਐਮ ਆਟਿਜ਼ਮ ਥੈਰਾਪਿਊਟਿਕ ਸਕੂਲ, ਆਈ ਲਵ ਹੁਸ਼ਿਆਰਪੁਰ ਅਤੇ ਸੋਨਾਲਿਕਾ ਵਿੰਟਰ ਕੇਅਰ ਡ੍ਰਾਈਵ ਰਾਹੀਂ ਸਿਹਤ, ਮਨੁੱਖੀ ਸੇਵਾ ਅਤੇ ਜ਼ਰੂਰਤਮੰਦਾਂ ਦੀ ਮਦਦ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ, ਜਿਸ ਨੂੰ ਮੌਜੂਦ ਜਨਸਮੂਹ ਨੇ ਖੂਬ ਸਰਾਹਿਆ। ਸਮਾਪਨ ਸਮਾਰੋਹ ਦੌਰਾਨ ਜ਼ਿਲ੍ਹਾ ਮੈਜਿਸਟ੍ਰੇਟ ਹੁਸ਼ਿਆਰਪੁਰ ਆਸ਼ਿਕਾ ਜੈਨ ਨੇ ਕਿਹਾ ਕਿ 'ਵਖਰਾ ਸਵੈਗ' ਸਿਰਫ਼ ਇੱਕ ਸ਼ਾਪਿੰਗ ਇਵੈਂਟ ਨਹੀਂ, ਬਲਕਿ ਸਮਾਜ ਨੂੰ ਜੋੜਨ ਵਾਲਾ ਇੱਕ ਮਜ਼ਬੂਤ ਮੰਚ ਹੈ। ਕਾਰਜਕ੍ਰਮ ਦੌਰਾਨ ਡਾਕਟਰ ਅਜੈ ਬੱਗਾ, ਰੈਡ ਕ੍ਰਾਸ ਤੋਂ ਮੰਗੇਸ਼ ਸੂਦ, ਜਸਦੀਪ ਪਾਹਵਾ, ਹਰੀਸ਼ ਸੈਨੀ, ਸੰਜੀਵ ਅਰੋੜਾ, ਸੰਦੀਪ, ਜੇ.ਬੀ. ਬਹਿਲ, ਬਹਾਦਰ ਸਿੰਘ ਸੁਨੇਤ, ਰਾਕੇਸ਼ ਸਹਾਰਨ, ਮਨਦੀਪ ਕੌਰ, ਭਾਰਤ ਭੂਸ਼ਣ, ਰਾਜੇਸ਼ ਬਜਾਜ, ਆਗਿਆ ਪਾਲ ਸਿੰਘ ਸਾਹਨੀ, ਸਿਵਲ ਡਿਫੈਂਸ ਦੇ ਪ੍ਰਮੋਦ ਸ਼ਰਮਾ ਅਤੇ ਅੰਤਰਰਾਸ਼ਟਰੀ ਸਾਈਕਲਿਸਟ ਬਲਰਾਜ ਸਿੰਘ ਚੌਹਾਨ ਸਮੇਤ ਕਈ ਗਣਮਾਨਯ ਵਿਅਕਤੀ ਹਾਜ਼ਰ ਰਹੇ।





# ਧੁੰਦ ਕਾਰਨ ਸਕੂਲਾਂ 'ਚ ਛੁੱਟੀਆਂ 'ਚ ਵਾਧਾ ਕਰੇ ਪੰਜਾਬ ਸਰਕਾਰ : ਜੀ ਟੀ ਯੂ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਗੌਰਮਿੰਟ ਟੀਚਰਜ਼ ਯੂਨੀਅਨ ਬਲਾਕ ਕੋਟ ਫਤੂਹੀ ਦੇ ਪ੍ਰਧਾਨ ਨਰਿੰਦਰ ਅਜਨੋਹਾ ਅਤੇ ਜਨਰਲ ਸਕੱਤਰ ਉਂਕਾਰ ਸਿੰਘ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਸਰਦੀ ਦੇ ਮੌਸਮ ਵਿੱਚ ਪੈ ਰਹੀ ਸੰਘਣੀ ਧੁੰਦ ਅਤੇ ਸ਼ੀਤ ਲਹਿਰ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਸਰਕਾਰ ਹਰਿਆਣਾ ਸਰਕਾਰ ਦੀ ਤਰਜ਼ ਤੇ ਸਰਦੀਆਂ ਦੀਆਂ ਛੁੱਟੀਆਂ ਵਿੱਚ ਵਾਧਾ ਕਰੇ।ਉਹਨਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਸਕੂਲਾਂ ਵਿੱਚ ਪੰਦਰਾਂ ਜਨਵਰੀ ਤੱਕ ਛੁਟੀਆਂ ਦਾ ਐਲਾਨ ਕੀਤਾ ਹੈ।ਆਗੂਆਂ ਨੇ ਕਿਹਾ ਕਿ ਮੌਸਮ ਵਿਭਾਗ ਵੱਲੋਂ ਪਹਿਲਾਂ ਹੀ ਐਡਵਾਈਜਰੀ ਜਾਰੀ ਕਰ ਦਿੱਤੀ ਗਈ ਹੈ ਕਿ ਆਉਂਦੇ ਦਿਨਾਂ ਵਿੱਚ ਮੌਸਮ ਹੋਰ ਵੀ ਖਰਾਬ ਰਹਿ ਸਕਦਾ ਹੈ।ਅਜਿਹੇ ਧੁੰਦ ਦੇ ਮੌਸਮ ਵਿੱਚ ਸਕੂਲਾਂ ਦੇ ਬੱਚਿਆਂ ਅਤੇ ਦੂਰ ਦੁਰਾਡੇ ਤੋਂ ਆਉਂਦੇ ਅਧਿਆਪਕਾਂ ਦਾ ਸਕੂਲ ਆਉਣਾ-ਜਾਣਾ ਬਹੁਤ ਔਖਾ ਹੈ।ਉਹਨਾਂ ਕਿਹਾ ਕਿ ਕੋਈ ਅਣਸੁਖਾਵੀ ਘਟਨਾ ਵਾਪਰਨ ਤੋਂ ਪਹਿਲਾਂ ਹੀ ਸਰਕਾਰ ਨੂੰ ਛੁੱਟੀਆਂ ਵਿੱਚ ਵਾਧਾ ਕਰ ਦੇਣਾ ਚਾਹੀਦਾ ਹੈ।ਇਸ ਮੌਕੇ ਹਰਮਨੋਜ ਕੁਮਾਰ, ਜਤਿੰਦਰ ਸਿੰਘ, ਸਤਨਾਮ ਸਿੰਘ, ਧਰਮਿੰਦਰ ਸਿੰਘ, ਹਾਫਿਜ਼, ਕੁਲਵਿੰਦਰ ਸਿੰਘ, ਮੁਨੀਸ਼ ਕੁਮਾਰ, ਹਰਭਜਨ ਸਿੰਘ, ਸਗਲੀ ਰਾਮ, ਅਜੇ ਕੁਮਾਰ, ਬਲਜੀਤ ਸਿੰਘ, ਸਰਬਜੀਤ ਕੌਰ, ਰਾਜਵਿੰਦਰ ਕੌਰ, ਲਵਦੀਪ ਕੌਰ, ਅਬਿਨਾਸ਼ ਕੌਰ, ਅਮਨਪ੍ਰੀਤ ਕੌਰ, ਅਮਨਜੀਤ ਕੌਰ ਅਤੇ ਜਸਪ੍ਰੀਤ ਕੌਰ ਹਾਜ਼ਰ ਸਨ।

# ਨਵੇਂ ਸਾਲ ਦੀ ਖੁਸ਼ੀ 'ਚ ਲਾਇਆ ਗਾਜਰਾਂ ਦਾ ਲੰਗਰ

**ਫਗਵਾੜਾ (ਡਾ. ਰਮਨ)**-ਨਗਰ ਕੌਂਸਲ ਫਗਵਾੜਾ ਦੇ ਸਾਬਕਾ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੇ ਉਪਰਾਲੇ ਸਦਕਾ ਪ੍ਰੇਮ ਨਗਰ ਸੇਵਾ ਸੁਸਾਇਟੀ ਵੱਲੋਂ ਨਵੇਂ ਸਾਲ ਦੀ ਆਮਦ ਮੌਕੇ ਸਥਾਨਕ ਖੇੜਾ ਰੋਡ 'ਤੇ ਗਾਜਰਾਂ ਦਾ ਲੰਗਰ ਲਗਾਇਆ ਗਿਆ ਜਿਸ ਦੀ ਸ਼ੁਰੂਆਤ ਸਮਾਜ ਸੇਵਿਕਾ ਵੰਦਨਾ ਸ਼ਰਮਾ ਨੇ ਕਰਵਾਈ। ਮਲਕੀਅਤ ਸਿੰਘ ਰਗਬੋਤਰਾ ਨੇ ਆਰਥਕ ਸਹਿਯੋਗ ਲਈ ਵਿਸ਼ਵਾ ਮਿੱਤਰ ਸ਼ਰਮਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਗਾਜਰਾਂ ਵਿੱਚ ਵਿਟਾਮਿਨ ਏ, ਸੀ, ਕੇ, ਫਾਈਬਰ ਅਤੇ ਐਂਟੀ ਆਕਸੀਡੈਂਟ ਦੀ ਭਰਪੂਰ ਮਾਤਰਾ ਹੁੰਦੀ ਹੈ। ਕੜਾਕੇ ਦੀ ਠੰਡ 'ਚ ਮੱਕੀ ਦੀ ਰੋਟੀ ਦੇ ਨਾਲ ਗਾਜਰਾਂ ਦੀ ਸਬਜੀ ਵੱਖਰਾ ਹੀ ਸੁਆਦ ਦਿੰਦੀ ਹੈ। ਇਸ ਦੇ ਨਾਲ ਹੀ ਗਾਜਰਾਂ ਨੂੰ ਸਲਾਦ ਦੇ ਰੂਪ ਵਿੱਚ ਖਾਇਆ ਜਾ ਸਕਦਾ ਹੈ ਅਤੇ ਇਸ ਮੌਸਮ ਵਿੱਚ ਗਾਜਰਾਂ ਦਾ ਹਲਵਾ ਵੀ ਸ਼ਰੀਰ ਨੂੰ ਗਰਮਾਇਸ਼ ਦਿੰਦਾ ਹੈ। ਇਸ ਮਹੀਨੇ ਦੂਸਰੀ ਵਾਰ ਇਹ ਲੰਗਰ ਦੀ ਸੇਵਾ ਵਰਤਾਈ ਗਈ ਹੈ। ਲੰਗਰ ਦੀ ਸੇਵਾ ਵਰਤਾਉਣ ਵਿੱਚ ਮੋਹਨ ਲਾਲ ਤਨੇਜਾ, ਸੁਧਾ ਬੇਦੀ, ਵਿਜੇ ਕੁਮਾਰ ਤੋਂ ਇਲਾਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ, ਮਲਕੀਤ ਸਿੰਘ ਪੇਂਟਰ ਦਾ ਵੀ ਵਢਮੁੱਲਾ ਸਹਿਯੋਗ ਰਿਹਾ।

# 12 ਫਰਵਰੀ ਨੂੰ ਮਜ਼ਦੂਰ-ਕਿਸਾਨ ਕਰਨਗੇ ਕੌਮੀ ਹੜਤਾਲ : ਐੱਸ ਕੇ ਐੱਮ



**ਨੰਗਲ (ਸੁਰਜੀਤ ਢੇਰ)**

ਕੇਂਦਰ ਸਰਕਾਰ ਵੱਲੋਂ ਮਗਨਰੇਗਾ ਨੂੰ ਖਤਮ ਕਰਨ, ਬਿਜਲੀ ਸੋਧ ਬਿੱਲ 2025,ਬੀਜ ਬਿੱਲ 2025 ਅਤੇ ਚਾਰ ਲੇਬਰ ਕੋਡਾਂ ਖਿਲਾਫ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਤੇ 28 ਦਸੰਬਰ ਤੋਂ 4 ਜਨਵਰੀ ਤੱਕ ਪਿੰਡਾਂ ਵਿੱਚ ਮੁਹਿੰਮ ਚਲਾਉਣ ਦੇ ਸੱਦੇ ਤੇ ਪਿੰਡ ਨੰਗਲੀ ਅਤੇ ਹੇਠਲੀ ਦੜੋਲੀ,ਦੋਨਾਲ , ਭਨੁਪਲੀ, ਟੱਪਰੀਆਂ ਵਿਖੇ ਮਜ਼ਦੂਰਾਂ ਦੀਆਂ ਮੀਟਿੰਗਾਂ ਕੀਤੀਆਂ ਗਈਆਂ।ਮਨਰੇਗਾ ਕਾਨੂੰਨ ਖਤਮ ਕਰਨ ਖਿਲਾਫ਼ ਇਸ ਮੌਕੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ । ਇਸ ਮੌਕੇ ਬੋਲਦਿਆਂ ਕਾਮਰੇਡ ਸੁਰਜੀਤ ਸਿੰਘ ਢੇਰ, ਦਵਿੰਦਰ ਨੰਗਲੀ, ਜਸਵਿੰਦਰ ਸਿੰਘ ਭੰਗਲ,ਬਲਵੀਰ ਸਿੰਘ, ਗੁਲਜ਼ਾਰ ਸਿੰਘ ਨੇ ਕਿਹਾ ਕਿ ਮਨਰੇਗਾ ਨੂੰ ਖਤਮ ਕਰਕੇ ਮਜਦੂਰਾਂ ਉਪਰ ਕੇਂਦਰ ਦੀ ਮੋਦੀ ਸਰਕਾਰ ਨੇ ਵੱਡਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਕਾਨੂੰਨ 2005 'ਚ ਮਨਮੋਹਨ ਸਿੰਘ ਦੀ ਸਰਕਾਰ ਵੇਲੇ ਖੱਬੀਆਂ ਪਾਰਟੀਆਂ ਦੇ ਦਬਾਅ ਸਦਕਾ ਬਣਿਆ ਸੀ। ਮੋਦੀ ਸਰਕਾਰ ਨੇ ਇਸ ਮਜਦੂਰ ਹਿਤੈਸ਼ੀ ਕਾਨੂੰਨ ਦਾ ਭੋਗ ਪਾ ਦਿੱਤਾ ਹੈ। 12 ਫਰਵਰੀ 2026 ਨੂੰ ਦੇਸ਼ ਦੀ ਦੀਆਂ ਵੱਡੀਆਂ ਟਰੇਡ ਯੂਨੀਅਨਾਂ ਨੇ ਹੜਤਾਲ ਦਾ ਸੱਦਾ ਦਿੱਤਾ ਹੈ। ਦੇਸ਼ ਭਰ ਦੇ ਮਜ਼ਦੂਰ - ਕਿਸਾਨ 16 ਜਨਵਰੀ ਨੂੰ ਡਿਪਟੀ ਕਮਿਸ਼ਨਰਾਂ ਦਫ਼ਤਰਾਂ ਮੂਹਰੇ ਜ਼ਬਰਦਸਤ ਧਰਨੇ ਲਗਾਉਣਗੇ।ਇਸ ਮੌਕੇ ਭਾਗ ਸਿੰਘ, ਸੁਰਿੰਦਰ ਕੁਮਾਰ, ਉਂਕਾਰ ਸੇਠੀ,ਤਾਰਾ ਚੰਦ, ਫੁੱਮਣ ਸਿੰਘ,ਇਸਰੀ ਦੇਵੀ, ਆਸ਼ਾ ਦੇਵੀ, ਮਹਿੰਦਰ ਸਿੰਘ, ਅਸ਼ਵਨੀ ਤੇ ਹੋਰ ਵੱਡੀ ਗਿਣਤੀ ਵਿੱਚ ਮਨਰੇਗਾ ਵਰਕਰ ਹਾਜ਼ਰ ਸਨ।

# ਪ੍ਰਕਾਸ਼ ਪੁਰਬ ਸੰਬੰਧੀ ਪ੍ਰਭਾਤ ਫੇਰੀਆਂ ਆਰੰਭ, ਨਗਰ ਕੀਰਤਨ 5 ਨੂੰ

**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਕੰਧਾਲਾ ਜੱਟਾਂ ਵਿਖੇ ਧੰਨ ਧੰਨ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ 5 ਜਨਵਰੀ ਦਿਨ ਸੋਮਵਾਰ ਨੂੰ ਪ੍ਰਬੰਧਕ ਕਮੇਟੀ ਗੁਰਦੁਆਰਾ ਧੰਨ ਧੰਨ ਬਾਬਾ ਬਿਸ਼ਨ ਸਿੰਘ ਜੀ ਅਤੇ ਸਮੂਹ ਸੰਗਤ ਦੇ ਸਹਿਯੋਗ ਨਾਲ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਸਬੰਧੀ 30 ਦਸੰਬਰ ਤੋਂ 3 ਜਨਵਰੀ ਤੱਕ 5 ਪ੍ਰਭਾਤ ਫੇਰੀਆਂ ਕੱਢੀਆਂ ਜਾਣੀਆਂ ਹਨ ਅਤੇ 3 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਜਿਨਾਂ ਦੇ ਭੋਗ 5 ਜਨਵਰੀ ਨੂੰ ਪਾਉਣ ਉਪਰੰਤ ਕੀਰਤਨ ਦੀਵਾਨ ਸਜਾਏ ਜਾਣਗੇ ਅਤੇ ਮਹਾਨ ਨਗਰ ਕੀਰਤਨ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਹੀ ਵਿੱਚ ਸਜਾਇਆ ਜਾਵੇਗਾ। ਜਿਸ ਵਿੱਚ ਪੰਥ ਦੇ ਮਹਾਨ ਢਾਡੀ ਜਥਾ ਭਾਈ ਰਾਵਲ ਸਿੰਘ ਬੁਲੋਵਾਲੀਆ ਢਾਡੀ ਵਾਰਾਂ ਅਤੇ ਕਥਾ ਵਿਚਾਰਾਂ ਨਿਹਾਲ ਕਰਨਗੇ। ਸ੍ਰੀਮਾਨ ਸੰਤ ਬਾਬਾ ਮੱਖਣ ਸਿੰਘ ਦਰੀਆ ਖੁਸ਼ਦਿਲ ਵਿਸ਼ੇਸ਼ ਤੌਰ ਤੇ ਪਹੁੰਚ ਕੇ ਸੰਗਤਾਂ ਨੂੰ ਕਥਾ ਵਿਚਾਰਾਂ ਨਾਲ ਨਿਹਾਲ ਕਰਨਗੇ।ਇਸ ਮੌਕੇ ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ ਪ੍ਰਬੰਧਕ ਕਮੇਟੀ ਮੈਂਬਰ ਪ੍ਰਧਾਨ ਅੰਮ੍ਰਿਤਪਾਲ ਸਿੰਘ, ਕੈਪਟਨ ਸੁਰਿੰਦਰ ਸਿੰਘ ਸੀ ਏ, ਮਨਜੀਤ ਸਿੰਘ ਖਜਾਨਚੀ, ਸੁੱਖਨਿੰਦਰ ਸਿੰਘ ਉੱਪ ਪ੍ਰਧਾਨ, ਤਜਿੰਦਰ ਸਿੰਘ ਉੱਪ ਖਜਾਨਚੀ, ਸੁਰਿੰਦਰ ਸਿੰਘ ਗੁਗਲੀ, ਦਰਸ਼ਨ ਸਿੰਘ, ਇੰਦਰਜੀਤ ਸਿੰਘ, ਗੁਰਮੇਲ ਸਿੰਘ,ਬਲਸਾਹਿਬ ਸਿੰਘ, ਤਨਵਪ੍ਰੀਤ ਸਿੰਘ, ਬਾਬਾ ਰਣਜੀਤ ਸਿੰਘ ਹੈਠ ਗ੍ਰੰਥੀ, ਬਾਬਾ ਦਾਨ ਸਿੰਘ, ਗਿਆਨੀ ਗੁਰਮੁੱਖ ਸਿੰਘ, ਇੰਦਰਜੀਤ ਸਿੰਘ ਕਨੇਡਾ,ਦਲਜੀਤ ਸਿੰਘ ਅਤੇ ਹੋਰ ਨਗਰ ਦੀਆਂ ਸੰਗਤਾਂ ਹਾਜ਼ਰ ਸਨ।

# ਮਨਰੇਗਾ ਦਾ ਨਾਂਅ ਬਦਲ ਕੇ ਭਾਜਪਾ ਗਰੀਬਾਂ ਦੇ ਹੱਕ ਖੋਹਣਾ ਚਾਹੁੰਦੀ : ਰੰਧਾਵਾ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**

ਮਨਰੇਗਾ ਦੇ ਸੰਸ਼ੋਧਨ ਬਿੱਲ ਨੂੰ ਲੈ ਕੇ ਪੰਜਾਬ ਦੀ ਸਿਆਸਤ ਗਰਮਾ ਗਈ ਹੈ। ਮੰਗਲਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਬੀ-ਜੀ ਰਾਮ ਜੀ ਐਕਟ ਦੇ ਖਿਲਾਫ਼ ਪ੍ਰਸਤਾਵ ਪੇਸ਼ ਕਰਦਿਆਂ ਕੇਂਦਰ ਸਰਕਾਰ 'ਤੇ ਮਨਰੇਗਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਲਗਾਏ। ਇਸ ਮੌਕੇ ਹਲਕਾ ਡੇਰਾਬੱਸੀ ਤੋਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ 3 ਹਜ਼ਾਰ ਤੋਂ ਵੱਧ ਮਜ਼ਦੂਰਾਂ ਦੇ ਹਸਤਾਖ਼ਰਾਂ ਨਾਲ ਵਿਧਾਨ ਸਭਾ ਪਹੁੰਚੇ।ਵਿਧਾਇਕ ਰੰਧਾਵਾ ਨੇ ਕਿਹਾ ਕਿ ਮਨਰੇਗਾ ਦਾ ਨਾਂਅ ਬਦਲ ਕੇ ਅਤੇ ਨੀਤੀਆਂ 'ਚ ਤਬਦੀਲੀ ਕਰਕੇ ਪਿੰਡਾਂ ਦੇ ਗਰੀਬ ਮਜ਼ਦੂਰਾਂ ਤੋਂ ਰੋਜ਼ਗਾਰ ਦਾ ਕਾਨੂੰਨੀ ਅਧਿਕਾਰ ਖੋਹਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਹ ਫ਼ੈਸਲਾ ਕੈਬਨਿਟ ਵਿੱਚ ਚਰਚਾ ਬਿਨਾਂ ਸਿੱਧਾ ਪ੍ਰਧਾਨ ਮੰਤਰੀ ਦਫ਼ਤਰ ਤੋਂ ਲਿਆ ਗਿਆ, ਜੋ ਲੋਕਤਾਂਤਰਿਕ ਪ੍ਰਕਿਰਿਆ ਅਤੇ ਸੰਘੀ ਢਾਂਚੇ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਯੋਜਨਾ ਕਿਰਤੀਆਂ ਲਈ ਹੈ। ਇਸ 'ਚ 75 ਫ਼ੀਸਦੀ ਔਰਤਾਂ ਸ਼ਾਮਲ ਹਨ ਅਤੇ ਔਰਤਾਂ ਅੱਗੇ ਵਧੀਆਂ ਹਨ। ਰੰਧਾਵਾ ਨੇ ਕਿਹਾ ਕਿ ਮਨਰੇਗਾ ਕਰੋੜਾਂ ਗਰੀਬ ਤੇ ਮਿਹਨਤੀ ਲੋਕਾਂ ਲਈ ਰੋਜ਼ਗਾਰ ਅਤੇ ਨਿਊਨਤਮ ਮਜ਼ਦੂਰੀ ਦੀ ਕਾਨੂੰਨੀ ਗਾਰੰਟੀ ਸੀ। ਨਵਾਂ ਵੀਬੀ-ਜੀ ਰਾਮ ਜੀ ਐਕਟ ਉਸ ਅਧਿਕਾਰ-ਆਧਾਰਿਤ ਢਾਂਚੇ ਨੂੰ ਕਮਜ਼ੋਰ ਕਰਦਾ ਹੈ, ਜਿਸ ਨਾਲ ਪਿੰਡਾਂ ਦੀ ਅਰਥਵਿਵਸਥਾ ਨੂੰ ਵੱਡਾ ਝਟਕਾ ਲੱਗੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਬੇਰੁਜ਼ਗਾਰੀ ਅਤੇ ਪਲਾਇਨ ਵਧੇਗਾ, ਜਦਕਿ ਰਾਜ ਸਰਕਾਰਾਂ 'ਤੇ ਵਿੱਤੀ ਬੋਝ ਵੀ ਕਾਫ਼ੀ ਵਧੇਗਾ।



# ਪ੍ਰੋ. ਕੇਵਲਜੀਤ ਸਿੰਘ ਕੰਵਲ ਦਾ ਕਾਵਿ-ਸੰਗ੍ਰਹਿ 'ਜ਼ਿੰਦਗੀ ਦੇ ਵਰਕੇ' ਲੋਕ ਅਰਪਣ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**

ਜ਼ਿਲ੍ਹਾ ਭਾਸ਼ਾ ਦਫ਼ਤਰ, ਐੱਸ ਏ ਐੱਸ ਨਗਰ ਵਿਖੇ ਵਿਸ਼ਵ ਪੰਜਾਬੀ ਪ੍ਰਚਾਰ ਸਭਾ, ਚੰਡੀਗੜ੍ਹ ਅਤੇ ਅੰਤਰਰਾਸ਼ਟਰੀ ਸਾਹਿਤਕ ਸੱਥ, ਚੰਡੀਗੜ੍ਹ ਦੇ ਸਹਿਯੋਗ ਨਾਲ ਪ੍ਰੋ. ਕੇਵਲਜੀਤ ਸਿੰਘ ਕੰਵਲ ਦਾ ਕਾਵਿ-ਸੰਗ੍ਰਹਿ'ਜ਼ਿੰਦਗੀ ਦੇ ਵਰਕੇ' ਲੋਕ ਅਰਪਣ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਸੇਵਾਮੁਕਤ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਕੀਤੀ ਗਈ। ਪ੍ਰਧਾਨਗੀ ਮੰਡਲ ਵਿੱਚ ਪ੍ਰਿੰ. ਬਹਾਦਰ ਸਿੰਘ ਗੋਸਲ, ਪ੍ਰਧਾਨ, ਵਿਸ਼ਵ ਪੰਜਾਬੀ ਪ੍ਰਚਾਰ ਸਭਾ, ਚੰਡੀਗੜ੍ਹ ਅਤੇ ਰਾਜਵਿੰਦਰ ਸਿੰਘ ਗੱਡੂ, ਪ੍ਰਧਾਨ, ਅੰਤਰਰਾਸ਼ਟਰੀ ਸਾਹਿਤਕ ਸੱਥ, ਚੰਡੀਗੜ੍ਹ ਸ਼ਾਮਿਲ ਸਨ। ਸਮਾਗਮ ਦਾ ਆਰੰਭ ਭਾਸ਼ਾ ਵਿਭਾਗ, ਪੰਜਾਬ ਦੀ ਵਿਭਾਗੀ ਧੁਨੀ 'ਧਨੁ ਲੇਖਾਰੀ ਨਾਨਕਾ' ਨਾਲ ਕੀਤਾ ਗਿਆ। ਡਾ. ਦਰਸ਼ਨ ਕੌਰ ਖੋਜ ਅਫ਼ਸਰ ਵੱਲੋਂ ਸਮੂਹ ਹਾਜ਼ਰੀਨ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਹੋਇਆਂ ਸਮਾਗਮ ਦੀ ਰੂਪਰੇਖਾ ਸਾਂਝੀ ਕੀਤੀ ਗਈ। ਉਪਰੰਤ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਸ੍ਰੋਤਿਆਂ ਦੀ ਹਾਜ਼ਰੀ ਵਿਚ 'ਜ਼ਿੰਦਗੀ ਦੇ ਵਰਕੇ' ਕਾਵਿ-ਸੰਗ੍ਰਹਿ ਨੂੰ ਲੋਕ-ਅਰਪਣ ਕੀਤਾ ਗਿਆ। ਵਿਚਾਰ ਚਰਚਾ ਦੌਰਾਨ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਦਵਿੰਦਰ ਸਿੰਘ ਬੋਹਾ ਨੇ ਕਿਹਾ ਕਿ'ਜ਼ਿੰਦਗੀ ਦੇ ਵਰਕੇ' ਵਿਚ ਜੀਵਨ ਦੇ ਸੁੱਖ-ਦੁੱਖ, ਸੰਘਰਸ਼, ਆਸ਼ਾ-ਨਿਰਾਸ਼ਾ, ਪ੍ਰੇਮ ਅਤੇ ਹੋਰ ਸੰਵੇਦਨਸ਼ੀਲ ਭਾਵਾਂ ਨੂੰ ਬੜੀ ਸਾਦਗੀ, ਗਹਿਰਾਈ ਅਤੇ ਸੱਚਾਈ ਨਾਲ ਪ੍ਰਗਟ ਕੀਤਾ ਗਿਆ ਹੈ। ਕਿਤਾਬ ਦੀ ਹਰ ਕਵਿਤਾ ਪਾਠਕ ਨੂੰ ਸਿਰਫ਼ ਪੜ੍ਹਨ ਤੱਕ ਸੀਮਤ ਨਹੀਂ ਰੱਖਦੀ, ਸਗੋਂ ਸੋਚਣ ਅਤੇ ਅੰਦਰ-ਝਾਤ ਮਾਰਨ ਲਈ ਪ੍ਰੇਰਿਤ ਕਰਦੀ ਹੈ। ਰਾਜ ਕੁਮਾਰ ਸਾਹੋਵਾਲੀਆ, ਸਾਬਕਾ ਡਿਪਟੀ ਡਾਇਰੈਕਟਰ ਨੇ ਪੜਚੋਲਵਾਂ ਪਰਚਾ ਪੜ੍ਹਦਿਆਂ ਹੋਇਆ ਪੁਸਤਕ 'ਤੇ ਨਿੱਠ ਕੇ ਚਰਚਾ ਕੀਤੀ 'ਤੇ 'ਜ਼ਿੰਦਗੀ ਦੇ ਵਰਕੇ' ਵਿਚਲੀ ਸ਼ਾਇਰੀ ਦੀ ਮੁੱਖ ਸੁਰ ਇਨਸਾਨੀਅਤ ਨੂੰ ਕਬੂਲ ਕਰਦਿਆਂ ਲੇਖਕ ਨੂੰ ਥਾਪੜਾ ਦਿੱਤਾ।





# ਮਾਤਾ ਸ਼ਕੁੰਤਲਾ ਸੋਬਤੀ ਨੂੰ ਭਰਪੂਰ ਸ਼ਰਧਾਂਜਲੀਆਂ

**ਸ਼ਾਹਕੋਟ (ਗਿਆਨ ਸੈਦਪੁਰੀ)**

ਰਵਿੰਦਰ ਕੁਮਾਰ ਸੋਬਤੀ ਤੇ ਧਰਮਿੰਦਰ ਕੁਮਾਰ ਸੋਬਤੀ ਦੇ ਮਾਤਾ ਸ੍ਰੀਮਤੀ ਸ਼ਕੁੰਤਲਾ ਸੋਬਤੀ ਨੂੰ ਭਰਪੂਰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਉਹ 19 ਦਸੰਬਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ। 31 ਦਸੰਬਰ ਨੂੰ ਸਥਾਨਕ ਡੇਰਾ ਬਾਬਾ ਮੁਰਲੀ ਦਾਸ ਸ਼ਿਵ ਮੰਦਿਰ ਵਿੱਚ ਸ੍ਰੀ ਗੁਰੜ ਪੁਰਾਣ ਜੀ ਦੇ ਪਾਠ ਦੇ ਭੋਗ ਪੈਣ ਉਪਰੰਤ ਸ਼ਰਧਾਂਜਲੀ ਸਮਾਗਮ ਹੋਇਆ।

ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕੈਂਪ ਇੰਚਾਰਜ ਭਾਜਪਾ ਸ਼ਾਹਕੋਟ ਰਾਣਾ ਹਰਦੀਪ ਸਿੰਘ ਨੇ ਪਰਿਵਾਰਕ ਰਿਸ਼ਤਿਆਂ ਨੂੰ ਭਾਵਪੂਰਤ ਸ਼ਬਦਾਂ ਵਿੱਚ ਪਰਿਭਾਸ਼ਿਤ ਕੀਤਾ। ਉਨ੍ਹਾਂ ਨੇ ਸ੍ਰੀ ਗੁਰੜ ਪੁਰਾਣ ਵਿੱਚ ਦਰਸਾਏ ਗਏ ਜੀਵਨ ਮੌਤ ਦੇ ਫਲਸਫੇ ਦਾ ਵੀ ਜ਼ਿਕਰ ਛੋਹਿਆ। ਉਹਨਾਂ ਕਿਹਾ ਕਿ ਸੋਬਤੀ ਪਰਵਾਰ ਸ਼ਹਿਰ ਵਿੱਚ ਸਤਿਕਾਰਤ ਨਾਂਅ ਬਣਾਉਣ ਵਿੱਚ ਸਫਲ ਹੋਇਆ ਹੈ। ਇਸ ਸਫਲਤਾ ਦੇ ਪਿੱਛੇ ਮਾਤਾ ਸ਼ਕੁੰਤਲਾ ਸੋਬਤੀ ਦੀ ਸੂਝ ਬੂਝ, ਪ੍ਰੇਰਨਾ ਤੇ ਅਗਵਾਈ ਕੰਮ ਕਰਦੀ ਰਹੀ ਹੈ।ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਸਤੀਸ਼ ਰਿਹਾਨ ਨੇ ਵੀ ਭਾਵਪੂਰਤ ਸ਼ਬਦਾਂ ਵਿੱਚ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜਾਰ ਸਿੰਘ ਥਿੰਦ ਰਾਹੀਂ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦਾ ਸ਼ੋਕ ਸੰਦੇਸ਼ ਪੜ੍ਹਿਆ ਗਿਆ। ਇਸੇ ਤਰ੍ਹਾਂ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਦਾ ਵੀ ਸ਼ੋਕ ਸੰਦੇਸ਼ ਆਇਆ।ਪਰਵਾਰ ਵੱਲੋਂ ਸਤੀਸ਼ ਸਾਂਗਰਾ ਨੇ ਸ਼ੋਕ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਸਭ ਦਾ ਧੰਨਵਾਦ ਕੀਤਾ। ਧਾਰਮਿਕ ਰਸਮਾਂ ਪੰਡਿਤ ਓਮ ਦੱਤ ਸ਼ਰਮਾ ਨੇ ਨਿਭਾਈਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਮਹਿਤਪੁਰ ਦੇ ਚੇਅਰਮੈਨ ਬਲਕਾਰ ਸਿੰਘ ਚੱਠਾ, ਮਾਰਕੀਟ ਕਮੇਟੀ ਸ਼ਾਹਕੋਟ ਦੇ ਚੇਅਰਮੈਨ ਬਲਬੀਰ ਸਿੰਘ ਢੰਡੋਵਾਲ, ਨਗਰ ਪੰਚਾਇਤ ਸ਼ਾਹਕੋਟ ਦੇ ਸਾਬਕਾ ਪ੍ਰਧਾਨ ਪਵਨ ਕੁਮਾਰ ਪੁਰੀ, ਸੀਨੀਅਰ ਆਪ ਆਗੂ ਤੇ ਮੈਂਬਰ ਨਗਰ ਪੰਚਾਇਤ ਸ਼ਾਹਕੋਟ ਬੂਟਾ ਸਿੰਘ ਕਲਸੀ, ਪ੍ਰਵੀਨ ਗਰੋਵਰ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਪਰਮਜੀਤ ਕੌਰ ਬਜਾਜ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਪਵਨ ਅੱਗਰਵਾਲ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ, ਲਛਮਣ ਸੋਬਤੀ, ਜਗਦੀਸ਼ ਵਡੈਹਰਾ ਸਾਬਕਾ ਮੈਂਬਰ ਨਗਰ ਪੰਚਾਇਤ ਸ਼ਾਹਕੋਟ, ਸੰਜੀਵ ਸੋਬਤੀ ਵਿੱਕੀ, ਡਾ. ਅਰਵਿੰਦਰ ਸਿੰਘ ਰੂਪਰਾ,ਰਵੀਸ਼ ਗੋਇਲ ਮੰਡਲ ਆਗੂ ਭਾਜਪਾ, ਅੰਮ੍ਰਿਤ ਲਾਲ ਕਾਕਾ ਆਦਿ ਹਾਜਰ ਸਨ।



ਰਾਣਾ ਹਰਦੀਪ ਸਿੰਘ ਸ਼ਰਧਾਂਜਲੀ ਭੇਂਟ ਕਰਦੇ ਹੋਏ ਨਾਲ ਖੜੇ ਹਨ ਸਤੀਸ਼ ਰਿਹਾਨ

# ਮਲੌਦ ਨੂੰ ਗ੍ਰਿਫ਼ਤਾਰ ਕਰਨ ਵਿਰੁੱਧ ਜੱਥੇਬੰਦੀਆਂ ਵੱਲੋਂ ਅਰਥੀ ਫੂਕ ਮੁਜ਼ਾਹਰਾ



ਗੜ੍ਹਸ਼ੰਕਰ, ( ਫੂਲਾ ਸਿੰਘ ਬੀਰਮਪੁਰ)

ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਮੁਕੇਸ਼ ਮਲੌਦ ਨੂੰ ਪੰਜਾਬ ਪੁਲਸ ਵਲੋਂ ਦਿਲੀ ਰੇਲਵੇ ਸਟੇਸ਼ਨ ਤੋਂ ਗ੍ਰਿਫਤਾਰ ਕਰਨ ਵਿਰੁੱਧ ਜ਼ਮੀਨ ਪ੍ਰਾਪਤੀ ਸ਼ੰਘਰਸ਼ ਕਮੇਟੀ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਪੰਜਾਬ ਸਰਕਾਰ ਦੀਆ ਅਰਥੀਆ ਸਾੜਨ ਦੇ ਦਿੱਤੇ ਸੱਦੇ ਤਹਿਤ ਗੜ੍ਹਸ਼ੰਕਰ ਦੀਆ ਵੱਖ-ਵੱਖ ਸ਼ੰਘਰਸ਼ਸ਼ੀਲ ਜੱਥੇਬੰਦੀਆ ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜਦੂਰ ਯੂਨੀਅਨ, ਡੈਮੋਕ੍ਰੈਟਿਕ ਮੁਲਾਜ਼ਮ ਫੈਡਰੇਸ਼ਨ, ਡੈਮੋਕ੍ਰੈਟਿਕ ਟੀਚਰਜ਼ ਫਰੰਟ, ਡੈਮੋਕ੍ਰੈਟਿਕ ਪੈਨਸ਼ਨਰ ਫਰੰਟ, ਦੋਆਬਾ ਸਾਹਿਤ ਸਭਾ ਤੇ ਤਰਕਸ਼ੀਲ ਸੁਸਾਇਟੀ ਵਲੋ ਸਥਾਨਕ ਗਾਂਧੀ ਪਾਰਕ ਵਿੱਚ ਰੈਲੀ ਕਰਨ ਉਪਰੰਤ ਬੰਗਾ ਚੌਂਕ ਵਿੱਚ ਪੰਜਾਬ ਸਰਕਾਰ ਦੀ ਅਰਥੀ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ। ਜੱਥੇਬੰਦੀਆ ਦੇ ਵੱਖ ਵੱਖ ਆਗੂਆ ਹਰਮੇਸ਼ ਢੇਸੀ, ਮੁਕੇਸ਼ ਕੁਮਾਰ, ਕੁਲਵਿੰਦਰ ਚਾਹਲ, ਸੁਖਦੇਵ ਡਾਨਸੀਵਾਲ, ਵਿਨੈ ਕੁਮਾਰ, ਹੰਸਰਾਜ ਗੜ੍ਹਸ਼ੰਕਰ, ਸਤਪਾਲ ਕਲੇਰ, ਬਲਵੀਰ ਖਾਨਪੁਰੀ, ਪਰਮਜੀਤ ਸਿੰਘ, ਡਾ ਬਿੱਕਰ ਸਿੰਘ, ਡਾ ਜੋਗਿੰਦਰ ਕੁੱਲੇਵਾਲ ਤੇ ਖੁਸ਼ਵਿੰਦਰ ਕੌਰ ਨੇ ਕਿਹਾ ਕਿ ਮੁਕੇਸ਼ ਮਲੌਦ ਉਸ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਸੂਬਾ ਪ੍ਰਧਾਨ ਹੈ ਜਿਸ ਜਥੇਬੰਦੀ ਨੇ ਪੰਜਾਬ ਵਿੱਚ ਜ਼ਮੀਨ ਦੇ ਸਵਾਲ ਨੂੰ ਉਭਾਰਿਆ, ਉਹ ਵੀ ਕਾਨੂੰਨ ਅਨੁਸਾਰ ਇੱਕ ਮੰਗ ਨੂੰ ਲੈ ਕੇ ਕਿ ਦਲਿਤਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਵਾਹੀ ਕਰਨ ਲਈ ਮਿਲਣਾ ਚਾਹੀਦਾ ਹੈ ਜਿੱਥੇ ਦਲਿਤ ਅਤੇ ਬੇਜ਼ਮੀਨੇ ਮਜ਼ਦੂਰ ਆਪਣੇ ਲਈ ਅਨਾਜ ਦੀਆਂ ਫਸਲਾਂ ਅਤੇ ਆਪਣੇ ਪਸ਼ੂਆਂ ਲਈ ਚਾਰਾ ਬੀਜ ਸਕਣ। ਦਲਿਤਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਇਹ ਮੰਗ ਆਪਣੀ ਆਰਥਿਕ ਲੋੜ ਦੀ ਕੁਝ ਪੂਰਤੀ ਅਤੇ ਸਨਮਾਨ ਬਣਾਉਣ ਵਾਲੀ ਲੱਗੀ ਜਿਸ ਨੇ ਉਹਨਾਂ ਦਾ ਧਿਆਨ ਖਿੱਚਿਆ ਸਮੂਹ ਮੁਲਾਜ਼ਮ ਮਜ਼ਦੂਰ ਆਗੂਆਂ ਇੰਦਰਜੀਤ ਭੱਟੀ,ਜਸਵਿੰਦਰ ਸਿੰਘ,ਪ੍ਰਦੀਪ ਸਿੰਘ,ਮਨਜੀਤ ਸਿੰਘ,ਜਰਨੈਲ ਸਿੰਘ,ਗੁਰਮੇਲ ਸਿੰਘ, ਦਿਲਬਾਗ ਸਿੰਘ,ਅਮਰਜੀਤ ਸਿੰਘ ਬੰਗੜ, ਸੰਤੋਖ ਸਿੰਘ, ਜਸਵਿੰਦਰ ਸਿੰਘ,ਬਲਵੀਰ ਸਿੰਘ,ਪ੍ਰਦੀਪ ਸਿੰਘ ਤੇ ਸੁਖਵਿੰਦਰ ਸਿੰਘ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਾਥੀ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾਅ ਕੀਤਾ ਜਾਵੇ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਰਿਹਾਅ ਕਰਨ ਦੀ ਮੰਗ

ਮਹਿਤਪੁਰ (ਰਾਜਾ)

ਮਹਿਤਪੁਰ ਸ਼ਹਿਰ ਵਿੱਚ ਮੁਜ਼ਾਹਰਾ ਕਰਕੇ ਮਜ਼ਦੂਰ, ਕਿਸਾਨ ਮੁਲਾਜ਼ਮ, ਵਿਦਿਆਰਥੀ ਨੌਜਵਾਨ ਜਥੇਬੰਦੀਆਂ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਨੂੰ ਲੈ ਕੇ



ਪੰਜਾਬ ਸਰਕਾਰ ਦੀ ਅਰਥੀ ਬੱਸ ਸਟੈਂਡ ਮਹਿਤਪੁਰ ਉੱਤੇ ਸਾੜੀ ਗਈ ਜਿਸ ਕਾਰਨ ਸੜਕੀ ਆਵਾਜਾਈ ਕੁਝ ਸਮੇਂ ਲਈ ਠੱਪ ਹੋ ਕੇ ਰਹਿ ਗਈ। ਇੱਥੇ ਵਰਨਣ ਯੋਗ ਹੈ ਕਿ ਸੰਗਰੂਰ ਪੁਲਸ ਵੱਲੋਂ ਮੁਕੇਸ਼ ਮਲੌਦ ਨੂੰ ਨਿਜ਼ਾਮੁਦੀਨ ਰੇਲਵੇ ਸਟੇਸ਼ਨ ਤੋਂ ਪੰਜਾਬ ਦੇ ਸੀ ਆਈ ਏ ਸਟਾਫ ਸੰਗਰੂਰ ਅਤੇ ਸਪੈਸ਼ਲ ਪੁਲਿਸ ਵਲੋਂ ਬਿਨਾਂ ਸਥਾਨਕ ਪੁਲਿਸ ਨੂੰ ਸੂਚਨਾ ਦਿੱਤਿਆਂ ਅਗਵਾ ਕਰਕੇ ਕਈ ਸਾਲ ਪੁਰਾਣੇ ਝੂਠੇ ਕੇਸ ਚ ਬੰਦ ਕਰ ਦਿੱਤਾ। ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਮੁਕੇਸ਼ ਮਲੌਦ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਬਿਨਾਂ ਸ਼ਰਤ ਰਿਹਾਅ ਦੀ ਮੰਗ ਕੀਤੀ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਜਿੰਦਰ ਸਿੰਘ ਮੰਡ ਨੇ ਕਿਹਾ ਕਿ ਮੁਕੇਸ਼ ਮਲੌਦ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਦਲਿਤ ਭਾਈਚਾਰੇ ਦੇ ਜ਼ਮੀਨੀ ਸੰਘਰਸ਼ ਦਾ ਇਕ ਪ੍ਰਮੁੱਖ ਆਗੂ ਹੈ। ਜਿਸ ਦੀ ਅਗਵਾਈ ਹੇਠ ਸੈਂਕੜੇ ਪਿੰਡਾਂ ਵਿੱਚ ਦਲਿਤ ਪਰਵਾਰਾਂ ਨੇ ਪੰਚਾਇਤੀ ਜ਼ਮੀਨ ਚੋਂ ਤੀਜਾ ਹਿੱਸਾ ਜ਼ਮੀਨ ਪ੍ਰਾਪਤ ਕਰਨ ਦਾ ਸਫ਼ਲ ਸੰਘਰਸ਼ ਲੜਿਆ। ਉਸ ਨੂੰ ਗ੍ਰਿਫ਼ਤਾਰ ਕਰਨਾ ਸਰਕਾਰ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਕਰਦਾ ਹੈ। ਇਸ ਮੌਕੇ ਸੰਬੋਧਨ ਕਰਨ ਵਾਲਿਆਂ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਕੌਰ,ਕੋਮਲ, ਤਮੰਨਾ,ਪੀ ਐਸ ਯੂ ਦੇ ਇਲਾਕਾ ਪ੍ਰਧਾਨ ਵਿਜੇ ਬਾਠ, ਪ੍ਰਕਾਸ਼,ਕਸ਼ਮੀਰ ਮੰਡਿਆਲਾ , ਨੌਜਵਾਨ ਭਾਰਤ ਸਭਾ ਦੇ ਪ੍ਰਧਾਨ ਸੁੱਖ ਮੰਡਿਆਲਾ, ਸੰਨੀ, ਮੰਗਲਜੀਤ ਪੰਡੋਰੀ, ਇਸਤਰੀ ਜਾਗ੍ਰਿਤੀ ਮੰਚ ਦੇ ਪ੍ਰਧਾਨ ਅਨੀਤਾ ਸੰਧੂ, ਕਿਰਤੀ ਕਿਸਾਨ ਯੂਨੀਅਨ ਦੇ ਤਹਿਸੀਲ ਪ੍ਰਧਾਨ ਬਚਨ ਸਿੰਘ, ਰਤਨ ਸਿੰਘ, ਸੁਰਜੀਤ ਕੌਰ, ਬਖਸ਼ੋ ਮੰਡਿਆਲਾ ਪ੍ਰਕਾਸ਼ ਮਾਨ ਆਦਿ ਨੇ ਸੰਬੋਧਨ ਕੀਤਾ।

# ਸੰਘਣੀ ਧੁੰਦ ਕਾਰਨ ਟਰੱਕ ਪਲਟਿਆ



ਫਿਲੌਰ,(ਨਿਰਮਲ)- ਫਿਲੌਰ-ਨੂਰਮਹਿਲ ਰੋਡ ਤੇ ਹਰੀਪੁਰ ਖਾਲਸਾ ਵਾਲੇ ਰੇਲਵੇ ਫਾਟਕ ਤੇ ਗਾਜਰਾਂ ਨਾਲ ਭਰਿਆ ਇੱਕ ਟਰੱਕ ਮੋੜ ਕੱਟਦੇ ਸਮੇਂ ਪਲਟ ਗਿਆ ਜਿਸ ਕਾਰਨ ਸੜਕ ਤੇ ਰੇਲਵੇ ਆਵਾਜਾਈ ਵਿੱਚ ਵਿਘਨ ਪੈ ਗਿਆ ਟਰੱਕ ਚਾਲਕ ਮਹੇਸ਼ ਨੇ ਦੱਸਿਆ ਕਿ ਸੰਘਣੀ ਧੁੰਦ ਕਾਰਨ ਰੇਲਵੇ ਫਾਟਕ ਦਿਖਾਈ ਨਹੀਂ ਦਿੱਤਾ ਜਿਸ ਕਾਰਨ ਇਹ ਘਟਨਾ ਵਾਪਰੀ ਜਾਨੀ ਨੁਕਸਾਨ ਹੋਣੋ ਬਚਾਓ ਹੋ ਗਿਆ ਕਿਉਂਕਿ ਫਾਟਕ ਵਾਲਾ ਡਿਊਟੀ ਤੇ ਸੀ ਕਵਾਟਰ ਵਿੱਚ ਨਹੀਂ ਸੀ। ਰੇਲਵੇ ਪੁਲਸ ਅਤੇ ਰੇਲਵੇ ਦੇ ਅਫਸਰ ਅਤੇ ਕਰਮਚਾਰੀ ਵੀ ਮੌਕੇ ਤੇ ਪੁੱਜ ਗਏ ਕਰੇਨਾ ਮੰਗਵਾ ਕੇ ਟਰੱਕ ਨੂੰ ਸਿੱਧਾ ਕੀਤਾ ਗਿਆ। ਵਾਹਨਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ। ਟਰੱਕ ਨਕੋਦਰ ਤੋਂ ਲੁਧਿਆਣਾ ਮੰਡੀ ਵੱਲ ਜਾ ਰਿਹਾ ਸੀ।

# ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਮੁਹਿੰਮ ਬਣੀ ਲੋਕ ਲਹਿਰ : ਨੀਰਜ ਗੋਇਲ

ਹੁਸ਼ਿਆਰਪੁਰ, (ਓ ਪੀ ਰਾਣਾ)

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ ਏ ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ



ਨੌਜਵਾਨਾਂ ਨੂੰ ਨਸ਼ਿਆਂ ਅਤੇ ਹੋਰਨਾਂ ਅਲਾਮਤਾਂ ਤੋਂ ਦੂਰ ਰੱਖਣ ਲਈ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਸਬ-ਡਵੀਜ਼ਨਾਂ ਦੇ ਵੱਖ-ਵੱਖ ਪਿੰਡਾਂ ਵਿੱਚ ਸ਼ੁਰੂ ਕੀਤੀ ਗਈ ਜਾਗਰੂਕਤਾ ਮੁਹਿੰਮ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ ਅਤੇ ਇਹ ਮੁਹਿੰਮ ਇਕ ਲੋਕ ਲਹਿਰ ਬਣ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ ਜੇ ਐੱਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੀਰਜ ਗੋਇਲ ਨੇ ਦੱਸਿਆ ਕਿ ਵੱਖ-ਵੱਖ ਪਿੰਡਾਂ ਜਿਵੇਂ ਕਿ ਮਹਿਮੋਵਾਲ, ਮਹਿਤਾਬਪੁਰ, ਨਾਰਾ, ਨੌਗਰਾਂਵਾ, ਸੰਘਵਾਲ, ਦੀਨੋਵਾਲ ਖੁਰਦ, ਮੌਲੀ , ਮਹਿਮੂਦਪੁਰ ਅਤੇ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਪੈਨਲ ਐਡਵੋਕੇਟਾਂ ਵੱਲੋਂ 'ਬਾਲ ਵਿਵਾਹ ਮੁਕਤ ਭਾਰਤ' ਮੁਹਿੰਮ ਸਬੰਧੀ ਕਾਨੂੰਨੀ ਹੱਕਾਂ ਬਾਰੇ ਜਾਣਕਾਰੀ ਦਿੰਦੇ ਹੋਏ ਧਿਆਨ ਵਿੱਚ ਲਿਆਂਦਾ ਗਿਆ ਕਿ ਲੜਕੀ ਦੀ ਵਿਆਹ ਦੀ ਉਮਰ 18 ਸਾਲ ਤੋ ਘੱਟ ਨਾ ਹੋਵੇ ਅਤੇ ਲੜਕੇ ਦੀ ਉਮਰ 21 ਸਾਲ ਤੋ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ 'ਨਾਲਸਾ' ਦੀ ਵਾਤਾਵਰਨ ਕਾਨੂੰਨੀ ਸਾਖ਼ਰਤਾ ਅਤੇ ਭਾਈਚਾਰਕ ਸੁਰੱਖਿਆ ਪਹਿਲਕਦਮੀ, ਜਿਸ ਦਾ ਸਿਰਲੇਖ 'ਅੱਜ ਦੀ ਰੱਖਿਆ ਕਰੋ, ਕੱਲ੍ਹ ਨੂੰ ਸੁਰੱਖਿਅਤ ਕਰੋ' ਸੀ, ਬਾਰੇ ਦੱਸਦੇ ਹੋਏ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਪਿੰਡਾਂ ਵਿੱਚ ਪਰਾਲੀ ਨੂੰ ਨਾ ਸਾੜਿਆ ਜਾਵੇ, ਨਾ ਹੀ ਪਲਾਸਟਿਕ ਨੂੰ ਅੱਗ ਲਗਾਈ ਜਾਵੇ, ਕਿਉਂਕਿ ਇਸ ਦੇ ਧੂੰਏਂ ਤੋਂ ਪ੍ਰਦੂਸ਼ਨ ਹਵਾ ਵਿੱਚ ਫ਼ੈਲਦਾ ਹੈ, ਜਿਸ ਨਾਲ ਕਈ ਬਿਮਾਰੀਆਂ ਲੱਗਦੀਆਂ ਹਨ। ਇਸ ਤੋਂ ਇਲਾਵਾ ਐਚ.ਆਈ.ਵੀ ਏਡਜ਼ ਮੁਹਿੰਮ ਬਾਰੇ ਜਾਣਕਾਰੀ ਦਿੱਤੀ ਗਈ। ਅਖੀਰ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਪੈਰਾ ਲੀਗਲ ਵਲੰਟੀਅਰਾਂ ਵੱਲੋ ਪ੍ਰਚਾਰ ਸਮੱਗਰੀ ਵੰਡੀ ਗਈ।

# ਸਰਕਾਰ ਨੇ ਮਜ਼ਦੂਰ ਆਗੂ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕਰਕੇ ਹੋਛੀ ਕਾਰਵਾਈ ਕੀਤੀ : ਸਾਂਝਾ ਮਜ਼ਦੂਰ ਮੋਰਚਾ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮਜ਼ਦੂਰ ਮੋਰਚੇ ਨੇ ਮੋਰਚੇ ਦੇ ਆਗੂ ਤੇ ਜ਼ਮੀਨ ਪੇਂਡੂ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਮੁਕੇਸ਼ ਮਾਲੌਂਦ ਨੂੰ ਸੰਗਰੂਰ ਪੁਲਸ ਵਲੋਂ ਦਿੱਲੀ ਤੋਂ ਅਗਵਾ ਕਰਵਾਉਣ ਉਪਰੰਤ ਉਸ ਦੀ ਸੰਗਰੂਰ ਵਿਖੇ ਗ੍ਰਿਫ਼ਤਾਰੀ ਦਿਖਾਉਣ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਸਾਂਝੇ ਮੋਰਚੇ ਨੇ ਇਸ ਕਾਰਵਾਈ ਨੂੰ ਮਜ਼ਦੂਰ ਵਿਰੋਧੀ ਅਤੇ ਸਰਕਾਰ ਦਾ ਹੋਛਾਪਣ ਕਰਾਰ ਦਿੱਤਾ ਹੈ।ਸਾਂਝੇ ਮੋਰਚੇ ਚ ਸ਼ਾਮਲ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰਧਾਨ ਤਰਸੇਮ ਪੀਟਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਪੰਜਾਬ ਖੇਤ ਮਜ਼ਦੂਰ ਸਭਾ ਦੇ ਕੌਮੀ ਆਗੂ ਗੁਲਜ਼ਾਰ ਗੋਰੀਆ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੀਰ ਸਿੰਘ ਲੌਂਗੋਵਾਲ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਦਰਸ਼ਨ ਨਾਹਰ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੰਜੀਵ ਮਿੰਟੂ,ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਰਮੇਸ਼ ਸਿੰਘ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਪ੍ਰਧਾਨ ਗੋਬਿੰਦ ਸਿੰਘ ਛਾਜਲੀ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸਕੱਤਰ ਬਿੱਕਰ ਸਿੰਘ ਨੇ ਕਿਹਾ ਕਿ ਮਜ਼ਦੂਰ-ਕਿਸਾਨ ਜੱਥੇਬੰਦੀਆਂ ਇਸ ਨਾਜ਼ੁਕ ਸਮੇਂ ਮਿਲਦੀ ਨਿਗੂਣੇ ਰੁਜ਼ਗਾਰ ਦੀ ਗਾਰੰਟੀ ਦਿੰਦਾ ਮਗਨਰੇਗਾ ਕਾਨੂੰਨ ਖ਼ਤਮ ਕਰਕੇ ਕੇਂਦਰ ਸਰਕਾਰ ਵਲੋਂ ਲਿਆਂਦਾ ਮਜ਼ਦੂਰ ਵਿਰੋਧੀ 'ਜੀ ਰਾਮ ਜੀ' ਐਕਟ, ਬਿਜਲੀ ਸੋਧ ਬਿੱਲ 2025 ਅਤੇ ਕੁਦਰਤ ਤੇ ਕਿਸਾਨ ਵਿਰੋਧੀ ਬੀਜ ਬਿੱਲ ਰੱਦ ਕਰਵਾਉਣ ਲਈ ਵੱਡੇ ਅੰਦੋਲਨ ਦੀ ਤਿਆਰੀ ਕਰ ਰਹੀਆਂ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਨੇ 6-7 ਜਨਵਰੀ ਦੇ ਮਜ਼ਦੂਰ ਮਸਲਿਆਂ ਨੂੰ ਲੈ ਕੇ ਜ਼ਿਲ੍ਹਾ ਪੱਧਰੀ ਦਿੱਤੇ ਜਾਣ ਵਾਲੇ ਧਰਨਿਆਂ ਵਿੱਚ ਮਜ਼ਦੂਰ ਆਗੂ ਮੁਕੇਸ਼ ਮਲੌਂਦ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਦਾ ਐਲਾਨ ਕਰਦਿਆਂ ਮੁਕੇਸ਼ ਮਲੌਂਦ ਨੂੰ ਤਰੁੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

# ਫੁੱਟਬਾਲ ਟੂਰਨਾਮੈਂਟ ਸੰਬੰਧੀ ਪੋਸਟਰ ਰਿਲੀਜ਼



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-ਪਿੰਡ ਭਾਮ ਵਿਖੇ ਸੁਰਿੰਦਰ ਸਿੰਘ ਸੋਢੀ ਮੈਮੋਰੀਅਲ ਕਲੱਬ ਵੱਲੋਂ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਐੱਨ ਆਰ ਆਈ ਅਤੇ ਇਲਾਕੇ ਦੇ ਸਹਿਯੋਗ ਨਾਲ, ਨੌਜਵਾਨ ਸਪੋਰਟਸ ਕਲੱਬ ਭਾਮ ਵੱਲੋਂ ਸੁਰਿੰਦਰ ਸਿੰਘ ਸੋਢੀ ਭਾਮ ਦੀ ਯਾਦ ਵਿੱਚ ਸਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ 05 ਜਨਵਰੀ ਤੋਂ 14 ਜਨਵਰੀ ਕਰਵਾਏ ਜਾ ਰਹੇ ਹਨ। ਇਸ ਮੌਕੇ ਕਲੱਬ ਪ੍ਰਧਾਨ ਗੁਰਦੀਪ ਸਿੰਘ ਥਾਪਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਸਬੰਧੀ ਪ੍ਰਬੰਧਕਾਂ ਵੱਲੋਂ ਪੋਸਟਰ ਰਿਲੀਜ਼ ਕੀਤੇ ਗਏ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ 05 ਜਨਵਰੀ ਨੂੰ ਸਵੇਰੇ 10 ਵਜੇ ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਅਤੇ ਪਿੰਡ ਦੇ ਪੱਤਵੰਤੇ ਸੱਜਣ ਸਾਲਾਨਾ ਫੁੱਟਬਾਲ ਟੂਰਨਾਮੈਂਟ ਦਾ ਆਪਣੇ ਕਰ ਕਮਲਾਂ ਨਾਲ ਉਦਘਾਟਨ ਕਰਨਗੇ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਇਸ ਸਾਲਾਨਾ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਆਲ ਉਪਨ ਪਿੰਡ ਪੱਧਰ ਉਪਨ ਪੰਜਾਬ ਦੀਆਂ ਨਾਮਵਰ ਟੀਮਾਂ ਹਿੱਸਾ ਲੈਣਗੀਆਂ।ਉਨ੍ਹਾਂ ਦੱਸਿਆ ਕਿ 14 ਜਨਵਰੀ ਨੂੰ ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕਰਨਗੇ। ਇਸ ਮੌਕੇ ਪੋਸਟਰ ਰਿਲੀਜ਼ ਕਰਨ ਸਮੇਂ ਸਰਪ੍ਰਸਤ ਜਥੇਦਾਰ ਹਰੀ ਸਿੰਘ ਜਸਵਾਲ ਭਾਮ, ਪ੍ਰਧਾਨ ਗੁਰਦੀਪ ਸਿੰਘ ਥਾਪਾ, ਸੁਨੀਲ ਕੁਮਾਰ ਮੀਤ ਪ੍ਰਧਾਨ, ਮਾਸਟਰ ਜਸਵਿੰਦਰ ਸਿੰਘ ਜਸਵਾਲ ਸੈਕਟਰੀ, ਸਰਪੰਚ ਪਰਵਿੰਦਰ ਸਿੰਘ ਜਸਵਾਲ ਖਜਾਨਚੀ, ਬਲਪ੍ਰੀਤ ਸਿੰਘ ਨਿਊਜ਼ੀਲੈਂਡ, ਸਤਪਾਲ ਸਿੰਘ ਬਿੱਟੂ, ਦਲਜੀਤ ਸਿੰਘ ਨੀਟਾ, ਰਜਿੰਦਰ ਸਿੰਘ ਫੌਜੀ, ਹਨੀ ਜਸਵਾਲ, ਮਨਹੋਰ ਸਿੰਘ ਜਸਵਾਲ, ਸਤਨਾਮ ਸਿੰਘ ਸੱਤੀ ਇਟਲੀ, ਜਸਵਿੰਦਰ ਸਿੰਘ ਅਮਰੀਕਾ, ਭੀਸ਼ਮ ਸਿੰਘ ਅਮਰੀਕਾ, ਰਿਆਜ਼ ਮੁਹੰਮਦ, ਬਲਵਿੰਦਰ ਸਿੰਘ ਜਸਵਾਲ ਪ੍ਰਧਾਨ ਰਾਜਪੂਤ ਸਭਾ, ਕਰਮਵੀਰ ਸਿੰਘ ਪੰਚ, ਗੋਪਾਲ ਸਿੰਘ ਪੰਚ, ਬਲਵੀਰ ਸਿੰਘ ਪੰਚ, ਜਤਿੰਦਰ ਕੁਮਾਰ ਸੋਨੀ, ਅਜੈ ਮੱਛੀ, ਪ੍ਰਦੀਪ ਸਿੰਘ ਫਰਾਂਸ, ਗੁਰਵਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਤਰਸੇਮ ਸਿੰਘ ਕਨੇਡਾ, ਬਲਜੀਤ ਸਿੰਘ ਪੰਚ, ਜਨਕ ਚੋਪੜਾ, ਰਸ਼ਪਾਲ ਚੋਪੜਾ, ਜਸਵੀਰ ਸਿੰਘ ਕਾਕਾ ਆਦਿ ਹਾਜ਼ਰ ਸਨ।

# ਸੈਕਟਰ 76-80 ਮੋਹਾਲੀ ਦੇ ਅਲਾਟੀਆਂ ਨੂੰ ਸਰਕਾਰ ਵੱਲੋਂ ਰਾਹਤ

ਚੰਡੀਗੜ੍ਹ, (ਗੁਰਜੀਤ ਬਿੱਲਾ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ 16ਵੀਂ ਪੰਜਾਬ ਵਿਧਾਨ ਸਭਾ ਦੇ 11ਵੇਂ ਵਿਸ਼ੇਸ਼ ਸੈਸ਼ਨ ਦੀ ਸ਼ੁਰੂਆਤ ਕੀਤੀ। ਉਨ੍ਹਾਂ



ਨੇ ਜ਼ਾਲਮ ਮੁਗਲ ਸ਼ਾਸਕਾਂ ਦੇ ਜ਼ੁਲਮ ਤੋਂ ਸਿੱਖ ਭਾਈਚਾਰੇ ਨੂੰ ਬਚਾਉਣ ਲਈ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਪੁੱਤਰਾਂ ਵੱਲੋਂ ਦਿੱਤੀ ਲਾਸਾਨੀ ਸ਼ਹਾਦਤ ਨੂੰ ਯਾਦ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਗੁਰੂ ਸਾਹਿਬ ਨੇ ਆਲਮੀ ਪੱਧਰ 'ਤੇ ਭਾਈਚਾਰੇ ਤੇ ਧਰਮ ਨਿਰਪੱਖਤਾ ਨੂੰ ਉਤਸ਼ਾਹਿਤ ਕੀਤਾ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕੀਤੀ। ਉਨ੍ਹਾਂ ਦੀ ਬੇਮਿਸਾਲ ਕੁਰਬਾਨੀ ਨੂੰ ਦੁਨੀਆ ਭਰ ਵਿੱਚ ਹਮੇਸ਼ਾ ਯਾਦ ਰੱਖਿਆ ਜਾਵੇਗਾ ਅਤੇ ਇਤਿਹਾਸ ਵਿੱਚ ਅਜਿਹੀ ਲਾਸਾਨੀ ਸ਼ਹਾਦਤ ਦੀ ਕੋਈ ਮਿਸਾਲ ਨਹੀਂ ਮਿਲਦੀ।ਪੰਜਾਬ ਵਿਧਾਨ ਸਭਾ ਸੈਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਕੈਬਨਿਟ ਮੰਤਰੀ ਅਮਨ ਅਰੋੜਾ, ਆਪ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ, 'ਆਪ' ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ, ਬਸਪਾ ਵਿਧਾਇਕ ਨਛੱਤਰ ਪਾਲ, ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ, ਸ਼੍ਰੋਮਣੀ ਅਕਾਲੀ ਦਲ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਅਤੇ ਕਾਂਗਰਸ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਪੀ ਸੀ ਪੀ ਐੱਨ ਡੀ ਟੀ ਐਕਟ ਦੀ ਉਲੰਘਣਾ ਕਰਨ ਵਾਲਿਆਂ 'ਤੇ ਸਿਹਤ ਵਿਭਾਗ ਦੀ ਤਿੱਖੀ ਨਜ਼ਰ : ਸਿਵਲ ਸਰਜਨ



ਨਵਾਂਸ਼ਹਿਰ, (ਲਾਡੀ)- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੀ ਸੀ ਪੀ ਐੱਨ ਡੀ ਟੀ ਸਲਾਹਕਾਰ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਪੀ ਸੀ ਪੀ ਐੱਨ ਡੀ ਟੀ ਨੂੰ ਸਖ਼ਤੀ ਨਾਲ ਲਾਗੂ ਕਰਨ ਉੱਤੇ ਵਿਚਾਰ-ਚਰਚਾ ਕੀਤੀ ਗਈ। ਇਸ ਤੋਂ ਪਹਿਲਾਂ ਕਾਰਜਕਾਰੀ ਪੀ ਐੱਨ ਡੀ ਟੀ ਕੋਆਰਡੀਨੇਟਰ ਡਾ. ਹਰਨੇਕ ਸਿੰਘ ਨੇ ਜ਼ਿਲ੍ਹਾ ਸਲਾਹਕਾਰ ਕਮੇਟੀ ਦੇ ਮੈਂਬਰਾਂ ਨੂੰ ਰਜਿਸਟ੍ਰੇਸ਼ਨ ਨਵਿਆਉਣ ਸਮੇਤ ਮੀਟਿੰਗ ਦੇ ਵੱਖ-ਵੱਖ ਏਜੰਡਿਆਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਕਿਹਾ ਕਿ ਜ਼ਿਲ੍ਹੇ ਅੰਦਰ ਪੀ ਸੀ ਪੀ ਐੱਨ ਡੀ ਟੀ ਐਕਟ ਨੂੰ ਸਖਤੀ ਨਾਲ ਲਾਗੂ ਕੀਤਾ ਜਾ ਰਿਹਾ ਹੈ ਅਤੇ ਜੋ ਵੀ ਇਸ ਐਕਟ ਦੀ ਉਲੰਘਣਾ ਕਰਦਾ ਫੜਿਆ ਗਿਆ ਤਾਂ ਉਸ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਡਾ. ਸਿੰਘ ਨੇ ਜ਼ਿਲ੍ਹਾ ਸਹਾਲਕਾਰ ਕਮੇਟੀ ਦੇ ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹੇ ਅੰਦਰ ਲਿੰਗ ਅਨੁਪਾਤ ਦੇ ਪਾੜੇ ਨੂੰ ਘੱਟ ਕਰਨ ਲਈ ਸਮਾਜ ਅੰਦਰ ਜਾਗਰੂਕਤਾ ਪੈਦਾ ਕਰਨ ਲਈ ਹਰ ਵਰਗ ਦਾ ਸਹਿਯੋਗ ਲਿਆ ਜਾਵੇ। ਉਨ੍ਹਾਂ ਦੱਸਿਆ ਕਿ ਪੀ ਸੀ ਪੀ ਐੱਨ ਡੀ ਟੀ ਐਕਟ ਦੀ ਉਲੰਘਣਾ ਕਰਨ ਵਾਲਿਆਂ 'ਤੇ ਸਿਹਤ ਵਿਭਾਗ ਦੀ ਤਿੱਖੀ ਨਜ਼ਰ ਹੈ ਅਤੇ ਜ਼ਿਲ੍ਹੇ ਵਿਚ ਨਿਰੰਤਰ ਅਲਟਰਾਸਾਊਂਡ ਸੈਂਟਰਾਂ ਦੀ ਚੈੱਕਿੰਗ ਕੀਤੀ ਜਾ ਰਹੀ ਹੈ।ਪੰਜਾਬ ਸਰਕਾਰ ਵੱਲੋਂ ਲਿੰਗ ਨਿਧਾਰਣ ਟੈਸਟ ਕਰਨ ਵਾਲੇ ਕੇਂਦਰਾਂ ਵਿਰੁੱਧ ਕਾਰਵਾਈ ਕਰਨ ਲਈ ਪੀ ਸੀ ਐਂਡ ਪੀ ਐੱਨ ਡੀ ਟੀ ਐਕਟ ਦਰਜ ਹੋਣ 'ਤੇ ਫਰਜ਼ੀ ਮਰੀਜ਼ ਨੂੰ 1 ਲੱਖ ਰੁਪਏ ਤੇ ਸੂਚਨਾ ਦੇਣ ਵਾਲੇ ਨੂੰ 50,000 ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੋਇਆ ਹੈ, ਜਿਸ ਉਪਰੰਤ ਸਕੈਨਿੰਗ ਕੇਂਦਰਾਂ ਦੀ ਕਾਰਗੁਜ਼ਾਰੀ ਵਿਚ ਕਾਫੀ ਹੱਦ ਤੱਕ ਸੁਧਾਰ ਹੋਇਆ ਹੈ ਪਰ ਅਜੇ ਹੋਰ ਵੀ ਸਖਤੀ ਦੀ ਲੋੜ ਹੈ।

# ਪ੍ਰਕਾਸ਼ ਪੁਰਬ 'ਤੇ ਨਗਰ ਕੀਰਤਨ ਸਜਾਇਆ



ਬਸਤੀ ਸ਼ੇਖ ਜਲੰਧਰ-( ਲਖਵਿੰਦਰ ਸਿੰਘ)- ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਗੁਰਪੁਰਬ ਗੁਰਦੁਆਰਾ ਸਿੰਘ ਸਭਾ ਵੱਡਾ ਬਜ਼ਾਰ ਬਸਤੀ ਦਾਨਿਸ਼ਮੰਦਾਂ (ਜਲੰਧਰ) ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਇਆ ਗਿਆ । ਜੋ ਕਿ ਗੁਰਦੁਆਰਾ ਸਾਹਿਬ ਤੋਂ ਅਰੰਭ ਹੋ ਕੇ ਅੱਡਾ ਬਸਤੀ ਦਾਨਿਸ਼ਮੰਦਾਂ ਅਤੇ ਕੋਲਿਆਂ ਵਾਲਾ ਡੀਪੂ, ਮੇਨ ਰੋਡ, ਰਾਮ ਮੰਦਿਰ ਵਾਲੀ ਗਲੀ, ਏਕਤਾ ਪਾਰਕ, ਇੰਡੋ ਜਰਮਨ ਸਕੂਲ,ਚਪਾਟੀ ਵਾਲੀ ਗਲੀ,ਮੇਨ ਰੋਡ, ਸ੍ਰੀ ਗੁਰੂ ਰਵਿਦਾਸ ਮੰਦਰ ਤੋਂ ਗੁਰਦੁਆਰਾ ਸ਼ੇਰ ਸਿੰਘ ਤੋਂ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵੱਡਾ ਬਜ਼ਾਰ ਵਿਖੇ ਸਮਾਪਤ ਹੋਇਆਂ। ਪ੍ਰਬੰਧਕ ਕਮੇਟੀ ਨੇ ਦੱਸਿਆ ਕਿ 3 ਜਨਵਰੀ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਅਰੰਭ ਕੀਤੇ ਜਾਣਗੇ ਅਤੇ 5 ਜਨਵਰੀ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਦੁਪਹਿਰ 1 ਵਜੇ ਤੱਕ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

# ਮੌਤ ਤੋਂ ਬਾਅਦ ਸਰੀਰ ਮੈਡੀਕਲ ਕਾਲਜ ਨੂੰ ਕੀਤਾ ਦਾਨ

ਨਵਾਂਸ਼ਹਿਰ (ਮਨੋਜ ਲਾਡੀ)

ਨਵਾਂਸ਼ਹਿਰ ਵਿਖੇ ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨੇ ਦੱਸਿਆ ਕਿ ਪਿੰਡ ਲੜੋਆ ਦੀ ਵਸਨੀਕ ਹਰਭਜਨ ਰਾਮ ਦੀ ਪਤਨੀ ਵਿਦਿਆ ਦਾ ਸੰਖੇਪ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ ਸੀ। ਮ੍ਰਿਤਕ ਦੇ ਪੁੱਤਰਾਂ ਪਰਸ਼ੋਤਮ ਰਾਮ, ਜਸਵਿੰਦਰ ਰਾਮ ਅਤੇ ਜਗਜੀਵਨ ਰਾਮ ਨੇ ਆਪਣੀ ਮਾਂ ਵਿਦਿਆ ਦੀ ਆਖਰੀ ਇੱਛਾ ਦਾ ਮਾਣ ਰੱਖਦਿਆਂ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਸਰੀਰ ਦਾਨ ਕੀਤਾ ਗਿਆ। ਮ੍ਰਿਤਕਾ ਦਾ ਸਰੀਰ ਪਿਮਸ ਹਸਪਤਾਲ ਅਤੇ ਮੈਡੀਕਲ ਕਾਲਜ ਜਲੰਧਰ ਨੂੰ ਸੌਂਪਿਆ ਗਿਆ ਹੈ। ਪਰਸ਼ੋਤਮ ਰਾਮ ਨੇ ਕਿਹਾ ਕਿ ਡੇਰਾ ਬਿਆਸ ਵਿਖੇ ਅਧਿਆਤਮਿਕ ਪ੍ਰਵਚਨ ਤੋਂ ਪ੍ਰੇਰਿਤ ਹੋ ਕੇ ਮਾਤਾ ਵਿਦਿਆ ਨੇ ਆਪਣੀ ਮੌਤ ਤੋਂ ਬਾਅਦ ਆਪਣਾ ਸਰੀਰ ਦਾਨ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ। ਉਨ੍ਹਾਂ ਡੇਰਾ ਬਿਆਸ ਮੁਕੰਦਪੁਰ ਦੇ ਸਕੱਤਰ ਨਿਰਮਲ ਰਾਮ ਰਾਹੀਂ ਦੋਆਬਾ ਸੇਵਾ ਸਮਿਤੀ ਨਵਾਂਸ਼ਹਿਰ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ ਨਾਲ ਸੰਪਰਕ ਕਰਕੇ ਸ਼ਰੀਰ ਦਾਨ ਕਰਨ ਦਾ ਫਾਰਮ ਭਰਿਆ ਸੀ। ਉਨ੍ਹਾਂ ਨੇ ਆਪਣੀ ਮਾਂ ਦੀ ਇੱਛਾ ਪੂਰੀ ਕਰਨ ਵਿਚ ਸਹਿਯੋਗ ਦੇਣ ਲਈ ਦੋਆਬਾ ਸੇਵਾ ਸਮਿਤੀ ਨਵਾਂਸ਼ਹਿਰ ਦਾ ਧੰਨਵਾਦ ਕੀਤਾ। ਇਸ ਮੌਕੇ ਦੋਆਬਾ ਸੇਵਾ ਸਮਿਤੀ ਦੇ ਜਨਰਲ ਸਕੱਤਰ ਰਤਨ ਕੁਮਾਰ ਜੈਨ, ਸੇਵਾ ਮੁਕਤ ਬੈਂਕ ਮੈਨੇਜਰ ਅਸ਼ੋਕ ਸ਼ਰਮਾ ਅਤੇ ਗੁਰਦੀਪ ਸਿੰਘ ਹਾਫਿਜ਼ਾਬਾਦੀ ਨੇ ਮ੍ਰਿਤਕਾ ਦੇ ਘਰ ਜਾ ਕੇ ਉਨ੍ਹਾਂ ਦੀ ਦੇਹ 'ਤੇ ਫੁੱਲ ਚੜ੍ਹਾ ਕੇ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਮ੍ਰਿਤਕਾ ਵਿਦਿਆ ਦਾ ਸਰੀਰ ਮੈਡੀਕਲ ਵਿਦਿਆਰਥੀਆਂ ਦੀ ਸਿੱਖਿਆ ਪ੍ਰਾਪਤ ਕਰਨ ਵਿਚ ਮਦਦਗਾਰ ਹੋਵੇਗਾ। ਉਨ੍ਹਾਂ ਨੇ ਇਸ ਸਮਾਜ ਸੇਵਾ ਵਿਚ ਪਰਿਵਾਰ ਦੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਸੁਖਵਿੰਦਰ ਕੌਰ, ਮਨਜੀਤ ਕੌਰ ਨੂੰਹ, ਬਲਬੀਰ ਕੌਰ ਬੇਟੀ, ਰੁਪਿੰਦਰ ਕੌਰ ,ਰਸ਼ਪਾਲ ਸਿੰਘ ਜਵਾਈ, ਧਰਮਜੀਤ, ਕਰਨਜੀਤ, ਕਾਰਤਿਕ, ਹਰਲੀਨ ਕੌਰ, ਨਰਿੰਦਰ ਸਿੰਘ,ਮਨਰੀਤ ਕੌਰ, ਦਵਿੰਦਰ ਕੌਰ, ਸਰਪੰਚ ਜਸਵੀਰ ਸਿੰਘ ਅਤੇ ਪਤਵੰਤੇ ਹਾਜ਼ਰ ਸਨ।

# ਮੌਕ ਡ੍ਰਿੱਲ ਦੌਰਾਨ ਆਫ਼ਤ ਨਾਲ ਨਜਿੱਠਣ ਦੀਆਂ ਤਿਆਰੀਆਂ ਦੀ ਪਰਖ



ਲਾਲੜੂ (ਵਿਨੈ ਕੁਮਾਰ ਜੈਨ)

ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐਨ ਡੀ ਆਰ ਐਫ਼) ਨੇ ਜ਼ਿਲ੍ਹਾ ਪ੍ਰਸ਼ਾਸਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਹਿਯੋਗ ਨਾਲ ਬੀ ਪੀ ਸੀ ਐਲ ਪੀ ਓ ਐਲ ਫਿਲਿੰਗ ਪਲਾਂਟ, ਲਾਲੜੂ ਵਿਖੇ ਵੱਡੇ ਪੱਧਰ ਦੀ ਮੌਕ ਡ੍ਰਿੱਲ ਦਾ ਆਯੋਜਨ ਕੀਤਾ। ਇਸ ਮੌਕ ਡ੍ਰਿੱਲ ਦਾ ਮਕਸਦ ਉਦਯੋਗਿਕ ਐਮਰਜੈਂਸੀ ਸਥਿਤੀਆਂ ਦੌਰਾਨ ਤਿਆਰੀਆਂ ਅਤੇ ਵੱਖ-ਵੱਖ ਵਿਭਾਗਾਂ ਵਿਚਕਾਰ ਤਾਲਮੇਲ ਦੀ ਪਰਖ ਕਰਨਾ ਸੀ।ਜਾਣਕਾਰੀ ਦਿੰਦਿਆਂ ਐਨ ਡੀ ਆਰ ਐਫ਼ ਦੀ 7ਵੀਂ ਬਟਾਲੀਅਨ ਦੇ ਡਿਪਟੀ ਕਮਾਂਡੈਂਟ ਸ੍ਰੀ ਦੀਪਕ ਸਿੰਘ ਨੇ ਦੱਸਿਆ ਕਿ ਗੈਂਟਰੀ 'ਤੇ ਟੈਂਕ ਲਾਰੀ (ਟੀ ਐਲ) ਵਿੱਚ ਉਤਪਾਦ ਲੋਡ ਕਰਨ ਦੌਰਾਨ ਮਕੈਨਿਕਲ ਖਰਾਬੀ/ਲੀਕੇਜ ਕਾਰਨ ਉਤਪਾਦ (ਤੇਲ) ਦੇ ਰਿਸਾਅ ਦੀ ਮਸਨੂਈ ਐਮਰਜੈਂਸੀ ਸਥਿਤੀ ਬਣਾਈ ਗਈ। ਸਥਿਤੀ ਗੰਭੀਰ ਬਣਦੇ ਹੀ ਪਲਾਂਟ ਦੀ ਮਕੈਨਿਕਲ ਮੇਨਟੇਨੈਂਸ ਟੀਮ ਨੇ ਤੁਰੰਤ ਦਖ਼ਲ ਦੇ ਕੇ ਰਿਸਾਅ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ।ਉਨ੍ਹਾਂ ਦੱਸਿਆ ਕਿ ਰਿਸਾਅ ਨੂੰ ਨਿਯੰਤਰਿਤ ਕਰਨ ਦੌਰਾਨ ਅਚਾਨਕ ਚਿੰਗਾਰੀ ਪੈਦਾ ਹੋਣ ਕਾਰਨ ਆਸ-ਪਾਸ ਮੌਜੂਦ ਜਲਣਸ਼ੀਲ ਵਾਸ਼ਪਾਂ ਨੂੰ ਅੱਗ ਲੱਗ ਗਈ, ਜਿਸ ਨਾਲ ਟੈਂਕ ਲਾਰੀ ਅਤੇ ਗੈਂਟਰੀ ਖੇਤਰ ਵਿੱਚ ਅੱਗ ਫੈਲ ਗਈ। ਇਸ ਅੱਗ ਕਾਰਨ ਨੇੜੇ ਸਥਿਤ ਐਲ ਪੀ ਜੀ ਬੋਟਲਿੰਗ ਪਲਾਂਟ ਸਮੇਤ ਹੋਰ ਥਾਵਾਂ ਲਈ ਵੀ ਸੰਭਾਵਿਤ ਖ਼ਤਰਾ ਪੈਦਾ ਹੋ ਗਿਆ।ਘਟਨਾ ਤੋਂ ਤੁਰੰਤ ਬਾਅਦ ਐਮਰਜੈਂਸੀ ਸਾਇਰਨ ਵਜਾਇਆ ਗਿਆ ਅਤੇ ਪਲਾਂਟ ਕਰਮਚਾਰੀਆਂ ਨੂੰ ਸੁਰੱਖਿਅਤ ਥਾਵਾਂ ਵੱਲ ਭੇਜਿਆ ਗਿਆ। ਇਸ ਦੇ ਨਾਲ ਹੀ ਸਥਾਨਕ ਸਿਵਲ ਪ੍ਰਸ਼ਾਸਨ ਵੱਲੋਂ ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ ਤੋਂ ਤੁਰੰਤ ਮਦਦ ਮੰਗੀ ਗਈ।ਇਸ ਰੈਸਕਿਊ ਅਤੇ ਅੱਗ-ਨਿਯੰਤਰਣ ਅਭਿਆਨ ਨੂੰ ਜ਼ਿਲ੍ਹਾ ਪ੍ਰਸ਼ਾਸਨ, ਪੰਜਾਬ ਪੁਲਿਸ, ਹੋਮ ਗਾਰਡਜ਼, ਫਾਇਰ ਬ੍ਰਿਗੇਡ, ਪਲਾਂਟ ਦੀਆਂ ਅੱਗ-ਬੁਝਾਉ ਪ੍ਰਣਾਲੀਆਂ, ਨਹਿਰੂ ਯੁਵਾ ਕੇਂਦਰ ਦੇ ਵਲੰਟੀਅਰਜ਼ ਅਤੇ ਸਿਹਤ ਵਿਭਾਗ ਦੀ ਟੀਮ ਦੇ ਸਾਂਝੇ ਯਤਨਾਂ ਨਾਲ ਸਫਲਤਾਪੂਰਵਕ ਅੰਜਾਮ ਦਿੱਤਾ ਗਿਆ।

# ਸੰਤ ਬਾਬਾ ਦੂਲਾ ਸਿੰਘ ਦੀ ਯਾਦ 'ਚ ਸੰਤ ਸਮਾਗਮ ਤੇ ਕੀਰਤਨ ਦਰਬਾਰ



ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਪਿੰਡ ਮੌਜੋਮਜਾਰਾ ਨੇੜੇ ਠੱਕਰਵਾਲ ਵਿਖੇ ਬੀਬੀ ਸੰਤੋਸ਼ ਕੌਰ ਧਰਮ ਪਤਨੀ ਸਵ. ਮਾਸਟਰ ਜਗਜੀਤ ਸਿੰਘ ਮੌਜੋਮਜਾਰਾ ਦੇ ਗ੍ਰਹਿ ਵਿਖੇ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਦੀ ਯਾਦ ਨੂੰ ਸਮਰਪਿਤ 16ਵਾਂ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਮੁੱਖ ਪ੍ਰਬੰਧਕ ਲੈਕ. ਜਸਵਿੰਦਰ ਸਿੰਘ ਜੱਸੀ, ਜਸਵੀਰ ਸਿੰਘ ਸਾਬਕਾ ਸਰਪੰਚ ਮੌਜੋਮਜਾਰਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਨਾ 16ਵੇਂ ਸੰਤ ਸਮਾਗਮ ਅਤੇ ਕੀਰਤਨ ਦਰਬਾਰ ਮੌਕੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ।ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ, ਸੰਤ ਬਾਬਾ ਜਸਵੰਤ ਸਿੰਘ ਖੇੜਾ ਠੱਕਰਵਾਲ, ਸੰਤ ਬਾਬਾ ਜਸਵਿੰਦਰ ਸਿੰਘ ਡਾਂਡੀਆਂ, ਸੰਤ ਬਾਬਾ ਮੱਖਣ ਸਿੰਘ ਦਰੀਆ, ਸੰਤ ਬਾਬਾ ਟਹਿਲ ਦਾਸ ਫਗਵਾੜਾ, ਸੰਤ ਬਾਬਾ ਮਹਾਂਵੀਰ ਸਿੰਘ ਤਾਜੇਵਾਲ, ਬਾਬਾ ਸਰਬਜੀਤ ਸਿੰਘ ਸਾਬੀ ਠੱਕਰਵਾਲ, ਬਾਬਾ ਗੁਰਪ੍ਰੀਤ ਸਿੰਘ ਗੋਪੀ ਠੱਕਰਵਾਲ,ਸੰਤ ਬਾਬਾ ਜਸਵੀਰ ਸਿੰਘ ਪਿੱਪਲ ਮਾਜਰਾ ਸ਼੍ਰੀ ਚਮਕੌਰ ਸਾਹਿਬ, ਸੰਤ ਬਾਬਾ ਪਿਆਰ ਦੀਪ ਸਿੰਘ ਰਾਣੀਪੁਰ, ਸੰਤ ਬਾਬਾ ਸਤਨਾਮ ਸਿੰਘ ਪੰਡੋਰੀ, ਸੰਤ ਬਾਬਾ ਬਲਵੰਤ ਸਿੰਘ ਡੀਗਰੀਆਂ, ਸੰਤ ਬਾਬਾ ਜਗਦੀਸ਼ ਸਿੰਘ ਡਰੋਲੀ, ਭਾਈ ਮਨਜੀਤ ਸਿੰਘ ਮੋਜੀ ਭੁੰਗਰਨੀ ਆਦਿ ਗੁਰਬਾਣੀ ਗੁਰਇਤਿਹਾਸ, ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਆਏ ਹੋਏ ਸੰਤ ਮਹਾਂਪੁਰਸ਼, ਰਾਗੀ ਜੱਥੇ, ਪ੍ਰਮੁੱਖ ਸ਼ਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ।ਸਮਾਗਮ ਦੌਰਾਨ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਜੱਸੀ, ਦਵਿੰਦਰ ਕੌਰ, ਗਗਨਦੀਪ ਸਿੰਘ, ਜਸਵੀਰ ਸਿੰਘ ਸਾਬਕਾ ਸਰਪੰਚ ਮੌਜੋਮਜਾਰਾ, ਭੁਪਿੰਦਰ ਕੌਰ, ਬੀਬੀ ਸੰਤੋਸ਼ ਕੌਰ, ਹਰਵਿੰਦਰ ਕੌਰ, ਅਰਸ਼ ਪ੍ਰੀਤ ਸਿੰਘ, ਸਨਮਪੀਤ ਸਿੰਘ, ਅਮਨਪ੍ਰੀਤ ਸਿੰਘ, ਲੱਕੀ ਮੌਜੋਮਜਾਰਾ, ਠੇਕੇਦਾਰ ਰੂਪ ਲਾਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਕੁਦਰਤੀ ਸੋਮਿਆਂ ਨੂੰ ਗੰਦਲਾ ਬਣਾਉਣ 'ਚ ਸਭ ਬਰਾਬਰ ਦੇ ਜ਼ਿੰਮੇਵਾਰ : ਕੁਲਵੰਤ ਸਿੰਘ

ਮੋਹਾਲੀ (ਗੁਰਜੀਤ ਬਿੱਲਾ)- ਵਾਤਾਵਰਣ ਦੀ ਸਾਂਭ ਸੰਭਾਲ ਦੇ ਲਈ ਸਾਨੂੰ ਸਭ ਨੂੰ ਮਿਲ ਕੇ ਹੰਭਲਾ ਮਾਰਨਾ ਹੋਵੇਗਾ ਕਿਉਂਕਿ ਅਸੀਂ ਕੁਦਰਤੀ ਸੋਮਿਆਂ ਨੂੰ ਪ੍ਰਦੂਸ਼ਿਤ ਕਰਨ ਦੇ ਵਿੱਚ ਬਰਾਬਰ ਦੇ ਜਿੰਮੇਵਾਰ ਹਾਂ ,ਅਸੀਂ ਘਰ ਵਿੱਚ ਤਾਂ ਸਫਾਈ ਰੱਖਣੀ ਪਸੰਦ ਕਰਦੇ ਹਾਂ, ਪਰੰਤੂ



ਆਪਣੇ ਚੋਗਿਰਦੇ ਨੂੰ ਗੰਧਲਾ ਕਰਨ ਦੇ ਵਿੱਚ ਅਸੀਂ ਖੁਦ ਹੀ ਜ਼ਿੰਮੇਵਾਰ ਹਾਂ। ਇਹ ਗੱਲ ਵਿਧਾਇਕ ਕੁਲਵੰਤ ਸਿੰਘ ਨੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਕਹੀ। ਇੱਥੇ ਇਹ ਗੱਲ ਦੱਸਣਯੋਗ ਹੈ ਕਿ ਸਵਾਮੀ ਸੰਪੂਰਨ ਨੰਦ ਜੀ ਦੀ ਰਹਿਨੁਮਾਈ ਹੇਠ ਆਯੋਜਿਤ ਭਜਨ ਸੰਧਿਆ ਅਤੇ ਵਾਤਾਵਰਨ ਗੋਸ਼ਟੀ ਦੇ ਪ੍ਰੋਗਰਾਮ ਵਿੱਚ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਸ਼ਮੂਲੀਅਤ ਕੀਤੀ। ਇਸ ਪ੍ਰੋਗਰਾਮ ਵਿੱਚ ਜਿੱਥੇ ਭਗਵਾਨ ਦਾ ਨਾਮ ਜਪਿਆ ਗਿਆ, ਉਥੇ ਨਾਲ ਹੀ ਲੋਕਾਂ ਨਾਲ ਵਾਤਾਵਰਨ ਦੀ ਸੰਭਾਲ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਵਿਚਾਰ ਵੀ ਸਾਂਝੇ ਕੀਤੇ ਗਏ। ਇਸ ਮੌਕੇ ਮਾਣਯੋਗ ਗਵਰਨਰ ਪੰਜਾਬ ਸ਼੍ਰੀ ਗੁਲਾਬ ਚੰਦ ਕਟਾਰੀਆ ਵੀ ਹਾਜ਼ਰ ਸਨ, ਗੋਸ਼ਟੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਅੱਜ ਵਾਤਾਵਰਣ ਦੀ ਸਾਂਭ - ਸੰਭਾਲ ਕਰਨਾ ਸਾਡੇ ਸਭਨਾਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ। ਸਵਾਮੀ ਸੰਪੂਰਨਾਨੰਦ ਜੀ ਮਹਾਰਾਜ ਦੀ ਰਹਿਨੁਮਾਈ ਹੇਠ ਜੋ ਇਹ ਵਿਸ਼ਾ ਵਾਤਾਵਰਨ ਦੀ ਸਾਂਭ ਸੰਭਾਲ ਚੁਣਿਆ ਗਿਆ ਹੈ ਇਸ ਦੇ ਲਈ ਮੈਂ ਸਵਾਮੀ ਸੰਪੂਰਨਾਨੰਦ ਜੀ ਮਹਾਰਾਜ ਦਾ ਧੰਨਵਾਦੀ ਹੋਵਾਂਗਾ ਕਿ ਉਹਨਾਂ ਨੇ ਵਿਧਾਨ ਸਭਾ ਹਲਕਾ ਮੋਹਾਲੀ ਦੇ ਵਿੱਚ ਇਸ ਅਹਿਮ ਵਿਸ਼ੇ ਤੇ ਗੋਸ਼ਟੀ ਦਾ ਆਯੋਜਨ ਕੀਤਾ।

# ਹਿੰਦੂ ਭਲਾਈ ਬੋਰਡ ਨੇ ਐੱਸ ਡੀ ਐੱਮ ਬੰਗਾ ਨੂੰ ਮੰਗ ਪੱਤਰ ਸੌਂਪਿਆ



ਬੰਗਾ (ਅਵਤਾਰ ਕਲੇਰ)

ਹਿੰਦੂ ਭਲਾਈ ਬੋਰਡ ਦੇ ਮੈਂਬਰਾਂ ਨੇ ਬੰਗਲਾਦੇਸ਼ ਵਿੱਚ ਹਿੰਦੂਆਂ 'ਤੇ ਲਗਾਤਾਰ ਹੋ ਰਹੇ ਅੱਤਿਆਚਾਰਾਂ ਦੇ ਵਿਰੋਧ ਵਿੱਚ ਉਪ-ਮੰਡਲ ਬੰਗਾ ਦੇ ਐਸ ਡੀ ਐਮ ਨੂੰ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਸੰਬੋਧਿਤ ਇੱਕ ਮੰਗ ਪੱਤਰ ਸੌਂਪਿਆ।ਇਸ ਮੰਗ ਪੱਤਰ ਵਿੱਚ ਹਿੰਦੂ ਸੰਗਠਨਾਂ ਨੇ ਮੰਗ ਕੀਤੀ ਕਿ ਬੰਗਲਾਦੇਸ਼ ਦੇ ਮੇਮਨ ਸਿੰਘ ਜ਼ਿਲ੍ਹੇ ਦੇ ਭਾਲੂਕਾ ਉਪ-ਜ਼ਿਲ੍ਹਾ (ਡੁਬਾਲੀਆਪਾਂਡਾ) ਵਿੱਚ ਇੱਕ ਕੱਟੜਪੰਥੀ ਭੀੜ ਦੁਆਰਾ ਇੱਕ ਹਿੰਦੂ ਨੌਜਵਾਨ ਦੀਪੂ ਚੰਦਰ ਦਾਸ ਨੂੰ ਦਰੱਖਤ ਨਾਲ ਬੰਨ੍ਹਿਆ, ਤਸੀਹੇ ਦਿੱਤੇ ਜਾਣ ਅਤੇ ਫਿਰ ਜ਼ਿੰਦਾ ਸਾੜ ਦਿੱਤਾ ਗਿਆ। ਇਹ ਧਾਰਮਿਕ ਵਿਤਕਰੇ ਦੇ ਅਧਾਰ 'ਤੇ ਹਿੰਦੂਆਂ ਵਿਰੁੱਧ ਨਸਲਕੁਸ਼ੀ ਹੈ। ਹਿੰਦੂ ਭਲਾਈ ਬੋਰਡ ਨੇ ਰਾਸ਼ਟਰਪਤੀ ਨੂੰ ਇਸ ਮਾਮਲੇ ਵਿੱਚ ਸੰਯੁਕਤ ਰਾਸ਼ਟਰ (ਯੂ ਐਨ) ਦੇ ਦਖਲ ਦੀ ਮੰਗ ਕਰਨ ਦੀ ਅਪੀਲ ਕੀਤੀ ਹੈ। ਆਪਣੇ ਮੰਗ ਪੱਤਰ ਵਿੱਚ ਉਨ੍ਹਾਂ ਮੰਗ ਕੀਤੀ ਕਿ ਦੋਸ਼ੀਆਂ ਵਿਰੁੱਧ ਅੰਤਰਰਾਸ਼ਟਰੀ ਕਾਨੂੰਨ ਤਹਿਤ ਕਾਰਵਾਈ ਕੀਤੀ ਜਾਵੇ। ਐੱਸ ਡੀ ਐੱਮ ਨੂੰ ਮੰਗ ਪੱਤਰ ਸੌਂਪਣ ਸਮੇਂ ਡਾ: ਬਲਵੀਰ ਰਾਜ ਸ਼ਰਮਾ, ਡਾ: ਰਾਜਨ ਸ਼ਰਮਾ, ਕਸ਼ਮੀਰ ਸਿੰਘ, ਸ਼ਿਆਮ ਕੁਮਾਰ, ਤਰਸੇਮ ਲਾਲ, ਪਿੰਡ ਹਿਆਣ ਦੇ ਸਰਪੰਚ, ਪ੍ਰਿੰਸੀਪਲ ਜਤਿੰਦਰ ਮੋਹਨ, ਕੌਂਸਲਰ ਹਿੰਮਤ ਤੇਜਪਾਲ,ਜਸਵਿੰਦਰ ਸਿੰਘ ਮਾਨ ਕੌਂਸਲਰ ਬੰਗਾ,ਐਡਵੋਕੇਟ ਵਿਜੇ ਕੁਮਾਰ ਛਾਬੜਾ, ਏ.ਐਸ.ਐਸ.ਕੁਮਾਲ, ਜੀਤ ਰਾਮ ਭਾਟੀਆ ਕੌਂਸਲਰ ਬੰਗਾ, ਮਹਿਕ ਕੁਮਾਰ ਰੰਘੜਕੇ ਆਦਿ ਹਾਜ਼ਰ ਸਨ।

# ਸੀਟੂ ਦੀ 18ਵੀਂ ਆਲ ਇੰਡੀਆ ਕਾਨਫਰੰਸ ਜੁਝਾਰੂ ਸੰਘਰਸ਼ਾਂ ਦੇ ਸੱਦੇ ਨਾਲ ਸ਼ੁਰੂ

ਨੰਗਲ (ਸੁਰਜੀਤ ਸਿੰਘ ਢੇਰ)

ਸੈਂਟਰ ਆਫ਼ ਇੰਡੀਅਨ ਟ੍ਰੇਡ ਯੂਨੀਅਨਜ਼ (ਸੀਟੂ) ਦੀ 18ਵਾਂ ਆਲ ਇੰਡੀਆ ਕਾਨਫਰੰਸ ਬੁੱਧਵਾਰ ਨੂੰ ਇਤਿਹਾਸਕ ਸ਼ਹਿਰ ਵਿਸ਼ਾਖਾਪਟਨਮ ਵਿੱਚ ਜਮਾਤੀ ਏਕਤਾ ਅਤੇ ਜੁਝਾਰੂ ਸ਼ਕਤੀਸ਼ਾਲੀ ਸੱਦੇ ਨਾਲ ਸ਼ੁਰੂ ਹੋਈ। ਇਸ ਦੀ ਸ਼ੁਰੂਆਤ ਪ੍ਰਧਾਨ ਕੇ. ਹੇਮਲਤਾ ਦੁਆਰਾ ਸੀਟੂ ਦਾ ਝੰਡਾ ਲਹਿਰਾਉਣ ਨਾਲ ਹੋਈ, ਜਿਸ ਤੋਂ ਬਾਅਦ ਹੇਮਲਤਾ, ਜਨਰਲ ਸਕੱਤਰ ਤਪਨ ਸੇਨ ਤੇ ਹੋਰ ਰਾਸ਼ਟਰੀ ਅਹੁਦੇਦਾਰਾਂ ਨੇ ਭਾਈਚਾਰਕ ਵਰਗ ਅਤੇ ਜਨਤਕ ਸੰਗਠਨਾਂ ਦੇ ਆਗੂਆਂ ਦੇ ਨਾਲ ਸ਼ਹੀਦ ਦੇ ਕਾਲਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕਾਨਫਰੰਸ ਸਥਾਨ ਨੂੰ ਅੱਲੂਰੀ, ਸ਼੍ਰੀਕਾਕੁਲਮ ਅਤੇ ਨੇਲੋਰ ਜ਼ਿਲ੍ਹਿਆਂ ਦੇ ਮਜ਼ਦੂਰਾਂ ਦੁਆਰਾ ਚਲਾਈਆਂ ਗਈਆਂ ਤਿੰਨ ਅਜਿੱਤ ਮਸ਼ਾਲਾਂ-ਅਮਰ ਜੋਤੀਆਂ-ਦੇ ਆਉਣ ਨਾਲ ਬਿਜਲੀ ਮਿਲ ਗਈ, ਜੋ ਕਿ ਜਮਾਤੀ ਸੰਘਰਸ਼ ਦੀਆਂ ਬਲਦੀਆਂ ਲਾਟਾਂ ਦਾ ਪ੍ਰਤੀਕ ਹਨ। ਉਦਘਾਟਨੀ ਸੈਸ਼ਨ ਸੱਭਿਆਚਾਰਕ ਕਲਾਕਾਰਾਂ ਦੁਆਰਾ ਪੇਸ਼ ਕੀਤੇ ਗਏ ਉਤੇਜਕ ਇਨਕਲਾਬੀ ਗੀਤਾਂ ਨਾਲ ਸ਼ੁਰੂ ਹੋਇਆ, ਜਿਸ ਨਾਲ ਅੱਗੇ ਹੋਣ ਵਾਲੇ ਵਿਚਾਰ-ਵਟਾਂਦਰੇ ਲਈ ਇੱਕ ਜ਼ੋਰਦਾਰ ਸੁਰ ਕਾਇਮ ਹੋਈ।

ਸਵਾਗਤ ਕਮੇਟੀ ਵੱਲੋਂ, ਚੇਅਰਮੈਨ ਚੌਧਰੀ ਨਰਸਿੰਗਾਰਾਓ ਨੇ ਵਿਸ਼ੇਸ਼ ਮਹਿਮਾਨਾਂ ਅਤੇ ਡੈਲੀਗੇਟਾਂ ਦਾ ਸਵਾਗਤ ਕੀਤਾ, ਮੌਜੂਦਾ ਸੰਘਰਸ਼ ਅਤੇ ਖੇਤਰ ਦੀ ਅਮੀਰ ਇਨਕਲਾਬੀ ਵਿਰਾਸਤ ਵਿਚਕਾਰ ਸਮਾਨਤਾ ਦਰਸਾਈ। ਉਨ੍ਹਾਂ ਨੇ ਡੈਲੀਗੇਟਾਂ ਅਤੇ ਮਹਿਮਾਨਾਂ ਨੂੰ ਸ੍ਰੀ ਅਲੂਰੀ ਸੀਤਾਰਾਮਰਾਜੂ ਦੀ ਅਗਵਾਈ ਵਿੱਚ ਬ੍ਰਿਟਿਸ਼ ਸ਼ਾਸਨ ਵਿਰੁੱਧ 1923 ਵਿੱਚ ਹਥਿਆਰਬੰਦ ਕਬਾਇਲੀ ਵਿਦਰੋਹ ਦੀ ਯਾਦ ਦਿਵਾਈ ਅਤੇ ਜ਼ੋਰ ਦਿੱਤਾ ਕਿ ਵਿਜ਼ਾਗ, ਸਟੀਲ ਪਲਾਂਟ, ਬੰਦਰਗਾਹ, ਐੱਨ ਟੀ ਪੀ ਸੀ ਅਤੇ ਐੱਚ ਪੀ ਸੀ ਐਲ ਨੂੰ ਰੱਖਣ ਵਾਲੇ ਇੱਕ ਪ੍ਰਮੁੱਖ ਜਨਤਕ ਖੇਤਰ ਦੇ ਹੱਬ ਵਜੋਂ, ਮਜ਼ਦੂਰ-ਸ਼੍ਰੇਣੀ ਦੇ ਅੰਦੋਲਨ ਦਾ ਇੱਕ ਮੋਹਰੀ ਕਤਾਰ ਬਣਿਆ ਹੋਇਆ ਹੈ। ਪੰਜਾਬ ਵਿਚੋਂ ਚੰਦਰ ਸ਼ੇਖਰ, ਮਹਾਂ ਸਿੰਘ ਰੋੜੀ, ਊਸ਼ਾ ਰਾਣੀ, ਸਤਵੀਰ ਸਿੰਘ ਤੁੰਗਾ, ਦਲਜੀਤ ਕੁਮਾਰ ਗੋਰਾ ਅਤੇ ਅਮਰਨਾਥ ਕੂੰਮਕਲਾਂ ਸਮੇਤ ਹੋਰ ਡੇਲੀਗੇਟ ਭਾਗ ਲੇ ਰਹੇ ਹਨ।

ਜਨਰਲ ਸਕੱਤਰ ਤਪਨ ਸੇਨ ਨੇ ਸਾਰੇ ਕੇਂਦਰੀ ਟਰੇਡ ਯੂਨੀਅਨਾਂ (ਸੀ ਟੀ ਯੂ) ਦੀ ਅਗਵਾਈ ਅਤੇ ਵਰਲਡ ਫੈਡਰੇਸ਼ਨ ਆਫ ਟ੍ਰੇਡ ਯੂਨੀਅਨਾਂ (ਡਬਲਯੂਐਫਟੀਯੂ) ਦੇ ਜਨਰਲ ਸਕੱਤਰ ਪੰਬਿਸ ਕਿਰਿਤਸਿਸ ਦਾ ਸਵਾਗਤ ਕਰਕੇ ਸੈਸ਼ਨ ਦੀ ਸ਼ੁਰੂਆਤ ਕੀਤੀ। ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਪੰਬਿਸ ਕਿਰਿਤਸਿਸ ਨੇ ਡੂੰਘੀ ਅੰਤਰਰਾਸ਼ਟਰੀ ਏਕਤਾ ਦਾ ਪ੍ਰਗਟਾਵਾ ਕੀਤਾ, ਇਹ ਨੋਟ ਕਰਦੇ ਹੋਏ ਕਿ ਡਬਲਯੂ ਐੱਫ ਟੀ ਯੂਦੀ 13ਵੀਂ ਵਿਸ਼ਵ ਕਾਂਗਰਸ 2000 ਵਿੱਚ ਨਵੀਂ ਦਿੱਲੀ ਵਿੱਚ ਹੋਈ ਸੀ, ਪਰ ਆਉਣ ਵਾਲੀ 19ਵੀਂ ਵਿਸ਼ਵ ਕਾਂਗਰਸ ਮਈ 2026 ਵਿੱਚ ਕੋਲੰਬੋ ਵਿੱਚ ਹੋਣ ਵਾਲੀ ਹੈ। ਉਸ ਨੇ ਭਾਰਤੀ ਮਜ਼ਦੂਰ ਵਰਗ ਦੇ ਚੱਲ ਰਹੇ ਸੰਘਰਸ਼ਾਂ ਅਤੇ ਸੰਯੁਕਤ ਕਿਸਾਨ ਅੰਦੋਲਨਾਂ ਦਾ ਜ਼ੋਰਦਾਰ ਸਮਰਥਨ ਕੀਤਾ, ਖਾਸ ਤੌਰ 'ਤੇ 12 ਫਰਵਰੀ, 2026 ਨੂੰ ਮਜ਼ਦੂਰ-ਵਿਰੋਧੀ ਕਿਰਤ ਕੋਡਾਂ ਵਿਰੁੱਧ ਆਮ ਹੜਤਾਲ ਦਾ



ਸਮਰਥਨ ਕੀਤਾ। ਉਸਨੇ ਡੈਲੀਗੇਟਾਂ ਨੂੰ ਭਰੋਸਾ ਦਿਵਾਇਆ ਕਿ ਸੀਟੂ ਆਪਣੀ ਲੜਾਈ ਵਿੱਚ ਕਦੇ ਵੀ ਇਕੱਲਾ ਨਹੀਂ ਹੋਵੇਗਾ, ਕਿਉਂਕਿ ਇਹ ਵਰਗ-ਮੁਖੀ ਅੰਤਰਰਾਸ਼ਟਰੀ ਟਰੇਡ ਯੂਨੀਅਨ ਅੰਦੋਲਨ ਦੇ ਸਰਗਰਮ ਸਮਰਥਨ 'ਤੇ ਭਰੋਸਾ ਕਰ ਸਕਦਾ ਹੈ।

ਸੈਸ਼ਨ ਦੌਰਾਨ, ਦੋ ਮਹੱਤਵਪੂਰਨ ਮਤੇ ਅਪਣਾਏ ਗਏ। ਹੇਮਲਤਾ ਨੇ ਚਾਰ ਮਜ਼ਦੂਰ-ਵਿਰੋਧੀ ਕਿਰਤ ਕੋਡਾਂ ਨੂੰ ਰੱਦ ਕਰਨ ਦੀ ਮੰਗ ਕਰਨ ਅਤੇ 12 ਫਰਵਰੀ, 2026 ਨੂੰ ਇੱਕ ਸਫਲ ਆਮ ਹੜਤਾਲ ਦੀ ਮੰਗ ਕਰਨ ਵਾਲਾ ਮਤਾ ਪੇਸ਼ ਕੀਤਾ, ਜਿਸਨੂੰ ਤਾੜੀਆਂ ਦੀ ਗੂੰਜ ਨਾਲ ਪਾਸ ਕੀਤਾ ਗਿਆ। ਜਨਰਲ ਸਕੱਤਰ ਤਪਨ ਸੇਨ ਨੇ ਆਰ ਆਈ ਐੱਨ ਐੱਲ (ਵਿਜ਼ਾਗ ਸਟੀਲ) ਦੇ ਨਿੱਜੀਕਰਨ ਦਾ ਵਿਰੋਧ ਕਰਨ ਲਈ ਦੂਜਾ ਮਤਾ ਪੇਸ਼ ਕੀਤਾ, ਜਿਸ ਵਿੱਚ ਮਜ਼ਦੂਰਾਂ ਦੇ ਆਪਣੇ ਜਨਤਕ ਖੇਤਰ ਦੇ ਅਦਾਰਿਆਂ ਦੀ ਰੱਖਿਆ ਦੀ ਮੰਗ ਕੀਤੀ ਗਈ।

ਕਾਨਫਰੰਸ ਨੂੰ ਸਾਰੀਆਂ ਪ੍ਰਮੁੱਖ ਕੇਂਦਰੀ ਟਰੇਡ ਯੂਨੀਅਨਾਂ ਦੇ ਆਗੂਆਂ ਦੀ ਮੌਜੂਦਗੀ ਅਤੇ ਸ਼ੁਭਕਾਮਨਾਵਾਂ ਨਾਲ ਹੋਰ ਮਜ਼ਬੂਤੀ ਮਿਲੀ, ਜਿਨ੍ਹਾਂ ਵਿੱਚ ਇੰਟਕ ਦੇ ਰਾਸ਼ਟਰੀ ਸੀਨੀਅਰ ਸਕੱਤਰ ਮੰਤਰੀ ਰਾਜਸ਼ੇਖਰ, ਏਟਕ ਦੇ ਜਨਰਲ ਸਕੱਤਰ ਅਮਰਜੀਤ ਕੌਰ, HMS ਐੱਚ ਐੱਮ ਐੱਸ ਦੇ ਅਹੁਦੇਦਾਰ ਮੈਂਬਰ ਸੁਦਰਸ਼ਨ ਰਾਓ, ਏ ਆਈ ਸੀ ਸੀ ਟੀ ਯੂ ਦੇ ਉਪ ਪ੍ਰਧਾਨ ਕਲਿਫਟਨ ਡੀ ਰੋਜ਼ਾਰੀਓ, ਏ ਆਈ ਯੂ ਟੀ ਯੂ ਸੀ ਦੇ ਆਲ ਇੰਡੀਆ ਸਕੱਤਰੇਤ ਮੈਂਬਰ ਜੈਸੇਨ ਮੇਹਰ, ਯੂ ਟੀ ਯੂ ਸੀ ਦੇ ਅਹੁਦੇਦਾਰ ਮੈਂਬਰ ਸ਼ੇਕੀਜ਼ਰ ਅਪਾਸਾਮੀ, ਸੇਵਾ ਦੇ ਉਪ ਪ੍ਰਧਾਨ ਸੋਨੀਆ ਜਾਰਜ, ਅਤੇ ਟੀ ਯੂ ਸੀ ਸੀ ਦੇ ਅਹੁਦੇਦਾਰ ਮੈਂਬਰ ਜੀ. ਮਧੂਸੂਦਨ ਸ਼ਾਮਲ ਸਨ। ਇਸ ਇਕਜੁੱਟ ਮੌਜੂਦਗੀ ਅਤੇ ਸ਼ੁਭਕਾਮਨਾਵਾਂ ਨੇ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਅਤੇ ਮਜ਼ਦੂਰ ਵਰਗ ਦੇ ਅਧਿਕਾਰਾਂ ਨੂੰ ਅੱਗੇ ਵਧਾਉਣ ਦੇ ਸਮੂਹਿਕ ਸੰਕਲਪ ਨੂੰ ਉਜਾਗਰ ਕੀਤਾ।

1 Jan Page 10.qxd 12/31/2025 9:23 PM Page 1



# 2025 ਦੌਰਾਨ ਪ੍ਰਸ਼ਾਸਨਿਕ ਸੇਵਾਵਾਂ ਵਿੱਚ ਪੰਜਾਬ ਡਿਜੀਟਲ ਸੁਧਾਰਾਂ ਦਾ ਗਵਾਹ ਬਣਿਆ : ਅਮਨ ਅਰੋੜਾ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦਾ ਪ੍ਰਸ਼ਾਸਨ ਸਾਲ 2025 ਦੌਰਾਨ ਵੱਡੇ ਡਿਜੀਟਲ ਬਦਲਾਅ ਦਾ ਗਵਾਹ ਬਣਿਆ ਹੈ, ਜਿਸ ਤਹਿਤ ਹੁਣ ਨਾਗਰਿਕ-ਕੇਂਦਰਿਤ ਸੇਵਾਵਾਂ ਲੋਕਾਂ ਨੂੰ ਸਿੱਧੇ ਉਨ੍ਹਾਂ ਦੇ ਦਰ 'ਤੇ ਹੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਸਰਕਾਰੀ ਦਫ਼ਤਰਾਂ ਵਿੱਚ ਲੰਬੀਆਂ ਕਤਾਰਾਂ ਲੱਗਣਾ ਅਤੇ ਲੋਕਾਂ ਦੀ ਖੱਜਲ-ਖੁਆਰੀ ਹੁਣ ਬੀਤੇ ਸਮੇਂ ਦੀ ਗੱਲ ਹੋ ਗਈ ਹੈ। ਸੇਵਾਵਾਂ ਦੀ ਡਲਿਵਰੀ ਵਿੱਚ ਪਾਰਦਰਸ਼ਤਾ, ਪਹੁੰਚਯੋਗਤਾ, ਕੁਸ਼ਲਤਾ ਅਤੇ ਇਮਾਨਦਾਰੀ ਨੇ ਸੂਬੇ ਦੇ ਪ੍ਰਸ਼ਾਸਨ ਨੂੰ ਇੱਕ ਨਵਾਂ ਰੂਪ ਦੇਣ ਵਿੱਚ ਸਭ ਤੋਂ ਅਹਿਮ ਭੂਮਿਕਾ ਨਿਭਾਈ ਹੈ, ਜਿਸ ਨਾਲ ਨਾਗਰਿਕਾਂ ਲਈ ਪ੍ਰਸ਼ਾਸਨਿਕ ਸੇਵਾਵਾਂ ਲੈਣਾ ਹੁਣ ਵਧੇਰੇ ਸੁਚਾਰੂ ਅਤੇ ਸੁਖਾਲਾ ਹੋ ਗਿਆ ਹੈ।ਪੰਜਾਬ ਦੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ ਸ੍ਰੀ ਅਮਨ ਅਰੋੜਾ ਨੇ ਸੂਬੇ ਦੇ ਪ੍ਰਸ਼ਾਸਨ ਵਿੱਚ ਲਾਗੂ ਕੀਤੇ ਗਏ ਬੁਨਿਆਦੀ ਸੁਧਾਰਾਂ 'ਤੇ ਜ਼ੋਰ ਦਿੰਦਿਆਂ ਦੱਸਿਆ ਕਿ ਪਟਵਾਰੀਆਂ ਨੂੰ ਈ-ਸੇਵਾ ਪੋਰਟਲ 'ਤੇ ਆਨ-ਬੋਰਡ ਕਰਨ ਤੋਂ ਬਾਅਦ 12.46 ਲੱਖ ਤੋਂ ਵੱਧ ਅਰਜ਼ੀਆਂ ਦਾ ਆਨਲਾਈਨ ਨਿਪਟਾਰਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਵੰਤ ਮਾਨ ਸਰਕਾਰ ਵੱਲੋਂ, 'ਤੁਹਾਡੇ ਦੁਆਰ' ਸਕੀਮ ਤਹਿਤ 1,85,000 ਤੋਂ ਵੱਧ ਨਾਗਰਿਕਾਂ ਨੂੰ ਉਨ੍ਹਾਂ ਦੇ ਦਰ 'ਤੇ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਜ਼ਮੀਨੀ ਪੱਧਰ 'ਤੇ ਲੋਕਾਂ ਵੱਲੋਂ ਚੁਣੇ ਨੁਮਾਇੰਦਿਆਂ ਨੂੰ ਸਸ਼ਕਤ ਬਣਾਉਂਦਿਆਂ ਦੇਸ਼ ਵਿੱਚ ਆਪਣੀ ਕਿਸਮ ਦੀ ਨਿਵੇਕਲੀ ਪਹਿਲਕਦਮੀ ਤਹਿਤ ਪੰਜਾਬ ਨੇ ਆਪਣੇ ਸਰਪੰਚਾਂ, ਨੰਬਰਦਾਰਾਂ ਅਤੇ ਨਗਰ ਕੌਂਸਲਰਾਂ ਨੂੰ ਵੱਖ-ਵੱਖ ਸਰਟੀਫਿਕੇਟਾਂ ਲਈ ਅਰਜ਼ੀਆਂ ਦੀ ਔਨਲਾਈਨ ਤਸਦੀਕ ਕਰਨ ਦੇ ਅਧਿਕਾਰ ਦਿੱਤੇ ਹਨ। ਇਸ ਕਦਮ ਨੇ ਲਾਲ ਫੀਤਾਸ਼ਾਹੀ ਨੂੰ ਖਤਮ ਕਰਦਿਆਂ ਨਾਗਰਿਕਾਂ ਨੂੰ ਵੱਖ-ਵੱਖ ਸਰਟੀਫਿਕੇਟਾਂ ਲਈ ਲੋੜੀਂਦੇ ਦਸਤਾਵੇਜ਼ਾਂ ਦੀ ਤਸਦੀਕ ਲਈ ਵਾਰ-ਵਾਰ ਗੇੜੇ ਲਾਉਣ ਨਾਲ ਹੁੰਦੀ ਖੱਜਲ-ਖੁਆਰੀ ਤੋਂ ਨਿਜਾਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕ-ਪੱਖੀ ਕਦਮਾਂ ਦਾ ਉਦੇਸ਼ ਆਮ ਨਾਗਰਿਕਾਂ ਦੇ ਮਾਣ-ਸਨਮਾਨ ਨੂੰ ਬਹਾਲ ਕਰਨਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੁਰਾਣੀ ਪ੍ਰਣਾਲੀ ਤੋਂ ਨਵੀਂ ਡਿਜੀਟਲ ਪ੍ਰਣਾਲੀ ਵਿੱਚ ਪ੍ਰਵੇਸ਼ ਕਰ ਰਹੀ ਹੈ, ਜਿਸ ਵਿੱਚ ਸਰਕਾਰ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੇ ਕੰਮ ਕਰਦੀ ਹੈ, ਜਿਸ ਨਾਲ ਹੁਣ ਨਾਗਰਿਕਾਂ ਨੂੰ ਆਪਣਾ ਕੰਮ ਕਰਵਾਉਣ ਲਈ ਕਤਾਰਾਂ ਵਿੱਚ ਲੱਗ ਕੇ ਲੰਮਾ ਸਮਾਂ ਉਡੀਕ ਕਰਨ ਦੀ ਲੋੜ ਨਹੀਂ।ਪੇਂਡੂ ਪ੍ਰਸ਼ਾਸਨ ਵਿੱਚ ਵੀ ਕਈ ਕ੍ਰਾਂਤੀਕਾਰੀ ਸੁਧਾਰ ਕੀਤੇ ਗਏ ਹਨ, ਜਿਸ ਤਹਿਤ ਸੂਬਾ ਸਰਕਾਰ ਨੇ ਸਾਰੇ ਪਟਵਾਰੀਆਂ ਨੂੰ ਕੇਂਦਰੀਕ੍ਰਿਤ ਸੇਵਾ ਪੋਰਟਲ 'ਤੇ ਆਨ-ਬੋਰਡ ਕੀਤਾ ਹੈ। ਇਸ ਪੋਰਟਲ 'ਤੇ ਹੁਣ ਤੱਕ 12.46 ਲੱਖ ਤੋਂ ਵੱਧ ਅਰਜ਼ੀਆਂ ਦੀ ਆਨਲਾਈਨ ਪ੍ਰਕਿਰਿਆ ਨਾਲ ਨਾ ਸਿਰਫ ਕਿਸਾਨਾਂ ਅਤੇ ਨਾਗਰਿਕਾਂ ਦੇ ਕੀਮਤੀ ਸਮੇਂ ਦੀ ਬੱਚਤ ਹੋਈ ਹੈ ਬਲਕਿ ਇਹ ਪਾਰਦਰਸ਼ਤਾ ਵਿੱਚ ਵੀ ਮਹੱਤਵਪੂਰਨ ਵਾਧੇ ਦੇ ਨਾਲ-ਨਾਲ ਸੰਭਾਵੀ ਭ੍ਰਿਸ਼ਟਾਚਾਰ 'ਤੇ ਰੋਕ ਲਗਾਉਣ ਵਾਲਾ ਮਹੱਤਵਪੂਰਨ ਕਦਮ ਸਾਬਤ ਹੋਇਆ ਹੈ।

# ਮਦਾਰਪੁਰਾ 'ਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਇਕਾਈ ਦੀ ਹੋਈ ਚੋਣ



**ਜਗਰਾਉਂ/ਸਿੱਧਵਾਂ ਬੇਟ (ਨਛੱਤਰ ਸੰਧੂ)** ਬਲਾਕ ਦੇ ਪਿੰਡ ਮਦਾਰਪੁਰਾ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਇਕਾਈ ਦੀ ਚੋਣ ਜ਼ਿਲ੍ਹਾ ਸਕੱਤਰ ਤਰਸੇਮ ਸਿੰਘ ਬੱਸੂਵਾਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਭੂਮਿਕਾ ... ਕਿਹਾ ਕਿ ਕੇਂਦਰ ਦੀ ਮੋਦੀ ਹਕੂਮਤ ਬਿਜਲੀ ਸੋਧ ਐਕਟ 2025 ਲਿਆ ਕੇ ਆਮ ਲੋਕਾਂ ਤੋਂ ਬਿਜਲੀ ਵਰਤਣ ਦਾ ਹੱਕ ਖੋਹਣ ਜਾ ਰਹੀ ਹੈ।ਬੀਜ ਐਕਟ ਲਿਆ ਕੇ ਬੀਜ ਪੈਦਾ ਕਰਨ, ਪੇਟੈਂਟ ਕਰਾ ਕੇ ਹਰ ਸਾਲ ਮਰਜ਼ੀ ਦੇ ਰੇਟਾਂ ਤੇ ਬੀਜ ਹੁਣ ਬਾਇਰ, ਮੋਨਸੈਂਟੋ ਵਰਗੇ ਘਰਾਣੇ ਕਿਸਾਨਾਂ ਨੂੰ ਵੇਚਣਗੇ।ਸੰਸਾਰ ਵਪਾਰ ਰਾਹੀਂ ਅਮਰੀਕਾ ਜਿਹੇ ਸਾਮਰਾਜੀ ਦੇਸ਼ ਖੇਤੀ, ਡੈਅਰੀ, ਪੋਲਟਰੀ ਵਿਦੇਸ਼ਾਂ ਚੋਂ ਭੇਜਣਗੇ ਤੇ ਭਾਰਤੀ ਕਿਸਾਨ ਮਜ਼ਦੂਰ ਨੂੰ ਖੇਤੀ 'ਚੋਂ ਬਾਹਰ ਕੱਢਣਗੇ। ਕਿਸਾਨ-ਮਜ਼ਦੂਰ ਆਗੂ ਜਸਵਿੰਦਰ ਸਿੰਘ ਭਮਾਲ ਨੇ ਦੱਸਿਆ ਕਿ ਮਨਰੇਗਾ ਸਕੀਮ ਦਾ ਸਿਰਫ ਨਾਮ ਨਹੀਂ ਬਦਲਿਆ, ਸਗੋਂ ਇਸ ਸਕੀਮ ਦਾ ਭੋਗ ਪਾ ਕੇ ਆਖਰੀ ਬੁਰਕੀ ਵੀ ਮਜ਼ਦੂਰ ਜਮਾਤ ਤੋਂ ਖੋਹੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ 29 ਕਿਰਤ ਕਨੂੰਨਾਂ ਦੀ ਥਾਂ ਚਾਰ ਕਿਰਤ ਕੋਡ ਲਿਆ ਕੇ ਮੋਦੀ ਸਰਕਾਰ ਮਜ਼ਦੂਰਾਂ ਦਾ ਗਲਾ ਘੁੱਟਣ ਜਾ ਰਹੀ ਹੈ।ਉਨ੍ਹਾਂ ਕਿਸਾਨਾਂ ਮਜ਼ਦੂਰਾਂ ਨੂੰ ਨਿੱਜੀਕਰਨ ਦੇ ਹਮਲਿਆਂ ਖਿਲਾਫ਼ 16 ਜਨਵਰੀ ਨੂੰ ਲੁਧਿਆਣਾ ਡੀ ਸੀ ਦਫਤਰ ਅੱਗੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਜਾ ਰਹੇ ਧਰਨੇ 'ਚ ਪੁੱਜਣ ਦਾ ਜ਼ੋਰਦਾਰ ਸੱਦਾ ਦਿੱਤਾ।ਇੱਕ ਮਤੇ ਰਾਹੀਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਦਿੱਲੀ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕਰਨ ਦੀ ਨਿੰਦਾ ਕਰਦਿਆਂ ਤੁਰੰਤ ਰਿਹਾਈ ਦੀ ਮੰਗ ਕੀਤੀ ਗਈ।

# ਦਿਵਿਆਂਗਜਨਾਂ ਦੀ ਭਲਾਈ ਸਰਕਾਰ ਦੀ ਪ੍ਰਮੁੱਖ ਤਰਜੀਹ : ਡਾ ਬਲਜੀਤ ਕੌਰ



**ਚੰਡੀਗੜ੍ਹ : (ਗੁਰਜੀਤ ਬਿੱਲਾ)** ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੇ ਹਰ ਵਰਗ ਦੀ ਭਲਾਈ, ਸਮਾਜਿਕ ਨਿਆਂ ਅਤੇ ਸਮੂਹਿਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸੇ ਵਚਨਬੱਧਤਾ ਦੇ ਤਹਿਤ ਵਿਸ਼ੇਸ਼ ਯੋਗਤਾਵਾਂ ਵਾਲੇ ਵਿਅਕਤੀਆਂ (ਦਿਵਿਆਂਗਜਨਾਂ) ਦੀ ਸੁਰੱਖਿਆ, ਆਤਮ-ਨਿਰਭਰਤਾ ਅਤੇ ਸਨਮਾਨ ਲਈ ਸਰਕਾਰ ਲਗਾਤਾਰ ਸੰਵੇਦਨਸ਼ੀਲ ਅਤੇ ਪ੍ਰਭਾਵਸ਼ਾਲੀ ਕਦਮ ਚੁੱਕ ਰਹੀ ਹੈ। ਇਹ ਗੱਲ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ.ਬਲਜੀਤ ਕੌਰ ਨੇ ਕਹੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਦਿਵਿਆਂਗਜਨਾਂ ਨੂੰ ਵਿੱਤੀ ਸਹਾਇਤਾ ਵਜੋਂ 371.84 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਵਿੱਤੀ ਸਾਲ ਦੌਰਾਨ 2 ਲੱਖ 79 ਹਜ਼ਾਰ 544 ਦਿਵਿਆਂਗ ਵਿਅਕਤੀਆਂ ਨੂੰ ਇਸ ਯੋਜਨਾ ਦਾ ਸਿੱਧਾ ਲਾਭ ਦਿੱਤਾ ਜਾ ਰਿਹਾ ਹੈ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਆਰਥਿਕ ਸੰਭਾਲ ਮਿਲੀ ਹੈ।ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਦਿਵਿਆਂਗਜਨਾਂ ਨੂੰ ਸਮੇਂ-ਸਿਰ, ਪਾਰਦਰਸ਼ੀ ਅਤੇ ਬਿਨਾਂ ਕਿਸੇ ਰੁਕਾਵਟ ਦੇ ਵਿੱਤੀ ਸਹਾਇਤਾ ਮੁਹੱਈਆ ਕਰਵਾਉਣਾ ਮਾਨ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਇਸ ਉਦੇਸ਼ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ ਦੌਰਾਨ 495 ਕਰੋੜ ਰੁਪਏ ਦਾ ਬਜਟ ਉਪਬੰਧ ਪਹਿਲਾਂ ਹੀ ਕੀਤਾ ਗਿਆ ਹੈ, ਤਾਂ ਜੋ ਕਿਸੇ ਵੀ ਯੋਗ ਲਾਭਪਾਤਰੀ ਨੂੰ ਸਹਾਇਤਾ ਤੋਂ ਵੰਚਿਤ ਨਾ ਰਹਿਣਾ ਪਵੇ।

# ਸਮੁੱਚੀ ਲੋਕਾਈ ਚੜ੍ਹੇ ਸਾਲ ਨੂੰ ਪੂਰੇ ਸਬਰ, ਸੰਜਮ ਤੇ ਚੜ੍ਹਦੀਕਲਾ ਨਾਲ ਮਨਾਵੇ : ਬਾਬਾ ਬਲਬੀਰ ਸਿੰਘ

**ਅੰਮ੍ਰਿਤਸਰ: (ਜਸਬੀਰ ਸਿੰਘ ਪੱਟੀ)**- ਨਿਹੰਗ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਬੁੱਢਾ ਦਲ ਨੇ ਦੁਨਿਆਵੀ ਚਲੰਤ ਮਾਮਲਿਆਂ ਨਾਲ ਸਬੰਧਤ ਕੈਲੰਡਰ ਅਨੁਸਾਰ ਸਮੁੱਚੀ ਲੋਕਾਈ ਨੂੰ ਨਵੇਂ ਸਾਲ 2026 ਦੀ ਆਮਦ 'ਤੇ ਵਧਾਈ ਦਿੰਦਿਆਂ ਅਕਾਲ ਪੁਰਖ ਦੇ ਚਰਨਾਂ 'ਚ ਅਰਜੋਈ ਬੇਨਤੀ ਕੀਤੀ ਹੈ ਕਿ ਇਹ ਸਾਲ ਸਭ ਲਈ ਖੁਸ਼ਹਾਲੀ, ਤਰੱਕੀ, ਸੁੱਖ-ਸ਼ਾਂਤੀ ਤੇ ਚੜ੍ਹਦੀਕਲਾ ਵਾਲਾ ਹੋਵੇ।ਉਨ੍ਹਾਂ ਸਭਨਾਂ ਦੇ ਸੁਖੀ ਜੀਵਨ ਤੇ ਦੇਹ ਅਰੋਗਤਾ ਦੀ ਕਾਮਨਾ ਕੀਤੀ ਹੈ।ਉਨ੍ਹਾਂ ਸਮੁੱਚੀ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਪਿਛਲਾ ਸਾਲ ਕਿਹੋ ਜਿਹਾ ਵੀ ਬੀਤਿਆ ਹੋਵੇ, ਉਹ ਆਪਣੀਆਂ ਪੈੜਾਂ ਦੀ ਛਾਪ ਦਿਲਾਂ 'ਤੇ ਛੱਡ ਹੀ ਜਾਂਦਾ ਹੈ। ਅਸੀਂ ਆਪਣੀ ਸੋਚ ਅਨੁਸਾਰ ਜੀਵਨ ਦੀ ਤੋਰ ਨੂੰ ਸੁਖਾਵਾਂ ਬਣਾਉਣ ਦੀ ਕੋਸ਼ਿਸ਼ ਕਰਨੀ ਹੈ, ਨਾਲ ਹੀ ਰੂਪ-ਰੇਖਾ ਅਸੀਂ ਤਿਆਰ ਕਰਨੀ ਹੈ ਕਿ ਜੀਵਨ 'ਚ ਖੁਸ਼ਹਾਲੀ ਵਾਲੇ ਰੰਗ ਭਰੀਏ ਤਾਂ ਜੋ ਘਰ-ਸਮਾਜ ਨੂੰ ਵਧੀਆ ਬਣਾਉਣ 'ਚ ਸਹਾਈ ਹੋ ਸਕੀਏ।ਸਾਨੂੰ ਸਬਰ, ਸੰਜਮ ਤੇ ਜਿਗਰੇ ਦੀ ਮਿਸਾਲ ਬਣਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜੇ ਹਰ ਬੰਦਾ ਆਪਣਾ ਫ਼ਰਜ਼ ਸਮਝ ਕੇ ਪਹਿਲਾਂ ਪਰਿਵਾਰ ਨੂੰ ਤੇ ਫਿਰ ਆਲੇ-ਦੁਆਲੇ ਨੂੰ ਖੂਬਸੂਰਤ ਦਿੱਖ ਦੇਣ ਦੀ ਕੋਸ਼ਿਸ਼ ਕਰੇ ਤਾਂ ਯਕੀਨਨ ਇਹ ਸਾਡਾ ਜੀਵਨ ਸਵਰਗ ਬਣ ਜਾਵੇਗਾ।ਹਰ ਜੀਅ ਸੁਖੀ ਵੱਸੇ, ਹਰ ਘਰ-ਪਰਿਵਾਰ 'ਚ ਖੁਸ਼ੀਆਂ ਦਾ ਵਰਤਾਰਾ ਹੋਵੇ। ਉਨ੍ਹਾਂ ਕਿਹਾ ਕਿ ਕੇਵਲ ਨਵੇਂ ਸਾਲ ਦੇ ਸੁਨੇਹੇ ਭੇਜਣੇ ਹੀ ਕਾਫ਼ੀ ਨਹੀਂ, ਨਵੇਂ ਸਾਲ ਨੂੰ ਇਕ ਸੁਨਹਿਰੀ ਸਾਲ ਬਣਾਉਣ ਲਈ ਸਾਨੂੰ ਨਵੀਆਂ ਯੋਜਨਾਵਾਂ ਦਾ ਆਗ਼ਾਜ਼ ਕਰਨਾ ਚਾਹੀਦਾ ਹੈ ਅਤੇ ਆਪਣੇ ਮਨਾਂ ਨੂੰ ਪਿਆਰ ਦੇ ਸੋਮੇ ਨਾਲ ਭਰਨ ਦੀ ਲੋੜ ਹੈ।ਈਰਖਾ ਦੇ ਬੂਟੇ ਨੂੰ ਜੜ੍ਹੋਂ ਪੁੱਟ ਕੇ ਮੁਹੱਬਤ ਦੀਆਂ ਤੰਦਾਂ ਨੂੰ ਮਜ਼ਬੂਤ ਬਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਜਾਤੀਵਾਦ, ਨਸਲਵਾਦ, ਛੂਆ-ਛੂਤ, ਅਮੀਰੀ-ਗ਼ਰੀਬੀ ਤੇ ਨਫ਼ਰਤ ਦੀਆਂ ਕੰਧਾਂ ਡੇਗ ਕੇ ਇਕ ਉਤਮ ਸਮਾਜ ਸਿਰਜਣ ਦੀ ਸਖ਼ਤ ਲੋੜ ਹੈ।ਆਓ ਸਾਰੇ ਪਿਆਰ ਮੁਹੱਬਤ ਦੇ ਘਰ-ਘਰ ਸੁਨੇਹੇ ਘੱਲੀਏ।ਸਤਿਗੁਰੂ ਤੁਹਾਡੀ ਬਾਂਹ ਖ਼ੁਦ ਫੜੇਗਾ।ਤੁਸੀਂ ਸੁਖ਼ਨ ਰਾਹਾਂ ਦੇ ਵਾਰਸ ਬਣੋਗੇ ਤੇ ਇਕ ਚੰਗੇ ਸਿਹਤਮੰਦ ਸਮਾਜ ਦੀ ਸਿਰਜਣਾ ਕਰ ਸਕੋਗੇ।ਅਕਾਲ ਪੁਰਖ ਤੁਹਾਡੇ ਲਈ 2026 ਵਰ੍ਹੇ ਖੁਸ਼ੀਆਂ ਦੇ ਤੋਹਫ਼ੇ ਲੈ ਕੇ ਆਵੇ।

# ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਤੁਰੰਤ ਰਿਹਾਈ ਦੀ ਮੰਗ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਮੰਗਲਵਾਰ ਨੂੰ ਪੰਜਾਬ ਸਰਕਾਰ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਗ੍ਰਿਫ਼ਤਾਰੀ ਦੀ ਸਖ਼ਤ ਨਿੰਦਾ ਕਰਦੀ ਹੈ।ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਯੂਥ ਵਿੰਗ







ਦੇ ਸੂਬਾ ਆਗੂ ਮੇਜਰ ਸਿੰਘ ਕੋਟ ਟੋਡਰ ਮੱਲ ਨੇ ਆਖਿਆ ਕਿ ਮੁਕੇਸ਼ ਮਲੌਦ ਨੂੰ ਨਾਗਪੁਰ ਦੀ ਇੱਕ ਜਨ ਸਭਾ ਵਿਚ ਹਿੱਸਾ ਲੈਣ ਉਪਰੰਤ ਵਾਪਸ ਆਉਂਦੇ ਸਮੇਂ ਨਿਜ਼ਾਮੂਦੀਨ ਸਟੇਸ਼ਨ ਦਿੱਲੀ 'ਤੇ ਪੰਜਾਬ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ।ਮੁਕੇਸ਼ ਮਲੌਦ ਨੂੰ ਸੰਗਰੂਰ ਪੁਲਸ ਵੱਲੋਂ ਉਨ੍ਹਾਂ ਕੇਸਾਂ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ 2014 ਤੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਝੰਡੇ ਹੇਠ ਦਲਿਤਾਂ ਵੱਲੋਂ ਲੜੇ ਗਏ ਤਿੱਖੇ ਸੰਘਰਸ਼ਾਂ ਦੌਰਾਨ ਦਰਜ ਕੀਤੇ ਗਏ ਸਨ।ਇਹ ਸੰਘਰਸ਼ ਪੰਜਾਬ ਦੇ ਕਾਨੂੰਨ ਅਨੁਸਾਰ ਪੰਚਾਇਤੀ ਜ਼ਮੀਨ ਦੇ 1/3 ਹਿੱਸੇ 'ਤੇ ਦਲਿਤਾਂ ਦੇ ਕਾਨੂੰਨੀ ਹੱਕ ਨੂੰ ਯਕੀਨੀ ਬਣਾਉਣ ਲਈ ਲੜੇ ਗਏ ਸਨ।ਇਨ੍ਹਾਂ ਸੰਘਰਸ਼ਾਂ ਦੌਰਾਨ ਪੰਜਾਬ ਦੀਆਂ ਲਗਾਤਾਰ ਸਰਕਾਰਾਂ ਜ਼ਿਮੀਦਾਰਾਂ ਦੇ ਪੱਖ ਵਿੱਚ ਖੜ੍ਹੀਆਂ ਰਹੀਆਂ, ਜੋ ਨਾਟਕੀ ਹਾਜ਼ਰੀਆਂ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਇਸ ਜ਼ਮੀਨ 'ਤੇ ਕਬਜ਼ਾ ਕਰਦੇ ਰਹੇ।ਮਲੌਦ ਖ਼ਿਲਾਫ਼ ਦਰਜ ਕੇਸਾਂ ਵਿੱਚੋਂ ਇੱਕ 2014 ਦੇ ਬਾਲਦ ਕਲਾਂ ਪਿੰਡ ਦੇ ਸੰਘਰਸ਼ ਨਾਲ ਸੰਬੰਧਤ ਹੈ, ਜਿਸ ਵਿੱਚ ਦਲਿਤਾਂ ਵੱਲੋਂ ਆਪਣੇ ਕਾਨੂੰਨੀ ਹੱਕ ਲਾਗੂ ਕਰਨ ਲਈ ਕੀਤੇ ਜਾ ਰਹੇ ਯਤਨਾਂ ਨੂੰ ਕੁਚਲਨ ਲਈ ਜ਼ਿਮੀਂਦਾਰਾਂ, ਗੁੰਡਿਆਂ ਅਤੇ ਪੁਲਸ ਦੇ ਹਮਲੇ ਦੌਰਾਨ ਇੱਕ 80 ਸਾਲਾ ਔਰਤ ਸ਼ਹੀਦ ਹੋ ਗਈ ਸੀ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਮੌਜੂਦਾ ਪੰਜਾਬ ਸਰਕਾਰ ਦੀ ਦਲਿਤ ਵਿਰੋਧੀ ਅਤੇ ਪੇਂਡੂ ਮਜ਼ਦੂਰ-ਖੇਤ ਮਜ਼ਦੂਰ ਵਿਰੋਧੀ ਭੂਮਿਕਾ ਦੀ ਸਖ਼ਤ ਨਿੰਦਾ ਕਰਦੀ ਹੈ।ਜਥੇਬੰਦੀਆਂ ਦੇ ਆਗੂਆਂ ਨੇ ਸਾਥੀ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾਅ ਕਰਨ, ਪੰਜਾਬ ਪੁਲਸ ਦੀ ਸਪੈਸ਼ਲ ਸਕਿਉਰਿਟੀ ਬ੍ਰਾਂਚ ਦੇ ਕਰਮਚਾਰੀਆਂ ਖ਼ਿਲਾਫ਼ ਅਗਵਾ ਅਤੇ ਗੈਰ-ਕਾਨੂੰਨੀ ਗ੍ਰਿਫ਼ਤਾਰੀ ਦੇ ਕੇਸ ਦਰਜ ਕਰਨ, ਸਾਰੇ ਝੂਠੇ ਕੇਸ ਤੁਰੰਤ ਰੱਦ ਕਰਨ, ਪੰਚਾਇਤੀ ਜ਼ਮੀਨ ਦੇ 1/3 ਹਿੱਸੇ ਨੂੰ ਦਲਿਤਾਂ ਨੂੰ ਵਾਹੀ ਲਈ ਦੇਣ, ਲੈਂਡ ਸੀਲਿੰਗ ਐਕਟ ਲਾਗੂ ਕਰਕੇ ਸਾਢੇ ਸਤਾਰਾਂ ਏਕੜ ਤੋਂ ਵਾਧੂ ਜ਼ਮੀਨ ਜ਼ਬਤ ਕਰਕੇ ਦਲਿਤਾਂ ਅਤੇ ਬੇਜ਼ਮੀਨੇ ਕਿਸਾਨਾਂ ਵਿਚ ਵੰਡਣ ਦੀ ਮੰਗ ਕੀਤੀ ਹੈ।ਉਨ੍ਹਾਂ ਸਮੂਹ ਕਿਸਾਨਾਂ, ਮਜ਼ਦੂਰਾਂ, ਵਿਦਿਆਰਥੀ ਅਤੇ ਮੁਲਾਜ਼ਮਾਂ ਨੂੰ ਸਾਥੀ ਮੁਕੇਸ਼ ਮਲੌਦ ਦੀ ਗੈਰ-ਕਾਨੂੰਨੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਅਤੇ ਉਨ੍ਹਾਂ ਦੀ ਰਿਹਾਈ ਲਈ ਕੀਤੇ ਜਾਣ ਵਾਲੇ ਪ੍ਰਦਰਸ਼ਨਾਂ ਵਿੱਚ ਸਰਗਰਮੀ ਨਾਲ ਸ਼ਾਮਿਲ ਹੋਣ ਦੇ ਅਪੀਲ ਕੀਤੀ ਹੈ।

# ਬਠਿੰਡਾ ਧਰਨੇ ਦੀ ਸਫ਼ਲਤਾ ਲਈ ਪਿੰਡ ਕੋਟੜਾ ਕੌੜਾ 'ਚ ਹੋਈ ਮਜ਼ਦੂਰਾਂ ਦੀ ਮੀਟਿੰਗ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਪਿੰਡ ਕੋਟੜਾ ਕੌੜਾ 'ਚ ਮਜ਼ਦੂਰਾਂ ਦੀ ਮੀਟਿੰਗ ਕਰਕੇ 7 ਜਨਵਰੀ ਨੂੰ ਬਠਿੰਡਾ ਵਿਖੇ ਲਾਏ ਜਾ ਰਹੇ ਧਰਨੇ ਵਿੱਚ ਮਜ਼ਦੂਰਾਂ ਦੀ ਸ਼ਮੂਲੀਅਤ ਕਰਾਉਣ ਲਈ ਮੀਟਿੰਗ ਕੀਤੀ ਗਈ, ਜਿਸ ਨੂੰ ਸੰਬੋਧਨ ਕਰਦੇ ਹੋਏ ਜਥੇਬੰਦੀ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਮਨਰੇਗਾ ਨੂੰ ਖਤਮ ਕਰਕੇ 'ਵੀ.ਬੀ-ਜੀ.ਰਾਮ.ਜੀ' ਲਿਆਉਣ ਰਾਹੀਂ ਕੇਂਦਰੀ ਬੱਜਟ 'ਚੋਂ ਪੈਣ ਵਾਲਾ



90 ਫੀਸਦੀ ਹਿੱਸਾ ਘਟਾ ਕੇ 60 ਫ਼ੀਸਦੀ ਕਰਨ ਵਰਗੇ ਮਜ਼ਦੂਰ ਵਿਰੋਧੀ ਕਦਮਾਂ ਰਾਹੀਂ ਮਜ਼ਦੂਰਾਂ ਦਾ ਰੁਜ਼ਗਾਰ ਖੋਹ ਕੇ ਮਜ਼ਦੂਰਾਂ ਦੇ ਚੁੱਲ੍ਹਿਆਂ ਨੂੰ ਠੰਡਾ ਕਰ ਰਹੀ ਹੈ।ਉਨ੍ਹਾਂ ਆਖਿਆ ਕਿ ਹਰੀ ਕ੍ਰਾਂਤੀ ਤੇ ਨਿੱਜੀਕਰਨ ਦੀਆਂ ਨੀਤੀਆਂ ਕਾਰਨ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਖੇਤ ਮਜ਼ਦੂਰਾਂ ਨੂੰ ਬਦਲਵੇਂ ਤੇ ਪੱਕੇ ਰੁਜ਼ਗਾਰ ਦੀ ਗਰੰਟੀ ਕਰਨ ਲਈ ਲੋੜ ਤਾਂ ਮਨਰੇਗਾ 'ਚ ਹੁੰਦੀ ਸਿਆਸੀ ਦਖਲਅੰਦਾਜ਼ੀ ਤੇ ਭ੍ਰਿਸ਼ਟਾਚਾਰ ਨੂੰ ਰੋਕਣ, ਬਜਟ ਵਧਾਉਣ ਤੇ ਮਨਰੇਗਾ ਨੂੰ ਪੈਦਾਵਾਰੀ ਕੰਮਾਂ ਨਾਲ ਜੋੜ ਕੇ ਕੰਮਾਂ ਦਾ ਘੇਰਾ ਤੇ ਦਿਨ ਵਧਾਉਣ ਤੋਂ ਇਲਾਵਾ ਦਿਹਾੜੀ ਦੇ ਰੇਟਾਂ 'ਚ ਵਾਧਾ ਕਰਨ ਵਰਗੇ ਕਦਮ ਚੁੱਕਣ ਦੀ ਸੀ, ਪਰ ਕੇਂਦਰ ਸਰਕਾਰ ਉਲਟੀ ਗੰਗਾ ਵਹਾ ਰਹੀ ਹੈ।ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਮਜ਼ਦੂਰ ਵਰਗ ਨੂੰ ਸਰਮਾਏਦਾਰਾਂ ਤੇ ਕਾਰਪੋਰੇਟ ਘਰਾਣਿਆਂ ਦੀ ਅੰਨ੍ਹੀ ਲੁੱਟ ਸ਼ਿਕਾਰ ਬਨਾਉਣ ਲਈ ਕਿਰਤ ਕਾਨੂੰਨਾਂ 'ਚ ਮਜ਼ਦੂਰ ਵਿਰੋਧੀ ਸੋਧਾਂ ਕੀਤੀਆਂ ਗਈਆਂ ਅਤੇ ਹੁਣ ਮਨਰੇਗਾ ਨੂੰ ਖਤਮ ਕਰਕੇ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਵਰਗੀਆਂ ਸਾਮਰਾਜੀ ਸੰਸਥਾਵਾਂ ਦੁਆਰਾ ਲੋਕ ਭਲਾਈ ਯੋਜਨਾਵਾਂ 'ਤੇ ਖ਼ਰਚੇ ਜਾਂਦੇ ਬਜਟਾਂ ਨੂੰ ਛਾਂਗਣ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਇੱਕ ਪਾਸੇ ਭਗਵੰਤ ਮਾਨ ਦੀ ਸਰਕਾਰ ਪੰਜਾਬ ਵਿਧਾਨ ਸਭਾ 'ਚ ਜੀ ਰਾਮ ਜੀ ਕਾਨੂੰਨ ਨੂੰ ਰੱਦ ਕਰਨ ਦਾ ਮਤਾ ਪਾਸ ਕਰਦੀ ਹੈ, ਪਰ ਦੂਜੇ ਪਾਸੇ ਮੋਦੀ ਦੇ ਬਣਾਏ ਹੋਏ ਮਜ਼ਦੂਰ ਵਿਰੋਧੀ ਕਿਰਤ ਕੋਡਾਂ ਨੂੰ ਲਾਗੂ ਕਰਕੇ ਸਰਮਾਏਦਾਰਾਂ ਨੂੰ ਮਜ਼ਦੂਰਾਂ ਦੀ ਲੁੱਟ ਕਰਨ ਦੀਆਂ ਖੁੱਲ੍ਹਾਂ ਦਿੱਤੀਆਂ ਜਾ ਰਹੀਆਂ ਹਨ। ਮਜ਼ਦੂਰ ਆਗੂ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕਰਕੇ ਮਾਨ ਸਰਕਾਰ ਨੇ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਵੀ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰਨ ਰਾਹੀਂ ਜਨਤਕ ਖੇਤਰ ਦੀਆਂ ਜਾਇਦਾਦਾਂ ਵੇਚਣ ਤੇ ਪੱਕੇ ਰੁਜ਼ਗਾਰ ਦੀ ਥਾਂ ਠੇਕਾ ਭਰਤੀ ਦੀ ਨੀਤੀ ਲਾਗੂ ਕਰ ਰਹੀ ਹੈ। ਮਜ਼ਦੂਰਾਂ ਨੇ ਮੀਟਿੰਗ ਵਿੱਚ 7 ਜਨਵਰੀ ਨੂੰ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਦਿੱਤੇ ਜਾ ਰਹੇ ਧਰਨੇ ਵਿੱਚ ਪਰਵਾਰਾਂ ਸਮੇਤ ਜਾਣ ਦਾ ਐਲਾਨ ਕੀਤਾ।

# ਬੀਕੇਯੂ ਏਕਤਾ ਸੰਘਰਸ਼ ਨੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਕੀਤਾ ਰੋਸ ਪ੍ਰਦਰਸ਼ਨ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਵੱਲੋਂ ਪਿੰਡ ਘੋਨੇਵਾਲ ਤੋਂ ਲੈ ਕੇ ਮਾਰਚ ਕੀਤਾ ਗਿਆ।ਇਸ ਮਾਰਚ ਦੀ ਮੁੱਖ ਮੰਗ ਇਹ ਸੀ ਕਿ ਹੜ੍ਹਾਂ ਕਾਰਨ 100% ਫਸਲ ਦਾ ਨੁਕਸਾਨ ਹੋਇਆ ਸੀ, ਪਰ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ।ਖੇਤਾਂ, ਘਰਾਂ ਅਤੇ ਪਸ਼ੂਆਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਵੀ ਸਰਕਾਰ ਵੱਲੋਂ ਅਜੇ ਤੱਕ ਨਹੀਂ ਦਿੱਤਾ ਗਿਆ।ਇਸੇ ਕਾਰਨ ਭਾਰਤੀ ਕਿਸਾਨ ਯੂਨੀਅਨ ਏਕਤਾ ਸੰਘਰਸ਼ ਵੱਲੋਂ ਸਾਰੇ ਜ਼ਿਲ੍ਹਾ ਪ੍ਰਸ਼ਾਸਨ ਖ਼ਿਲਾਫ਼ ਕੱਪੜੇ ਲਾਹ ਕੇ ਸਿਖਰਾਂ ਦੀ ਠੰਡ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਸਰਕਾਰ ਨੂੰ ਆਪਣਾ ਗੁੱਸਾ ਦਿਖਾਇਆ ਗਿਆ।ਸਰਕਾਰ ਇਸ਼ਤਿਹਾਰਾਂ ਵਿੱਚ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਪਰ ਇਹ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ।ਸਰਕਾਰ ਵੱਲੋਂ ਕੀਤਾ ਜਾ ਰਿਹਾ ਦਾਅਵਾ ਕਿ 100% ਮੁਆਵਜ਼ਾ ਵੰਡਿਆ ਜਾ ਚੁੱਕਾ ਹੈ, ਇਸ ਬਿਆਨ 'ਤੇ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੀ ਹੈ।ਸੂਬਾ ਪ੍ਰਧਾਨ ਪਲਵਿੰਦਰ ਸਿੰਘ ਮਹਲ ਨੇ ਕਿਹਾ ਕਿ ਸਰਕਾਰ ਦੀਆਂ ਮਾਰੂ ਨੀਤੀਆਂ ਕਾਰਨ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ ਤਾਂ ਜੋ ਕਿਸਾਨਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕੀਤਾ ਜਾਵੇ। ਇਸ ਮੌਕੇ ਸੂਬਾ ਆਗੂ ਪਰਮਜੀਤ ਸਿੰਘ ਰਾਣਾ, ਜ਼ਿਲ੍ਹਾ ਆਗੂ ਜਸਵਿੰਦਰ ਸਿੰਘ ਸ਼ਾਹਪੁਰ, ਜ਼ਿਲ੍ਹਾ ਆਗੂ ਬੁੱਟਾ ਮਹਲ, ਜ਼ਿਲ੍ਹਾ ਆਗੂ ਸਤਨਾਮ ਸਿੰਘ ਕੋਟਲਾ, ਜਨਰਲ ਸਕੱਤਰ ਜਗਤਾਰ ਸਿੰਘ ਝੰਜੋਟੀ, ਬਲਾਕ ਪ੍ਰਧਾਨ ਗੁਰਜੰਟ ਸਿੰਘ ਸੰਤਨਮਲ, ਗੁਰਵਿੰਦਰ ਸਿੰਘ, ਬਲਾਕ ਪ੍ਰਧਾਨ ਰਾਮਦਾਸ, ਮੇਜਰ ਸਿੰਘ, ਜਸਪਾਲ ਸਿੰਘ ਝੰਜੋਟੀ, ਪਾਲ ਸਿੰਘ, ਸਰੋਜ ਸਿੰਘ, ਮੇਜਰ ਸਿੰਘ ਅਤੇ ਬੱਟੂ ਸਿੰਘ ਆਦਿ ਹਾਜ਼ਰ ਰਹੇ।



# ਨਵਾਂ ਪ੍ਰਮਾਣੂ ਕਾਨੂੰਨ ਰਾਸ਼ਟਰੀ ਹਿਤਾਂ ਦੇ ਵਿਰੁੱਧ



**ਲੁਧਿਆਣਾ (ਐਮ ਐਸ ਭਾਟੀਆ)** ਨਵਾਂ ਪਰਮਾਣੂ ਕਾਨੂੰਨ ਰਾਸ਼ਟਰੀ ਹਿਤਾਂ ਨਾਲ ਸਮਝੌਤਾ ਹੈ। ਇਹ ਸਹਿਮਤੀ ਨਵੇਂ ਪ੍ਰਮਾਣੂ ਬਿੱਲ ਬਾਰੇ ਇੱਕ ਝਲਕ ਵਿਸ਼ੇ 'ਤੇ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵਲਪਮੈਂਟ (ਆਈ ਡੀ ਪੀ ਡੀ) ਵੱਲੋਂ ਆਯੋਜਿਤ ਬ੍ਰੇਨ-ਸਟਾਰਮਿੰਗ ਸੈਸ਼ਨ ਦੌਰਾਨ ਬਣੀ। ਆਪਣੇ ਪ੍ਰਸਤੁਤੀਕਰਨ ਵਿੱਚ ਡਾ. ਅਰੁਣ ਮਿੱਤਰਾ ਪ੍ਰਧਾਨ ਆਈ ਡੀ ਪੀ ਡੀ ਨੇ ਚੇਤਾਵਨੀ ਦਿੱਤੀ ਕਿ ਇਹ ਬਿੱਲ ਪਰਮਾਣੂ ਪਲਾਂਟਾਂ ਲਈ ਮਾਲ ਭੇਜਣ ਵਾਲੇ ਸਪਲਾਇਰ ਨੂੰ ਜ਼ਿੰਮੇਵਾਰੀ ਤੋਂ ਮੁਕਤ ਕਰਦਾ ਹੈ। ਇਸ ਮੁਤਾਬਕ ਪਰਮਾਣੂ ਕੇਂਦਰ ਵਿੱਚ ਕਿਸੇ ਦੁਰਘਟਨਾ ਦੀ ਸਥਿਤੀ ਵਿੱਚ, ਭਾਵੇਂ ਉਹ ਦੁਰਘਟਨਾ ਸਪਲਾਇਰ ਵੱਲੋਂ ਭੇਜੇ ਗਏ ਸਮਾਨ ਦੇ ਵਿੱਚ ਗੜਬੜੀ ਹੋਣ ਦੇ ਕਾਰਨ ਵੀ ਹੋਏ, ਤਾਂ ਵੀ ਸਾਰੀ ਭਰਪਾਈ ਭਾਰਤ ਸਰਕਾਰ, ਮਤਲਬ ਭਾਰਤ ਦੇ ਲੋਕਾਂ ਨੂੰ ਕਰਨੀ ਪਏਗੀ ਤੇ ਸਪਲਾਇਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਏਗੀ।ਇਹ ਬਿੱਲ ਨਿਜੀ ਖੇਤਰ, ਜਿਹੜਾ ਮੁੱਖ ਤੌਰ 'ਤੇ ਲਾਭ ਪ੍ਰੇਰਿਤ ਹੁੰਦਾ ਹੈ ਨੂੰ ਪਰਮਾਣੂ ਕਾਰੋਬਾਰ ਵਿੱਚ ਬਿਨਾਂ ਕਿਸੇ ਸ਼ਰਤ ਦੇ ਦਾਖਲ ਹੋਣ ਦੀ ਇਜਾਜ਼ਤ ਦਿੰਦਾ ਹੈ। ਇਸ ਨਾਲ ਸੁਰੱਖਿਆ ਅਤੇ ਸੇਫਟੀ ਦੇ ਖਤਰਿਆਂ ਦੀ ਸੰਭਾਵਨਾ ਕਾਫ਼ੀ ਵੱਧ ਜਾਏਗੀ। ਚਰਚਾ ਵਿੱਚ ਭਾਗ ਲੈਣ ਵਾਲਿਆਂ ਵਿੱਚ ਸ਼ਾਮਿਲ ਸਨ ਪ੍ਰੋਫੈਸਰ ਜਗਮੋਹਨ ਸਿੰਘ, ਡਾਕਟਰ ਪਰਮ ਸੈਣੀ, ਡਾਕਟਰ ਪ੍ਰਗਿਆ ਸ਼ਰਮਾ, ਡਾਕਟਰ ਰਜਤ ਗਰੋਵਰ, ਡਾਕਟਰ ਗੁਰਪ੍ਰੀਤ ਰਤਨ, ਚਮਕੌਰ ਸਿੰਘ, ਐਮ ਐਸ ਭਾਟੀਆ, ਕੇਵਲ ਸਿੰਘ ਬਨਵੈਤ, ਪਰਵੀਨ ਕੁਮਾਰ, ਅਜੀਤ ਸਿੰਘ ਜਵੱਦੀ, ਡਾਕਟਰ ਤੇਜਿੰਦਰ ਸਿੰਘ, ਡਾਕਟਰ ਗੁਰਵੀਰ, ਡਾਕਟਰ ਗੁਰਵਿੰਦਰ ਸਿੰਘ, ਡਾਕਟਰ ਸੂਰਜ ਢਿੱਲੋਂ, ਡਾ: ਅੰਕੁਸ਼, ਡੀ.ਪੀ. ਮੌੜ, ਨਰੇਸ਼ ਗੌੜ, ਰਾਮਾਧਰ ਸਿੰਘ, ਅਨੋਦ ਕੁਮਾਰ, ਸੰਜੀਤ ਤੇ ਸਵਰੂਪ ਸਿੰਘ।

# ਬਾਬਾ ਮੋਤੀ ਰਾਮ ਮਹਿਰਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਇਆ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਪਿੰਡ ਫੱਜੂਪੁਰ ਗੁਰਦੁਆਰਾ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਪਿੰਡ ਫੱਜੂਪੁਰ (ਧਾਰੀਵਾਲ) ਤੋਂ ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਸੁੰਦਰ ਪਾਲਕੀ ਵਿੱਚ ਸ਼ੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਤੋਂ ਆਰੰਭ ਹੋ ਕੇ ਪਿੰਡ ਲੇਹਲ, ਪਿੰਡ ਫਤਿਹਨੰਗਲ, ਪਿੰਡ ਅਹਿਮਦਾਬਾਦ, ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਤੋਂ ਮੁੜ ਵਾਪਿਸ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਦੇਰ ਸ਼ਾਮ ਅੰਰਭਿਕ ਸਥਾਨ 'ਤੇ ਅਰਦਾਸ ਕਰਨ ਉਪਰੰਤ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਕਵੀਸਰ ਜਥਾ ਭਾਈ ਪ੍ਰੀਤਮ ਸਿੰਘ ਲਾਲਪੁਰਾ ਨੇ ਸ਼ਾਨਾਮੱਤੇ ਸਿੱਖ ਇਤਿਹਾਸ ਅਤੇ ਸ਼ਹੀਦਾਂ ਦੇ ਜੀਵਨ ਬਾਰੇ ਚਾਨਣਾ ਪਾਇਆ। ਗਤਕਾ ਜਥਾ ਗੁਰਮਿਤ ਪ੍ਰਚਾਰ ਲਹਿਰ ਧਾਰੀਵਾਲ ਦੇ ਜਥੇਦਾਰ ਪ੍ਰਦੀਪ ਸਿੰਘ ਸੇਵਕ ਸਮੇਤ ਗੱਤਕਾ ਖਿਡਾਰੀਆਂ ਨੇ ਪੜ੍ਹਾਅਵਾਰ ਗਤਕੇ ਦੇ ਜ਼ੌਹਰ ਵਿਖਾਏ। ਨਗਰ ਕੀਰਤਨ ਦਾ ਵੱਖ-ਵੱਖ ਥਾਵਾਂ 'ਤੇ ਸ਼ਰਧਾਲੂਆਂ ਵਲੋਂ ਸਵਾਗਤ ਕੀਤਾ ਅਤੇ ਸੰਗਤ ਨਹੀ ਲੰਗਰ ਲਗਾਏ। ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਪਹੁੰਚਣ 'ਤੇ ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰਿਆਂ ਅਤੇ ਪ੍ਰਬੰਧਕ ਸੇਵਾਦਾਰਾਂ ਨੂੰ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ ਅਤੇ ਹੈੱਡ ਗ੍ਰੰਥੀ ਬਾਬਾ ਜਸਵਿੰਦਰ ਸਿੰਘ ਕਲੇਰ ਦੁਆਰਾ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਨਗਰ ਕੀਰਤਨ ਵਿੱਚ ਐਡਵੋਕੇਟ ਇੰਦਰਜੀਤ ਸਿੰਘ ਬਾਜਵਾ, ਨਰਿੰਦਜੀਤ ਸਿੰਘ ਲੇਹਲ, ਡਾ. ਬਿਕਰਮਜੀਤ ਸਿੰਘ, ਅਵਤਾਰ ਸਿੰਘ, ਜਸਵਿੰਦਰ ਸਿੰਘ, ਬਾਬਾ ਗੁਰਦੇਵ ਸਿੰਘ,ਅਨੂਪ ਸਿੰਘ, ਹਰਜੀਤ ਸਿੰਘ ਬਾਜਵਾ, ਤਲਵਿੰਦਰ ਪਾਲ ਹੈਪੀ, ਸਵਰਨਜੀਤ ਸਿੰਘ ਕਲੇਰ, ਗੁਰਦਿਆਲ ਸਿੰਘ, ਪ੍ਰਸ਼ੋਤਮ ਸਿੰਘ ਫੌਜੀ ਆਦਿ ਸਮੇਤ ਇਲਾਕੇ ਦੀਆਂ ਸੰਗਤਾਂ ਸ਼ਾਮਲ ਸਨ।



# ਐਡਵੋਕੇਟ ਸੇਖਵਾਂ ਨੇ ਨਵੇਂ ਸਾਲ-2026 ਦੀ ਲੋਕਾਂ ਨੂੰ ਦਿੱਤੀ ਵਧਾਈ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਨਵੇਂ ਸਾਲ 2026 ਦੀ ਵਧਾਈ ਦਿੰਦਿਆਂ ਲੋਕਾਂ ਦੀ ਤੰਦਰੁਸਤੀ ਤੇ ਖੁਸ਼ਹਾਲੀ ਦੀ ਅਰਦਾਸ ਕੀਤੀ ਹੈ। ਉਨ੍ਹਾਂ ਕਿਹਾ ਕਿ ਨਵੇਂ ਸਾਲ 2026 ਵਿੱਚ ਵੀ ਹਲਕਾ ਕਾਦੀਆਂ ਵਿਖੇ ਸਰਬਪੱਖੀ ਵਿਕਾਸ ਕਾਰਜ ਲਗਾਤਾਰ ਕਰਵਾਏ ਜਾਣਗੇ।ਉਨ੍ਹਾਂ ਨੇ ਅੱਗੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਹਲਕੇ ਅੰਦਰ ਬਿਨਾਂ ਪੱਖਪਾਤ ਦੇ ਵਿਕਾਸ ਕਾਰਜ ਕਰਵਾਏ ਜਾਣ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾਣ।ਉਨ੍ਹਾਂ ਅੱਗੇ ਕਿਹਾ ਕਿ ਜਿਸ ਤਰ੍ਹਾਂ ਹਲਕੇ ਅੰਦਰ ਪਿਛਲੇ ਕਰੀਬ ਚਾਰ ਸਾਲਾਂ ਵਿੱਚ ਵਿਕਾਸ ਕੰਮ ਕਰਵਾਏ ਗਏ ਹਨ, ਉਸੇ ਤਰ੍ਹਾਂ ਸਾਲ 2026 ਵਿੱਚ ਵੀ ਲੋਕ ਹਿੱਤ ਵਿੱਚ ਚਹੁਪੱਖੀ ਵਿਕਾਸ ਕੰਮ ਕਰਵਾਏ ਜਾਣਗੇ ਅਤੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲਾ ਪੱਧਰ ਤੱਕ ਲੋਕਾਂ ਨੂੰ ਪੁਜਦਾ ਕੀਤਾ ਜਾਵੇਗਾ।



# 18 ਨੂੰ ਮਜੀਠਾ 'ਚ ਹੋਣ ਵਾਲੀ ਰੈਲੀ ਇਤਿਹਾਸਕ ਹੋਵੇਗੀ : ਬਾਠ ਮੱਤੇਵਾਲ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ 18 ਜਨਵਰੀ ਨੂੰ ਹੋ ਰਹੀ ਰੈਲੀ ਇਤਿਹਾਸਕ ਹੋਵੇਗੀ ਜਿਸ ਸਬੰਧੀ ਹਲਕਾ ਮਜੀਠਾ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਹੈ। ਇਹ ਪ੍ਰਗਟਾਵਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬੀਬੀ ਬਲਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਪਰਮਜੀਤ ਸਿੰਘ ਬਾਠ ਮੱਤੇਵਾਲ ਨੇ ਇਲਾਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਆਗੂਆਂ ਨੇ ਕਿਹਾ ਕਿ ਮਜੀਠਾ ਹਲਕੇ 'ਚ ਹੋ ਰਹੀ ਇਸ ਰੈਲੀ ਵਿੱਚ ਠਾਠਾਂ ਮਾਰਦਾ ਇਕੱਠ ਇਹ ਦੱਸ ਦੇਵੇਗਾ ਕਿ ਲੋਕ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਟਾਨ ਵਾਂਗ ਖੜੇ ਹਨ ਅਤੇ ਇਸ ਰੈਲੀ ਨੂੰ ਸਫਲ ਬਣਾਉਣ ਲਈ ਤਲਬੀਰ ਸਿੰਘ ਗਿੱਲ ਵਲੋਂ ਹਲਕੇ ਨੂੰ ਜ਼ੋਨਾਂ 'ਚ ਵੰਡ ਕੇ ਪਿੰਡ ਪੱਧਰ 'ਤੇ ਆਪ ਦੇ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।ਉਕਤ ਆਗੂਆਂ ਨੇ ਕਿਹਾ ਕਿ ਇਹ ਰੈਲੀ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿਚ ਆਪ ਦੇ ਉਮੀਦਵਾਰਾਂ ਦੀ ਵੱਡੀ ਜਿੱਤ ਦਾ ਧੰਨਵਾਦ ਕਰਨ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਮੇਤ ਪਾਰਟੀ ਦੇ ਹੋਰ ਸੀਨੀਅਰ ਆਗੂ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਹਰਪਾਲ ਸਿੰਘ ਮੱਤੇਵਾਲ, ਡਾਕਟਰ ਬਲਵਿੰਦਰ ਸਿੰਘ, ਸੁਲੱਖਣ ਸਿੰਘ ਮੱਤੇਵਾਲ, ਤਰਸੇਮ ਸਿੰਘ ਗਾਰਡ, ਗੁਰਸੇਵਕ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ, ਹਰਦੇਵ ਸਿੰਘ, ਫੁੰਮਣ ਸਿੰਘ ਸਾਰੇ ਹੀ ਮੈਂਬਰ ਪੰਚਾਇਤ ਮੱਤੇਵਾਲ, ਰਾਣਾ ਜਿਊਲਰਜ਼, ਦਵਿੰਦਰ ਸਿੰਘ ਟੇਲਰ ਮੱਤੇਵਾਲ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਸਰਪੰਚ ਪ੍ਰੇਮ ਸਿੰਘ ਤਰਫਾਨ, ਬਲਕਾਰ ਸਿੰਘ, ਸਤਨਾਮ ਸਿੰਘ ਮੱਤੇਵਾਲ ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।



# ਪਿੰਡ-ਪਿੰਡ ਨਸ਼ਿਆਂ ਵਿਰੁੱਧ ਕਰਵਾਏ ਜਾਗਰੂਕਤਾ ਪ੍ਰੋਗਰਾਮ

## 6 ਤੱਕ ਚੱਲੇਗੀ ਨਸ਼ਿਆਂ ਖਿਲਾਫ਼ ਜਾਗਰੂਕਤਾ ਮੁਹਿੰਮ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਸ੍ਰੀ ਦਿਲਬਾਗ ਸਿੰਘ ਜੌਹਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ- ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾ ਅਤੇ





ਹਰਪ੍ਰੀਤ ਸਿੰਘ, ਸੀਜੇਐੱਮ-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਮੁਹਿੰਮ ਨਸ਼ਿਆਂ ਖਿਲਾਫ਼ ਨੌਜਵਾਨ ਤਹਿਤ ਗੁਰਦਾਸਪੁਰ ਦੇ ਵੱਖ-ਵੱਖ ਸਕੂਲਾਂ, ਪਿੰਡਾਂ, ਡੀ-ਅਡਿਕਸ਼ਨ ਸੈਂਟਰ ਅਤੇ ਓਟ ਸੈਂਟਰਾਂ ਆਦਿ ਵਿੱਚ ਪੈਨਲ ਐਡਵੋਕੇਟ ਅਤੇ ਪੀਐੱਲਵੀ ਦੀਆਂ 22 ਟੀਮਾਂ ਵੱਲੋਂ ਵੱਖ-ਵੱਖ ਜਾਗਰੂਕਤਾ ਪ੍ਰੋਗਰਾਮ ਕਰਵਾਏ ਜਾ ਰਹੇ ਹਨ।ਸ਼੍ਰੀ ਹਰਪ੍ਰੀਤ ਸਿੰਘ ਸੀਜੇਐੱਮ-ਸਹਿਤ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਿਆਂ ਖਿਲਾਫ਼ ਜਾਗਰੂਕਤਾ ਮੁਹਿੰਮ 6 ਜਨਵਰੀ ਤੱਕ ਚੱਲੇਗੀ।ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹਾ ਕਾਨੂੰਨੀ ਅਥਾਰਟੀ ਗੁਰਦਾਸਪੁਰ ਵੱਲੋਂ 31 ਦਸੰਬਰ ਤੱਕ 174 ਸਕੂਲਾਂ ਵਿੱਚ ਡਿਬੇਟ/ਡੈਕਲਾਮੇਸ਼ਨ, ਪੇਂਟਿੰਗ ਕੰਪੀਟੀਸ਼ਨ ਅਤੇ ਜਾਗਰੂਕਤਾ ਪ੍ਰੋਗਰਾਮ ਕਰਵਾਏ ਗਏ।ਇਸ ਤੋਂ ਇਲਾਵਾ 167 ਪਿੰਡਾਂ, 5 ਡੀ-ਅਡਿਕਸ਼ਨ ਸੈਂਟਰ ਅਤੇ 8 ਓਟ ਸੈਂਟਰਾਂ ਵਿੱਚ ਜਾਗਰੂਕਤਾ ਪ੍ਰੋਗਰਾਮ, ਇੱਕ ਰੈਲੀ, ਇੱਕ ਨੁੱਕੜ ਨਾਟਕ, 13 ਵਾਕਥਾਨ/ਰੈਲੀ ਅਤੇ ਇੱਕ ਬਲੱਡ ਡੋਨੇਸ਼ਨ ਕੈਂਪ ਲਗਾਇਆ ਗਿਆ।ਉਨ੍ਹਾਂ ਦੱਸਿਆ ਕਿ ਪ੍ਰੋਗਰਾਮਾਂ ਵਿੱਚ ਲਗਭਗ 22691 ਬੱਚਿਆਂ/ਆਮ ਪਬਲਿਕ ਵੱਲੋਂ ਹਿੱਸਾ ਲਿਆ ਗਿਆ।

# 'ਸਕਿੱਲਜ਼ ਫਾਰ ਸਕਸੈੱਸ' ਵਿਸ਼ੇ ਉੱਤੇ ਕਰਵਾਇਆ ਸੈਮੀਨਾਰ



**ਮਜੀਠਾ (ਸੋਇਮ ਆਨੰਦ)** -ਆਨੰਦ ਕਾਲਜ ਆਫ਼ ਨਰਸਿੰਗ ਜੇਠੂਵਾਲ ਵਿੱਚ ਵਿਦਿਆਰਥੀਆਂ ਨੂੰ ਆਰਥਿਕ ਅਤੇ ਪੇਸ਼ਾਵਰ ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਇੱਕ ਵਿਸ਼ੇਸ਼ ਸੈਮੀਨਾਰ 'ਸਕਿਲਜ਼ ਫਾਰ ਸਕਸੈਸ' ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਐੱਮ. ਐੱਮ. ਆਨੰਦ ਵਾਇਸ ਚੇਅਰਮੈਨ ਡਾ. ਜਸਵਿੰਦਰ ਸਿੰਘ ਢਿੱਲੋਂ, ਮੈਨੇਜਿੰਗ ਡਾਇਰੈਕਟਰ ਸੂਰਿਆ ਪ੍ਰਕਾਸ਼ ਆਨੰਦ, ਪ੍ਰਿੰ. ਰਚਨਾ ਕੁਮਾਰੀ, ਵਾਇਸ ਪ੍ਰਿੰ. ਰਮਨਜੀਤ ਕੌਰ ਸੋਹਲ ਅਤੇ ਨਰਸਿੰਗ ਐਡਵਾਈਜ਼ਰ ਊਸ਼ਾ ਸਰੀਨ ਮੌਜੂਦ ਸਨ।ਸੈਮੀਨਾਰ ਦੀ ਸ਼ੁਰੂਆਤ ਮਹਿਮਾਨਾਂ ਦੇ ਸਨਮਾਨ ਅਤੇ ਗਰਮਜੋਸ਼ੀ ਨਾਲ ਹੋਇਆ।ਸੈਮੀਨਾਰ ਵਿੱਚ ਮਹਿਮਾਨ ਡਾ. ਜਸਵਿੰਦਰ ਸਿੰਘ ਢਿੱਲੋਂ, ਡਾ. ਜਸਵਿੰਦਰ ਕੌਰ ਸੋਹਲ, ਪ੍ਰੋਫੈਸਰ ਕਾਰਲੋਸ ਕਾਰਨੀਵੇਲ ਕਰੈਚਲੀ, ਪ੍ਰੋਫੈਸਰ ਮਰ ਬੰਜੋਰਨ ਡਾਲਮਾਊ, ਜੋਸੇਪ ਕੋਸਟਾ ਕੋਡੀਨਾ, ਪ੍ਰੋਫੈਸਰ ਹਰਸੀਰਤ ਕੌਰ ਸੋਹਲ, ਬ੍ਰਿਗੇਡੀਅਰ ਹਰਚਰਨ ਸਿੰਘ ਸ਼ਾਮਲ ਸਨ। ਵਿਦਿਆਰਥੀਆਂ ਲਈ ਇਹ ਸੈਮੀਨਾਰ ਸਿਖਲਾਈ ਅਤੇ ਪ੍ਰੇਰਣਾ ਦਾ ਇਕ ਸ਼ਾਨਦਾਰ ਮੌਕਾ ਸਾਬਤ ਹੋਇਆ। ਇਸ ਮੌਕੇ ਪ੍ਰੋਫੈਸਰ ਮਨਵਿੰਦਰ, ਸਾਕਸ਼ੀ ਸ਼ਰਮਾ, ਭਾਵਨਾ ਸ਼ਰਮਾ, ਪੂਨਮ, ਹਰਲੀਨ ਕੌਰ, ਸੀਮਾ, ਮਨਦੀਪ ਕੌਰ, ਪ੍ਰਿਯੰਕਾ, ਰੁਪਨਦੀਪ, ਹਰਮ, ਨਵਜੋਤ ਕੌਰ, ਕੋਮਲ ਢਿੱਲੋਂ, ਪੁਨਰ, ਰਮਨਦੀਪ ਕੌਰ, ਰਮਨ ਸੰਧੂ, ਹਰਮਨਜੋਤ ਕੌਰ, ਸ਼ਰਨਦੀਪ ਕਔਰ, ਸਿਮਰਨ ਢਿੱਲੋਂ, ਸੁਖਸਰਨ, ਆਇਬਦਾ, ਨਿਧੀ, ਰਿੱਪਨਦੀਪ ਕੌਰ, ਸ਼ਵੇਤਾ, ਪੱਲਵੀ, ਅੰਜਲੀ ਸਮੇਤ ਹੋਰ ਸਟਾਫ਼ ਅਤੇ ਵਿਦਿਆਰਥਣਾਂ ਸ਼ਾਮਲ ਸਨ।

# ਸ਼ਬਦ ਗੁਰੂ ਦਾ ਪ੍ਰਚਾਰ ਘਰ-ਘਰ ਤੱਕ ਪਹੁੰਚਾਉਣ ਦੇ ਅਹਿਦ ਨਾਲ ਗੁਰਮਤਿ ਸਿੱਖਿਆ ਕੈਂਪ ਸੰਪੰਨ

**ਮਸਤੂਆਣਾ ਸਾਹਿਬ : (ਰਵੀ ਟਿੱਬਾ)** - ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ, ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਸਮੂਹ ਸ਼ਹੀਦਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਗੁਰਮਤਿ ਸਿੱਖਿਆ ਕੈਂਪ ਮਸਤੂਆਣਾ ਸਾਹਿਬ ਵਿਖੇ ਸ਼ਬਦ ਗੁਰੂ ਦਾ ਸੁਨੇਹਾ ਘਰ-ਘਰ ਤੱਕ ਪਹੁੰਚਾਉਣ ਦੇ ਅਹਿਦ ਨਾਲ ਸਫਲਤਾਪੂਰਵਕ ਸੰਪੰਨ ਹੋਇਆ।ਇੰਟਰਨੈਸ਼ਨਲ ਸ਼ਬਦ ਗੁਰੂ ਪ੍ਰਚਾਰ ਸਭਾ ਵੱਲੋਂ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਹਿਯੋਗ ਨਾਲ ਆਯੋਜਿਤ ਇਸ ਕੈਂਪ ਵਿੱਚ ਇਲਾਕੇ ਦੇ 13 ਪਿੰਡਾਂ ਤੋਂ ਸੈਂਕੜੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਤਿੰਨ ਦਿਨਾਂ ਦੌਰਾਨ ਜੂਨੀਅਰ, ਸਬ-ਜੂਨੀਅਰ ਅਤੇ ਸੀਨੀਅਰ ਸ਼੍ਰੇਣੀਆਂ ਦੇ ਵਿਦਿਆਰਥੀਆਂ ਵੱਲੋਂ ਸ਼ੁੱਧ ਗੁਰਬਾਣੀ ਕੰਠ, ਕਵਿਸ਼ਰੀ, ਕਵਿਤਾ ਉਚਾਰਨ ਅਤੇ ਧਾਰਮਿਕ ਕੁਇਜ਼ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।ਕੈਂਪ ਦੇ ਸਮਾਪਤੀ ਸਮਾਗਮ ਮੌਕੇ ਮੁੱਖ ਮਹਿਮਾਨ ਸ੍. ਜਸਵੰਤ ਸਿੰਘ ਖਹਿਰਾ, ਸਕੱਤਰ ਅਕਾਲ ਕਾਲਜ ਕੌਂਸਲ ਨੇ ਗੁਰਮਤਿ ਪ੍ਰਚਾਰ ਕੈਂਪਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਜਿਹੇ



ਉਪਰਾਲਿਆਂ ਰਾਹੀਂ ਹੀ ਗੁਰਬਾਣੀ ਵਿਚਾਰ ਨੂੰ ਘਰ-ਘਰ ਤੱਕ ਪਹੁੰਚਾਇਆ ਜਾ ਸਕਦਾ ਹੈ। ਪ੍ਰਚਾਰ ਸਭਾ ਦੇ ਮੁੱਖ ਸੇਵਾਦਾਰ ਸ੍. ਕਰਮਜੀਤ ਸਿੰਘ ਗੱਗੜਪੁਰ ਨੇ ਸਭਾ ਵੱਲੋਂ ਗੁਰਬਾਣੀ ਦੇ ਪ੍ਰਚਾਰ ਅਤੇ ਪਸਾਰ ਲਈ ਕੀਤੇ ਜਾ ਰਹੇ ਕਾਰਜਾਂ 'ਤੇ ਚਾਨਣਾ ਪਾਇਆ। ਇਸ ਤੋਂ ਪਹਿਲਾਂ ਭਾਈ ਹਰਜਿੰਦਰ ਸਿੰਘ ਮਾਝੀ ਨੇ ਵਿਦਿਆਰਥੀਆਂ ਨਾਲ ਮਾਨਸਿਕ ਸਿਹਤ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਸੰਬੰਧੀ ਕੀਮਤੀ ਵਿਚਾਰ ਸਾਂਝੇ ਕੀਤੇ, ਜਦ ਕਿ ਡਾਇਰੈਕਟਰ ਡਾ. ਗੁਰਬੀਰ ਸਿੰਘ ਨੇ ਬੁਲੰਦ ਹੌਂਸਲੇ ਅਤੇ ਆਤਮਿਕ ਤਾਕਤ ਲਈ ਗੁਰਬਾਣੀ ਦੀ ਮਹੱਤਤਾ ਉਤੇ ਵਿਸਥਾਰ ਨਾਲ ਚਰਚਾ ਕੀਤੀ। ਬਾਬਾ ਪਿਆਰਾ ਸਿੰਘ ਸੰਗਰੂਰ ਅਤੇ ਰਾਗੀ ਅਵਤਾਰ ਸਿੰਘ ਵੱਲੋਂ ਵੀ ਪ੍ਰੇਰਨਾਦਾਇਕ ਵਿਚਾਰ ਸਾਂਝੇ ਕੀਤੇ ਗਏ। ਸ਼ੁੱਧ ਗੁਰਬਾਣੀ ਕੰਠ ਮੁਕਾਬਲਿਆਂ ਵਿੱਚ ਪ੍ਰਭਜੋਤ ਸਿੰਘ, ਗੁਰਨੂਰ ਕੌਰ ਅਤੇ ਰਮਨਦੀਪ ਕੌਰ ਨੇ ਪਹਿਲਾ, ਜਗਦੀਪ ਸਿੰਘ, ਮਨਜੋਤ ਸਿੰਘ ਅਤੇ ਪ੍ਰਭਜੋਤ ਕੌਰ ਨੇ ਦੂਜਾ, ਮਨਵੀਰ ਸਿੰਘ, ਜਸਨੀਤ ਕੌਰ ਅਤੇ ਯਸ਼ਮੀਤ ਕੌਰ ਨੇ ਤੀਜਾ, ਕਵਿਤਾ ਉਚਾਰਨ ਵਿੱਚ ਸਹਿਜਜੋਤ ਸਿੰਘ, ਜਸ਼ਨਪ੍ਰੀਤ ਕੌਰ ਅਤੇ ਗੁਰਜਾਪ ਕੌਰ ਨੇ ਪਹਿਲਾ, ਗੁਰਫਤਿਹ ਸਿੰਘ, ਰਜਨਪਾਲ ਕੌਰ ਅਤੇ ਕਮਲਪ੍ਰੀਤ ਕੌਰ ਨੇ ਦੂਜਾ, ਜਗਦੀਪ ਸਿੰਘ, ਖੁਸ਼ੀ ਕੌਰ ਅਤੇ ਯਸ਼ਮੀਤ ਕੌਰ ਨੇ ਤੀਜਾ, ਕਵੀਸ਼ਰੀ ਵਿੱਚ ਗੁਰਜ਼ਾਨ ਕੌਰ, ਰਾਜਨਪ੍ਰੀਤ ਕੌਰ ਅਤੇ ਮਹਿਕਜੀਤ ਕੌਰ ਨੇ ਪਹਿਲਾ, ਅਮਨਦੀਪ ਕੌਰ ਅਤੇ ਸ਼ਗਨਦੀਪ ਕੌਰ ਨੇ ਦੂਜਾ, ਧਾਰਮਿਕ ਕੁਇਜ਼ ਵਿੱਚ ਸੰਦੀਪ ਸਿੰਘ, ਗੁਰਵਿੰਦਰ ਸਿੰਘ ਅਤੇ ਸਪਨਪ੍ਰੀਤ ਕੌਰ (ਜਨਾਲ) ਨੇ ਪਹਿਲਾ, ਹੁਸਨਪ੍ਰੀਤ ਕੌਰ, ਮਨਪ੍ਰੀਤ ਕੌਰ ਅਤੇ ਤਰਨਦੀਪ ਕੌਰ (ਮੁਨਸ਼ੀਵਾਲਾ) ਨੇ ਦੂਜਾ, ਜਸਮੀਨ ਕੌਰ, ਹਰਮਨ ਸਿੰਘ ਅਤੇ ਯਸਮੀਤ ਕੌਰ (ਬਡਰੁੱਖਾਂ) ਨੇ ਤੀਜਾ ਸਥਾਨ ਹਾਸਲ ਕਰਕੇ ਵਿਸ਼ੇਸ਼ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਕੈਂਪ ਦੌਰਾਨ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਜੇਤੂ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਪ੍ਰਿੰ. ਜਸਵੀਰ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍. ਗਮਦੂਰ ਸਿੰਘ ਬਹਾਦਰਪੁਰ, ਸ੍. ਹਾਕਮ ਸਿੰਘ ਬਹਾਦਰਪੁਰ, ਸ੍. ਗੁਰਜੰਟ ਸਿੰਘ ਦੁੱਗਾਂ, ਮੈਨੇਜਰ ਧਰਮ ਪ੍ਰਚਾਰ ਸ੍. ਜਸਵੀਰ ਸਿੰਘ, ਪ੍ਰਿੰਸੀਪਲ ਰਾਜਵਿੰਦਰਪਾਲ ਸਿੰਘ, ਸ੍. ਹਰਮਿੰਦਰ ਸਿੰਘ ਡੀ.ਐਮ. ਸ੍ਰੋ.ਅ.ਦ.(ਪੁਨਰ ਸੁਰਜੀਤ), ਸ੍. ਕੁਲਦੀਪ ਸਿੰਘ ਨੱਤਾਂ, ਭਾਈ. ਬਹਾਦਰ ਸਿੰਘ ਘਨੌਰੀ, ਭਾਈ ਗੁਰਸੇਵਕ ਸਿੰਘ ਘਰਾਚੋਂ, ਸ੍. ਅਜੈਬ ਸਿੰਘ ਗੱਗੜਪੁਰ, ਪ੍ਰੋ. ਰਵਿੰਦਰ ਸਿੰਘ ਦਿੜ੍ਹਬਾ, ਭਾਈ ਮੋਹਨ ਸਿੰਘ, ਡਾ. ਹਰਪ੍ਰੀਤ ਸਿੰਘ, ਸ੍. ਅਮਰਜੀਤ ਸਿੰਘ ਬਡਰੁੱਖਾਂ, ਮਾਸਟਰ ਦਰਬਾਰਾ ਸਿੰਘ ਚੱਠਾ, ਪ੍ਰੋ. ਜਸਪ੍ਰੀਤ ਸਿੰਘ, ਸਤਨਾਮ ਸਿੰਘ ਰਿੰਕੂ ਸਮੂਹ ਵਿਦਿਆਰਥੀ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

# ਛੋਟੇਪੁਰ ਵੱਲੋਂ ਗੁਰਵਿੰਦਰ ਸਿੰਘ ਨੂੰ ਸ਼ਰਧਾਂਜਲੀ ਭੇਟ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪਿੰਡ ਪੱਖੋਕੇ ਟਾਹਲੀ ਸਾਹਿਬ ਦੇ ਅਗਾਂਹਵਧੂ ਕਿਸਾਨ ਤੇ ਹੜ੍ਹਾਂ ਦੌਰਾਨ ਲੋਕਾਂ ਦੀ ਸਹਾਇਤਾ ਕਰਨ ਵਿੱਚ ਮੋਹਰੀ ਰਹੇ ਗੁਰਵਿੰਦਰ ਸਿੰਘ ਦਾ ਬੀਤੇ ਦਿਨੀਂ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਸੀ ਜਿਨ੍ਹਾਂ ਦੀ ਆਤਮਾ ਦੀ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪੈਣ ਉਪਰੰਤ ਰਾਗੀ ਜਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ।ਸ਼ਰਧਾਂਜਲੀ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਸੁੱਚਾ ਸਿੰਘ ਛੋਟੇਪੁਰ ਸਾਬਕਾ ਮੰਤਰੀ ਪੰਜਾਬ ਨੇ ਮਰਹੂਮ ਗੁਰਵਿੰਦਰ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਬੇਵਕਤੀ ਮੌਤ ਨਾਲ ਪਰਿਵਾਰ ਅਤੇ ਸਮਾਜ ਨੂੰ ਵੱਡਾ ਘਾਟਾ ਪਿਆ ਹੈ।ਉਨ੍ਹਾਂ ਕਿਹਾ ਕਿ ਪਿਛਲੇ ਸਮਿਆਂ ਦੌਰਾਨ ਪਹਿਲਾਂ ਹੀ ਇਸ ਪਰਿਵਾਰ ਨੇ ਅਜਿਹੀਆਂ ਘਟਨਾਵਾਂ ਦਾ ਦੁੱਖ ਵੇਖਿਆ ਸੀ। ਇਸ ਮੌਕੇ ਉਨ੍ਹਾਂ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਂਦਿਆਂ ਹੋਇਆਂ ਗੁਰਵਿੰਦਰ ਸਿੰਘ ਨੂੰ ਨਮ ਅੱਖਾਂ ਨਾਲ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਗੁਰਨਾਮ ਸਿੰਘ ਐੱਮਸੀ, ਅਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ, ਬਲਸ਼ੇਰ ਸਿੰਘ, ਚੈਨ ਸਿੰਘ, ਕੁਲਵੰਤ ਸਿੰਘ ਸਰਪੰਚ, ਸੁਖਬੀਰ ਸਿੰਘ, ਝਿਰਮਲ ਸਿੰਘ, ਗੁਰਪਿੰਦਰ ਸਿੰਘ, ਹਰਮਨਦੀਪ ਸਿੰਘ, ਗੁਰਵਿੰਦਰ ਸਿੰਘ ਸ਼ਾਹਪੁਰ, ਜਰਮਨਦੀਪ ਸਿੰਘ ਅਤੇ ਗੁਰਨਾਮ ਸਿੰਘ ਆਦਿ ਹਾਜ਼ਰ ਸਨ।

1-Jan-PAGE-11-Dec-26.qxd 12/31/2025 10:40 PM Page 1



# ਕੇਂਦਰੀ ਜੇਲ ਅੰਮ੍ਰਿਤਸਰ 'ਚ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਮਾਣਯੋਗ ਨਿਆਂਮੂਰਤੀ ਸ੍ਰੀ ਅਸ਼ਵਨੀ ਕੁਮਾਰ ਮਿਸ਼ਰਾ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ (ਮੋਹਾਲੀ) ਦੀ ਮਾਣਯੋਗ ਅਗਵਾਈ ਹੇਠ ਅਤੇ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ. ਐੱਸ. ਨਗਰ (ਮੋਹਾਲੀ), ਨਾਲ ਹੀ ਸ੍ਰੀਮਤੀ ਜਤਿੰਦਰ ਕੌਰ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਯੋਗ ਰਹਿਨੁਮਾਈ ਹੇਠ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਵੱਲੋਂ ਚੱਲ ਰਹੀ ਨਸ਼ਿਆਂ ਵਿਰੁੱਧ ਯੁਵਾ ਅਭਿਆਨ ਦੇ ਤਹਿਤ ਜਾਗਰੂਕਤਾ ਸੈਮੀਨਾਰਾਂ ਦਾ ਆਯੋਜਨ ਕੀਤਾ ਗਿਆ।



ਇਹ ਜਾਗਰੂਕਤਾ ਪ੍ਰੋਗਰਾਮ 30 ਦਸੰਬਰ ਨੂੰ ਕੇਂਦਰੀ ਜੇਲ੍ਹ, ਅੰਮ੍ਰਿਤਸਰ ਵਿੱਚ, ਕੇਂਦਰੀ ਜੇਲ੍ਹ ਅੰਮ੍ਰਿਤਸਰ ਦੀ ਜੇਲ੍ਹ ਪ੍ਰਸ਼ਾਸਨ ਦੀ ਦੇਖਰੇਖ ਅਤੇ ਸਹਿਯੋਗ ਨਾਲ ਕਰਵਾਇਆ ਗਿਆ।ਇਸ ਪ੍ਰੋਗਰਾਮ ਨੂੰ ਸਮਰਪਿਤ ਟੀਮਾਂ ਵੱਲੋਂ ਕਰਵਾਇਆ ਗਿਆ, ਜਿਨ੍ਹਾਂ ਵਿੱਚ ਸੰਦੀਪ ਸਿੰਘ ਰੰਧਾਵਾ, ਸੁਨੀਲ ਕੁਮਾਰ, ਹਰਪ੍ਰੀਤ ਸਿੰਘ ਜੋਸਨ, ਅਭਿਜੀਤ ਸਿੰਘ ਸੰਧੂ, ਸ਼ਿਵਿੰਦਰ ਸਿੰਘ ਮਹਿਤਾ, ਕੁਲਦੀਪ ਮੰਡਰਿਲ ਅਤੇ ਰਾਜਨੀ ਜੋਸ਼ੀ, ਲੀਗਲ ਏਡ ਡਿਫੈਂਸ ਕੌਂਸਲ ਨਾਲ ਹੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਦਫ਼ਤਰ ਦੇ ਅਧਿਕਾਰੀ ਸ਼ਾਮਲ ਸਨ।ਪ੍ਰੋਗਰਾਮ ਦੌਰਾਨ ਭਾਗੀਦਾਰਾਂ ਨੂੰ ਨਸ਼ਾ ਸੇਵਨ ਦੇ ਗੰਭੀਰ ਸਰੀਰਕ, ਮਾਨਸਿਕ, ਸਮਾਜਿਕ ਅਤੇ ਕਾਨੂੰਨੀ ਨੁਕਤਿਆਂ ਬਾਰੇ ਜਾਗਰੂਕ ਕੀਤਾ ਗਿਆ।

ਇਸ ਤੋਂ ਇਲਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅੰਮ੍ਰਿਤਸਰ ਦੇ ਅਧੀਨ ਕੰਮ ਕਰ ਰਹੇ ਪੈਰਾ-ਲੀਗਲ ਵਲੰਟੀਅਰਜ਼ ਵੱਲੋਂ ਵੀ ਜ਼ਿਲ੍ਹਾ ਅੰਮ੍ਰਿਤਸਰ ਦੇ ਵੱਖ-ਵੱਖ ਸਥਾਨਾਂ 'ਤੇ ਆਯੋਜਿਤ ਸੈਮੀਨਾਰਾਂ ਰਾਹੀਂ ਨੌਜਵਾਨਾਂ ਨੂੰ ਨਸ਼ਾ ਦੁਰਵਰਤੋਂ ਦੇ ਮਾੜੇ ਸਿੱਟਿਆਂ ਬਾਰੇ ਜਾਗਰੂਕ ਕੀਤਾ ਗਿਆ।

# ਭਾਜਪਾ ਦੀ ਫਾਸ਼ੀਵਾਦੀ ਸਰਕਾਰ ਫਿਰਕੂਪੁਣੇ ਦੀਆਂ ਸਭ ਹੱਦਾਂ-ਬੰਨੇ ਪਾਰ ਕਰ ਚੁੱਕੀ ਹੈ: ਪਾਸਲਾ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਬੀਤੇ ਦਿਨ ਕਾਮਰੇਡ ਦਲੀਪ ਸਿੰਘ ਟਪਿਆਲਾ ਦੀ ਬਰਸੀ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਟਪਿਆਲਾ ਵਿਖੇ ਆਰਐੱਮਪੀਆਈ ਵੱਲੋਂ ਵਿਸ਼ਾਲ ਕਾਨਫਰੰਸ ਕੀਤੀ ਗਈ।ਇਸ ਸਮੇਂ ਬੋਲਦਿਆਂ ਕਾਮਰੇਡ ਮੰਗਤ ਰਾਮ ਪਾਸਲਾ ਨੇ ਕੇਂਦਰ ਵਿੱਚ ਰਾਜ ਕਰਦੀ ਭਾਜਪੀ ਸਰਕਾਰ ਦੇ ਫਾਸ਼ੀਵਾਦੀ ਏਜੰਡੇ ਅਤੇ ਫਿਰਕੂਪੁਣੇ 'ਤੇ ਗੱਲ ਕਰਦਿਆਂ ਕਿਹਾ ਕਿ ਇਸ ਵੇਲੇ ਸਰਕਾਰ ਸਾਰੀਆਂ ਹੱਦਾਂ ਟੱਪ ਚੁੱਕੀ ਹੈ।ਸਰਕਾਰ ਦੇਸ਼ ਦੀ ਤਰੱਕੀ ਅਤੇ ਖੁਸ਼ਹਾਲੀ ਦੀਆਂ ਕੋਸ਼ਿਸ਼ਾਂ ਨੂੰ ਛੱਡ ਕੇ ਸਿਰਫ ਆਪਣੇ ਹਿੰਦੂਵਾਦ ਦੇ ਏਜੰਡੇ ਨੂੰ ਅਮਲੀ ਜਾਮਾ ਪਹਿਨਾਉਣ ਵਿੱਚ ਲੱਗੀ ਹੋਈ ਹੈ, ਪਰ ਸਾਡੇ ਲਈ ਬੜੇ ਦੁੱਖ ਦੀ ਗੱਲ ਹੈ 15 ਸਾਲਾਂ ਵਿੱਚ ਵੀ ਸਾਨੂੰ ਆਪਣੇ ਸਭ ਤੋਂ ਵੱਡੇ ਦੁਸ਼ਮਣ ਦੀ ਪਹਿਚਾਣ ਨਹੀਂ ਹੋ ਸਕੀ। ਉਨ੍ਹਾਂ ਕਿਹਾ ਕਿ ਜੇ ਪਹਿਚਾਣ ਹੁੰਦੀ ਤਾਂ ਪਿਛਲੀਆਂ ਚੋਣਾਂ ਵਿੱਚ ਬੀਜੇਪੀ ਨੂੰ ਇੱਕ ਵੀ ਵੋਟ ਨਹੀਂ ਸੀ ਪੈਣੀ ਚਾਹੀਦੀ।ਉਨ੍ਹਾਂ ਕਿਹਾ ਕਿ ਮੋਦੀ ਨੇ ਸਾਰਾ ਦੇਸ਼ ਅਡਾਨੀਆਂ ਅਬਾਨੀਆਂ ਨੂੰ ਵੇਚ ਦਿੱਤਾ ਹੈ।ਉਹ ਧਰਮ ਦੇ ਨਾਂਅ 'ਤੇ ਵੰਡੀਆਂ ਪਾ ਕੇ ਸਾਨੂੰ ਵੰਡਣਾ ਚਾਹੁੰਦਾ ਹੈ। ਮੀਟਿੰਗ ਵਿੱਚ ਕੇਂਦਰ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਗਿਆ ਕਿ ਕੇਂਦਰ ਸਰਕਾਰ ਨੇ 20 ਸਾਲ ਪਹਿਲਾਂ ਬਣਾਏ ਗਏ ਲੋਕ ਪੱਖੀ ਮਨਰੇਗਾ ਕਾਨੂੰਨ ਵਿੱਚ ਸੋਧਾਂ ਕਰਕੇ ਲੰਗੜਾ ਲੂਲਾ ਬਣਾ ਦਿੱਤਾ ਹੈ। ਡਾ: ਸਤਨਾਮ ਸਿੰਘ ਅਜਨਾਲਾ ਅਤੇ ਕਾ:



ਰਤਨ ਸਿੰਘ ਰੰਧਾਵਾ ਨੇ ਕਿਹਾ ਕਿ ਪਾਰਟੀ ਮਨਰੇਗਾ ਕਾਨੂੰਨ ਦਾ ਪਹਿਲਾ ਰੂਪ ਬਹਾਲ ਕਰਨ ਲਈ, ਸੰਭਾਵਿਤ ਬਿਜਲੀ ਸੋਧ ਬਿੱਲ ਅਤੇ ਬੀਜ ਬਿੱਲ ਵਰਗੇ ਸਵਾਲਾਂ ਨੂੰ ਲੈ ਕੇ ਪਾਰਟੀ ਪੰਜਾਬ ਅਤੇ ਦੇਸ਼ ਦੀਆਂ ਹਮਖਿਆਲ ਖੱਬੇ-ਪੱਖੀ ਪਾਰਟੀਆਂ ਨੂੰ ਨਾਲ ਲੈ ਕੇ ਲੰਬਾ ਸੰਘਰਸ਼ ਲੜਨ ਦੀ ਯੋਜਨਾ ਬਣਾ ਰਹੀ ਹੈ।ਕਾਨਫਰੰਸ ਮੌਕੇ ਕਾਮਰੇਡ ਰਤਨ ਸਿੰਘ ਰੰਧਾਵਾ, ਪਰਗਟ ਸਿੰਘ ਜਾਮਾਰਾਏ, ਡਾ: ਸਤਨਾਮ ਸਿੰਘ ਅਜਨਾਲਾ, ਗੁਰਨਾਮ ਸਿੰਘ ਉਮਰਪੁਰਾ, ਬਾਬਾ ਅਰਜਨ ਸਿੰਘ ਹੁਸ਼ਿਆਰ ਨਗਰ, ਜਗਤਾਰ ਸਿੰਘ ਕਰਮਪੁਰਾ, ਸਤਵਿੰਦਰ ਸਿੰਘ ਓਠੀਆਂ, ਦੇਸਾ ਸਿੰਘ ਭਿੰਡੀ ਔਲਖ, ਬੀਬੀ ਅਜੀਤ ਕੌਰ ਕੋਟ ਰਜਾਦਾ, ਮਲਿਕ ਸਿੰਘ ਗੁਰਾਲਾ, ਵਿਰਸਾ ਸਿੰਘ ਟਪਿਆਲਾ, ਅਮਰਜੀਤ ਸਿੰਘ ਭੀਲੋਵਾਲ, ਸਾਹਿਬ ਸਿੰਘ ਠੱਠੀ, ਸੁਰਜੀਤ ਸਿੰਘ ਦੁਧਰਾਏ, ਟਹਿਲ ਸਿੰਘ ਚੇਤਨਪੁਰਾ ਅਤੇ ਕੁਲਵੰਤ ਸਿੰਘ ਚੇਤਨਪੁਰਾ ਆਦਿ ਨੇ ਵੀ ਆਪਣੇ ਵਿਚਾਰ ਰੱਖੇ।

# ਲੋਕ ਵਿਰੋਧੀ ਕਾਨੂੰਨਾਂ ਖਿਲਾਫ ਐੱਸ ਕੇ ਐੱਮ ਵੱਲੋਂ ਚੇਤਨਾ ਮਾਰਚ ਕੱਢਣ ਦਾ ਐਲਾਨ

ਵਲਟੋਹਾ (ਰਣਜੀਤ ਸਿੰਘ ਵਲਟੋਹਾ)-ਸੰਯੁਕਤ ਕਿਸਾਨ ਮੋਰਚਾ ਜ਼ਿਲਾ ਤਰਨ ਤਾਰਨ ਦੀ ਅਹਿਮ ਮੀਟਿੰਗ ਸਥਾਨਕ ਗਾਂਧੀ ਪਾਰਕ ਤਰਨ ਤਾਰਨ ਵਿਖੇ ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਸੇਮ ਸਿੰਘ ਲੁਹਾਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਕਿਰਤੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਕੁੱਲ ਹਿੰਦ ਕਿਸਾਨ ਸਭਾ, ਕੌਮੀ ਕਿਸਾਨ ਯੂਨੀਅਨ ਨੇ ਭਾਗ ਲਿਆ।ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਲਏ ਗਏ ਫੈਸਲਿਆਂ ਦੀ ਰੋਸ਼ਨੀ ਵਿੱਚ ਚਾਰ ਜਨਵਰੀ ਤੋਂ ਚੇਤਨਾ ਮਾਰਚ ਕੱਢਣ ਦੀਆਂ ਤਿਆਰੀਆਂ ਸਬੰਧੀ ਵਿਚਾਰ ਕੀਤਾ ਗਿਆ ਕਿਉਂਕਿ ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ 2025, ਬੀਜ ਸੋਧ ਬਿੱਲ, ਚਾਰ ਕਿਰਤ ਕਾਨੂੰਨਾਂ ਦੀ ਤਬਦੀਲੀ ਅਤੇ ਮਨਰੇਗਾ ਦੀ ਸਕੀਮ ਨੂੰ ਮੁੱਢੋਂ ਹੀ ਖਤਮ ਕਰਨ ਦੀਆਂ ਯੋਜਨਾਵਾਂ ਦੇ ਵਿਰੋਧ ਵਿੱਚ 16 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫਤਰ ਦੇ ਸਾਹਮਣੇ 12 ਤੋਂ 03 ਵਜੇ ਤੱਕ ਵਿਸ਼ਾਲ ਪ੍ਰਦਰਸ਼ਨ ਕੀਤੇ ਜਾਣਗੇ। ਪ੍ਰਦਰਸ਼ਨ ਦੀ ਤਿਆਰੀ ਲਈ 10 ਜਨਵਰੀ ਨੂੰ ਸਮੂਹ ਜਥੇਬੰਦੀਆਂ ਦੀ ਇੱਕ ਵੱਡੀ ਮੀਟਿੰਗ ਗਾਂਧੀ ਪਾਰਕ ਵਿੱਚ ਕੀਤੀ ਜਾਵੇਗੀ।ਲੋਕਾਂ ਅੰਦਰ ਚੇਤਨਾ ਫੈਲਾਉਣ ਲਈ ਤਰਨ ਤਾਰਨ ਜ਼ਿਲੇ ਅੰਦਰ ਤਿੰਨ ਜਨਵਰੀ ਅਤੇ ਚਾਰ ਜਨਵਰੀ ਨੂੰ ਵੱਖ-ਵੱਖ ਥਾਈਂ ਚੇਤਨਾ ਮਾਰਚ, ਮੋਟਰਸਾਈਕਲ ਮਾਰਚ ਕੱਢ ਕੇ ਲੋਕ ਵਿਰੋਧੀ ਬਿੱਲਾਂ ਸਬੰਧੀ ਇਹ ਦੁਵਰਕੀ ਲੋਕਾਂ ਵਿੱਚ ਵੰਡੀ ਜਾਵੇਗੀ ਤਾਂ ਜੋ ਲੋਕਾਂ ਨੂੰ ਸਰਕਾਰ ਦੇ ਘਟੀਆ ਮਨਸੂਬਿਆਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਨਛੱਤਰ ਸਿੰਘ ਮੁੱਗਲ ਚੱਕ, ਮਨਜੀਤ ਸਿੰਘ ਬੱਗੂ, ਤਰਸੇਮ ਸਿੰਘ ਲੁਹਾਰ, ਗੁਰਚਰਨ ਸਿੰਘ ਸਭਰਾ, ਗੁਰਪ੍ਰੀਤ ਸਿੰਘ ਗੰਡੀਵਿੰਡ, ਦਲਵਿੰਦਰ ਸਿੰਘ ਨੌਸ਼ਹਿਰਾ ਪੰਨੂਆਂ ਆਦਿ ਹਾਜ਼ਰ ਸਨ।ਸਭ ਜਥੇਬੰਦੀਆਂ ਦੇ ਆਗੂ ਸਾਹਿਬਾਨ ਨੂੰ ਅਪੀਲ ਹੈ ਕਿ ਆਪਣੀ ਸਹਿਮਤੀ ਨਾਲ ਵੱਖ-ਵੱਖ ਚੇਤਨਾ ਮਾਰਚ ਦੇ ਰੂਟ ਪਲਾਨ ਅਨੁਸਾਰ ਤਾਲਮੇਲ ਪੈਦਾ ਕਰ ਲਿਆ ਜਾਵੇ।



## ਟ੍ਰੈਫਿਕ ਪੁਲਸ ਨੇ ਬੱਸ ਸਟੈਂਡ ਵਿਖੇ ਲਾਇਆ ਜਾਗਰੂਕਤਾ ਸੈਮੀਨਾਰ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਟ੍ਰੈਫਿਕ ਪੁਲਸ ਵੱਲੋਂ ਟ੍ਰੈਫਿਕ ਜਾਗਰੂਕਤਾ ਸੈਮੀਨਾਰ ਬਾਬਾ ਬੰਦਾ ਸਿੰਘ ਬਹਾਦਰ ਟਰਮੀਨਲ ਬੱਸ ਸਟੈਂਡ ਵਿਖੇ ਲਗਾਇਆ ਗਿਆ।ਏ. ਐੱਸ. ਆਈ. ਅਮਨਦੀਪ ਸਿੰਘ ਨੇ ਦੱਸਿਆ ਕਿ ਜਾਗਰੂਕਤਾ ਸੈਮੀਨਾਰ ਵਿੱਚ ਡਰਾਈਵਰਾਂ, ਕੰਡਕਟਰਾਂ ਤੇ ਆਮ ਪਬਲਿਕ ਨੂੰ ਟਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ।ਨਸ਼ੇ ਦੇ ਮਾੜੇ ਪ੍ਰਭਾਵਾ ਤੋਂ ਜਾਣੂ ਕਰਵਾਇਆ ਗਿਆ। ਡਰਾਈਵਿੰਗ ਕਰਦੇ ਸਮੇਂ ਮੋਬਾਇਲ ਫੋਨ ਦੀ ਵਰਤੋਂ ਕਰਨ ਨਾਲ ਹੋਣ ਵਾਲੀਆਂ ਦੁਰਘਟਨਾਵਾਂ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ। ਐਕਸੀਡੈਂਟ ਪੀੜਤ ਦੀ ਮਦਦ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਹੈਲਪ ਲਾਈਨ ਨੰਬਰ 112,1033 ਅਤੇ 1930 ਬਾਰੇ ਜਾਗਰੂਕ ਕੀਤਾ ਗਿਆ।ਸੈਮੀਨਾਰ ਵਿੱਚ ਏਐੱਸਆਈ ਅਮਨਦੀਪ ਸਿੰਘ, ਰਸ਼ਪਾਲ ਸਿੰਘ ਹਰਪ੍ਰੀਤ ਸਿੰਘ ਅਤੇ ਗੁਰਦੀਪ ਸਿੰਘ ਆਦਿ ਨੇ ਹਿੱਸਾ ਲਿਆ।



## ਪ੍ਰਕਾਸ਼ ਉਤਸਵ ਨੂੰ ਸਮਰਪਿਤ ਮੰਝਪੁਰ ਵਿਖੇ ਕੀਰਤਨ ਦਰਬਾਰ 7 ਨੂੰ

ਬਟਾਲਾ, (ਤਰਲੋਕ ਬੱਗਾ)-ਦਸਮੇਸ਼ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਨੂੰ ਸਮਰਪਿਤ ਧਾਰਮਿਕ ਸਮਾਗਮ 7 ਜਨਵਰੀ ਦਿਨ ਬੁੱਧਵਾਰ ਨੂੰ ਗੁਰਦੁਆਰਾ ਸਰਬ ਧਰਮ ਪ੍ਰਕਾਸ਼ ਮੰਝਪੁਰ, ਮੁਕੇਰੀਆਂ ਵਿਖੇ ਸੰਤ ਹਰਜਿੰਦਰ ਸਿੰਘ ਮੰਝਪੁਰ ਵਾਲਿਆਂ ਦੀ ਦੇਖ-ਰੇਖ ਹੇਠ ਕਰਵਾਇਆਂ ਜਾ ਰਿਹਾ ਹੈ।ਉਨ੍ਹਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਗਮ ਵਿੱਚ ਸੰਤ ਹਰਜਿੰਦਰ ਸਿੰਘ ਅਤੇ ਹੋਰ ਸੰਤ ਮਹਾਂਪੁਰਖ ਸ਼ਬਦ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਗੁਰ ਸ਼ਬਦ ਨਾਲ ਜੋੜਨਗੇ।ਉਨ੍ਹਾਂ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਮਹਾਨ ਸਮਾਗਮ ਵਿਚ ਸ਼ਾਮਿਲ ਹੋ ਕੇ ਗੁਰੂ ਜਸ ਸਰਵਣ ਕਰੋ।ਕੀਰਤਨ ਦਰਬਾਰ ਸਵੇਰੇ 10 ਵਜੇ ਤੋਂ 01 ਵਜੇ ਤੱਕ ਗੁਰਦੁਆਰਾ ਸਰਬ ਧਰਮ ਪ੍ਰਕਾਸ਼ ਨਗਰ ਮੰਝਪੁਰ, ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਕਰਵਾਇਆ ਜਾਵੇਗਾ।ਇਹ ਅਸਥਾਨ ਭੰਗਾਲੇ ਤੋਂ 2 ਕਿਲੋਮੀਟਰ ਦੀ ਦੂਰੀ 'ਤੇ ਲਹਿੰਦੇ ਪਾਸੇ ਵੱਲ ਸਥਿਤ ਹੈ।



## ਬਾਗਬਾਨੀ ਵਿਭਾਗ ਨੇ ਪੰਚਾਇਤੀ ਜ਼ਮੀਨ 'ਚ ਰੁੱਖ ਲਾਏ

ਮਜੀਠਾ (ਸੋਇਮ ਆਨੰਦ)-ਦਿਨ ਪ੍ਰਤੀ ਦਿਨ ਰੁੱਖਾਂ ਦੀ ਘਟ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਬਣ ਗਈ ਹੈ ਅਤੇ ਸਰਕਾਰਾਂ ਵੱਲੋਂ ਹਰ ਸਾਲ ਰੁੱਖ ਲਗਾਉਣ ਦੇ ਉਪਰਾਲੇ ਵੀ ਕੀਤੇ ਜਾਂਦੇ ਹਨ। ਨਰੇਗਾ ਸਕੀਮ ਤਹਿਤ ਵੀ ਪਿੰਡਾਂ 'ਚ ਸਾਂਝੀਆਂ ਥਾਵਾਂ 'ਤੇ ਰੁੱਖ ਲਗਾਏ ਜਾਂਦੇ ਹਨ ਪਰ ਉਹ ਰੁੱਖ ਹਰ ਸਾਲ ਹੀ ਉਨ੍ਹਾਂ ਹੀ ਜਗ੍ਹਾਂ ਉਤੇ ਲਾਏ ਜਾਂਦੇ ਹਨ ਤੇ ਇਹ ਰੁੱਖ ਕਾਗਜ਼ਾਂ ਤੱਕ ਹੀ ਸੀਮਤ ਰਹਿ ਜਾਂਦੇ ਹਨ। ਇਨ੍ਹਾਂ ਨੂੰ ਪਾਲਣ ਪੋਸਣ ਵਾਲੇ ਵੀ ਪਾਲ ਨਹੀਂ ਰਹੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਸਾਬਕਾ ਸਰਪੰਚ ਗੁਰਪਾਲ ਸਿੰਘ ਰੂਬਲ ਨੇ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਪੰਚਾਇਤੀ ਜ਼ਮੀਨ ਉਪਰ ਬਾਗਬਾਨੀ ਵਿਭਾਗ ਤਹਿਤ ਬਾਗ ਲਾਉਣੇ ਚਾਹੀਦੇ ਹਨ ਅਤੇ ਇਨ੍ਹਾਂ ਬਾਗਾਂ ਦੀ ਆਮਦਨ ਪਿੰਡਾਂ ਵਿੱਚ ਵਿਕਾਸ ਕਾਰਜਾਂ 'ਤੇ ਖਰਚੀ ਜਾਵੇ ਜਿਸ ਨਾਲ ਪੰਜਾਬ ਵੀ ਹਰਾ ਭਰਾ ਹੋ ਜਾਵੇਗਾ ਅਤੇ ਸਰਕਾਰ ਦੀ ਆਮਦਨ ਵੀ ਵਧ ਜਾਵੇਗੀ।



## ਧੜੱਲੇ ਨਾਲ ਹੋ ਰਹੀ ਘਰੇਲੂ ਗੈਸ ਸਿਲੰਡਰਾਂ ਦੀ ਦੁਰਵਰਤੋਂ 'ਤੇ ਸ਼ਿਕੰਜਾ ਕੱਸਣ ਦੀ ਮੰਗ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਦੇ ਹਨੂੰਮਾਨ ਚੌਕ, ਤਿਬੜੀ ਰੋਡ 'ਤੇ ਅਣਗਿਣਤ ਨਿਊਡਲ ਫਾਸਟ ਫੂਡ ਦੀਆਂ ਰੇਹੜੀਆਂ 'ਤੇ ਸ਼ਰੇਆਮ ਘਰੇਲੂ ਗੈਸ ਸਿਲੰਡਰਾਂ ਦੀ ਦੁਰਵਰਤੋਂ ਹੋ ਰਹੀ ਹੈ ਜਿਸ 'ਤੇ ਕੋਈ ਕਾਰਵਾਈ ਨਹੀਂ ਹੋ ਰਹੀ। ਜ਼ਿਕਰਯੋਗ ਹੈ ਕਿ ਗੁਰਦਾਸਪੁਰ ਸ਼ਹਿਰ ਦੀ ਲਾਇਬ੍ਰੇਰੀ ਰੋਡ ਤੋਂ ਲੈ ਕੇ ਹਨੂੰਮਾਨ ਚੌਕ ਤੱਕ ਸੜਕ ਦੇ ਦੋਵੇਂ ਪਾਸੇ ਵੱਡੀ ਗਿਣਤੀ ਵਿੱਚ ਡੋਸਾ, ਨਿਊਡਲ, ਸੋਇਆਬੀਨ ਚਾਪ ਆਦਿ ਵੇਚਣ ਵਾਲਿਆਂ ਵੱਲੋਂ ਆਪਣੀਆਂ ਰੇਹੜੀਆਂ 'ਤੇ ਸ਼ਰੇਆਮ ਘਰੇਲੂ ਗੈਸ ਸਿਲੰਡਰ ਵਰਤੇ ਜਾਂਦੇ ਹਨ। ਦੱਸਣਯੋਗ ਹੈ ਕਿ ਸਬੰਧਤ ਵਿਭਾਗ ਨੂੰ ਇਨ੍ਹਾਂ 'ਤੇ ਛਾਪੇਮਾਰੀ ਕਰਨ ਵੇਲੇ ਵੱਡੀ ਗਿਣਤੀ ਵਿਚ ਫੋਰਸ ਨਾਲ ਲਿਆਉਣੀ ਚਾਹੀਦੀ ਹੈ ਤਾਂ ਜੋ ਸਾਰੇ ਰੇਹੜੀ ਵਾਲੇ ਘਰੇਲੂ ਗੈਸ ਸਿਲੰਡਰ ਕਾਬੂ ਕੀਤੇ ਜਾ ਸਕਣ ਕਿਉਂ ਜੋ ਇਕ ਰੇਹੜੀ ਦੀ ਚੈਕਿੰਗ ਹੋਣ ਤੋਂ ਬਾਅਦ ਮੁਲਾਜ਼ਮ ਘੱਟ ਹੋਣ ਕਾਰਨ ਬਾਕੀ ਰੇਹੜੀਆਂ ਵਾਲੇ ਖਿਸਕ ਜਾਂਦੇ ਹਨ ਅਤੇ ਥੋੜੀ ਦੇਰ ਬਾਅਦ ਫਿਰ ਆਪਣਾ ਅੱਡਾ ਉਸੇ ਤਰ੍ਹਾਂ ਜਮਾ ਕੇ ਕੰਮ ਕਰਨ ਲੱਗ ਪੈਂਦੇ ਹਨ। ਦੂਜੇ ਪਾਸੇ ਏਜੰਸੀ ਵਾਲਿਆਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੇ ਡਲਿਵਰੀਮੈਨਾਂ ਵਲੋਂ ਕੋਈ ਵੀ ਵਰਦੀ ਵਗੈਰਾ ਨਹੀਂ ਪਾਈ ਜਾਂਦੀ ਅਤੇ ਨਾ ਹੀ ਕੋਈ ਡਲਿਵਰੀ ਰਿਕਸ਼ੇ 'ਤੇ ਤੋਲਣ ਵਾਸਤੇ ਕੰਡਾ ਹੁੰਦਾ ਹੈ। ਲੋਕਾਂ ਨੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਸ਼ਹਿਰ ਵਿਚ ਘਰੇਲ ਗੈਸ ਸਿਲੰਡਰ ਦੀ ਦੁਰਵਰਤੋਂ ਰੋਕਣ ਲਈ ਛਾਪਾਮਾਰੀ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ।



## ਮੋਹਾਲੀ ਵਿਖੇ 52 ਕਰੋੜ ਦੀ ਲਾਗਤ ਨਾਲ ਡਾਇਲ 112 ਸੈਂਟਰਲ ਕੰਟਰੋਲ ਰੂਮ ਦੀ ਇਮਾਰਤ ਸਥਾਪਿਤ ਕੀਤੀ ਜਾਵੇਗੀ : ਗੌਰਵ ਯਾਦਵ

ਚੰਡੀਗੜ੍ਹ, (ਨ ਜ ਸ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਵਚਨਬੱਧਤਾ ਅਨੁਸਾਰ ਪੁਲਿਸਿੰਗ ਨੂੰ ਹੋਰ ਕੁਸ਼ਲ, ਜਵਾਬਦੇਹ ਅਤੇ ਪੇਸ਼ੇਵਰ ਬਣਾਉਣ ਲਈ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਪੰਜਾਬ ਪੁਲਿਸ ਲਈ ਇੱਕ ਮਹੱਤਵਾਕਾਂਖੀ ਅਤੇ ਤਕਨਾਲੋਜੀ-ਅਧਾਰਤ 'ਵਿਜ਼ਨ 2026' ਦੀ ਰੂਪਰੇਖਾ ਪੇਸ਼ ਕੀਤੀ, ਜੋ ਵਿਆਪਕ ਬੁਨਿਆਦੀ ਢਾਂਚਾ ਵਿਕਾਸ ਅਤੇ ਸਮਰੱਥਾ ਨਿਰਮਾਣ 'ਤੇ ਕੇਂਦ੍ਰਿਤ ਹੈ।ਇਸ ਵਿਜ਼ਨ ਤਹਿਤ ਡਾਇਲ 112 ਐਮਰਜੈਂਸੀ ਰਿਸਪਾਂਸ ਸਪੋਰਟ ਸਿਸਟਮ (ਈ ਆਰ ਐੱਸ ਐੱਸ) ਨੂੰ ਹੋਰ ਵਧੇਰੇ ਕਾਰਗਰ ਬਣਾਉਣਾ ਸ਼ਾਮਲ ਹੈ, ਜਿਸ ਤਹਿਤ ਮੋਹਾਲੀ ਵਿਖੇ ?52 ਕਰੋੜ ਦੀ ਲਾਗਤ ਨਾਲ ਡਾਇਲ 112 ਸੈਂਟਰਲ ਕੰਟਰੋਲ ਰੂਮ ਦੀ ਇਮਾਰਤ ਸਥਾਪਿਤ ਕੀਤੀ ਜਾਵੇਗੀ ਅਤੇ 50 ਕਰੋੜ ਦੀ ਲਾਗਤ ਨਾਲ ਨਵੇਂ ਵਾਹਨ ਖਰੀਦੇ ਜਾਣਗੇ।ਡੀ ਜੀ ਪੀ ਨੇ ਕਿਹਾ ਕਿ ਕਿ ਸਾਡਾ ਟੀਚਾ ਮੌਜੂਦਾ ਔਸਤਨ ਰਿਸਪਾਂਸ ਟਾਈਮ ਨੂੰ 12-13 ਮਿੰਟਾਂ ਤੋਂ ਘਟਾ ਕੇ ਸਿਰਫ਼ 7-8 ਮਿੰਟ ਕਰਨਾ ਹੈ। ਇਸ ਦੇ ਨਾਲ ਹੀ ਪੰਜਾਬ ਭਰ ਦੇ ਜ਼ਿਲ੍ਹਾ ਕੰਟਰੋਲ ਰੂਮਾਂ ਨੂੰ ਵੀ 25 ਕਰੋੜ ਰੁਪਏ ਦੇ ਨਿਵੇਸ਼ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ ਤਾਂ ਜੋ ਨਿਰਵਿਘਨ ਤਾਲਮੇਲ ਅਤੇ ਕਿਸੇ ਵੀ ਘਟਨਾ ਦੇ ਫੌਰੀ ਪ੍ਰਬੰਧਨ ਨੂੰ ਯਕੀਨੀ ਬਣਾਇਆ ਜਾ ਸਕੇ, ਜੋ ਸਿੱਧੇ ਤੌਰ 'ਤੇ ਰਿਸਪਾਂਸ ਟਾਈਮ ਨੂੰ ਘਟਾਉਣ ਦੇ ਟੀਚੇ ਵਿੱਚ ਯੋਗਦਾਨ ਪਾ ਰਿਹਾ ਹੈ।ਡੀ ਜੀ ਪੀ ਗੌਰਵ ਯਾਦਵ, ਜਿਨ੍ਹਾਂ ਨਾਲ ਆਈ ਜੀ ਪੀ ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਵੀ ਮੌਜੂਦ ਸਨ, ਇਥੇ ਪੰਜਾਬ ਪੁਲਿਸ ਦੇ ਭਵਿੱਖੀ ਰੋਡਮੈਪ ਨੂੰ ਸਾਂਝਾ ਕਰਨ ਲਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸਨ।ਡੀ ਜੀ ਪੀ ਗੌਰਵ ਯਾਦਵ ਨੇ ਕਿਹਾ ਕਿ ਸਰਹੱਦੀ ਸੁਰੱਖਿਆ ਲਈ ਦੂਜੀ ਸੁਰੱਖਿਆ ਪੰਕਤੀ ਵਿੱਚ 49.58 ਕਰੋੜ ਰੁਪਏ ਦੀ ਲਾਗਤ ਨਾਲ ਅੰਤਰਰਾਸ਼ਟਰੀ ਸਰਹੱਦ ਦੇ ਨਾਲ 585 ਥਾਵਾਂ 'ਤੇ 2,367 ਸੀ ਸੀ ਟੀ ਵੀ ਕੈਮਰੇ ਲਗਾਏ ਜਾਣਗੇ, ਜੋ ਕਿ ਪੁਲਸ ਦੇ ਕੰਮਕਾਜ ਨੂੰ ਹੋਰ ਮਜ਼ਬੂਤੀ ਦੇਣਗੇ।



## ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਨਵੰਬਰ ਵਿੱਚ ਯਾਤਰੀ ਆਵਾਜਾਈ ਮੁੜ ਵਧੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਮਾਰਚ 2025 ਤੋਂ ਬਾਅਦ ਬੀਤੇ ਮਹੀਨੇ ਨਵੰਬਰ ਦੌਰਾਨ ਯਾਤਰੀਆਂ ਦੀ ਆਵਾਜਾਈ ਮੁੜ 3 ਲੱਖ ਦੇ ਅੰਕੜੇ 'ਤੇ ਪਹੁੰਚ ਗਈ ਹੈ।ਇਹ ਖੁਲਾਸਾ 'ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ' ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਵੱਲੋਂ ਏਅਰਪੋਰਟਸ ਅਥਾਰਟੀ ਆਫ ਇੰਡੀਆ ਦੇ ਹਰ ਮਹੀਨੇ ਜਾਰੀ ਕੀਤੇ ਜਾਂਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਬਾਅਦ ਪ੍ਰੈੱਸ ਨੂੰ ਜਾਰੀ ਬਿਆਨ ਰਾਹੀਂ ਕੀਤਾ ਗਿਆ ਹੈ।ਵਿਸ਼ਲੇਸ਼ਣ ਅਨੁਸਾਰ ਜਨਵਰੀ ਤੋਂ ਨਵੰਬਰ 2025 ਤੱਕ ਹਵਾਈ ਅੱਡੇ 'ਤੇ ਆਉਣ ਅਤੇ ਜਾਣ ਵਾਲੇ ਕੁੱਲ ਯਾਤਰੀਆਂ ਦੀ ਗਿਣਤੀ 28.77 ਲੱਖ ਦਰਜ ਕੀਤੀ ਗਈ, ਜੋ ਕਿ 2024 ਦੇ ਇਸੇ ਅਰਸੇ ਦੌਰਾਨ ਦਰਜ 30.85 ਲੱਖ ਦੇ ਮੁਕਾਬਲੇ 6.7 ਫੀਸਦੀ ਘੱਟ ਹੈ। ਯਾਤਰੀਆਂ ਦੀ ਗਿਣਤੀ ਵਿੱਚ ਇਹ ਗਿਰਾਵਟ ਮਈ ਮਹੀਨੇ ਤੋਂ ਸ਼ੁਰੂ ਹੋਈ ਸੀ, ਜਦੋਂ ਭਾਰਤ-ਪਾਕਿਸਤਾਨ ਫੌਜੀ ਟਕਰਾਅ ਕਾਰਨ ਹਵਾਈ ਅੱਡੇ ਤੋਂ ਉਡਾਣਾਂ ਦਾ ਸੰਚਾਲਨ ਪ੍ਰਭਾਵਿਤ ਹੋਇਆ ਸੀ।ਇਸ ਦੌਰਾਨ ਹਵਾਈ ਅੱਡਾ ਕੁੱਝ ਸਮੇਂ ਲਈ ਅਸਥਾਈ ਤੌਰ 'ਤੇ ਬੰਦ ਰਿਹਾ ਅਤੇ ਗਰਮੀਆਂ ਦੇ ਮਹੀਨਿਆਂ ਦੌਰਾਨ ਘਰੇਲੂ ਅਤੇ ਅੰਤਰਰਾਸ਼ਟਰੀ ਉਡਾਣਾਂ ਦੀ ਗਿਣਤੀ ਵਿੱਚ ਵੱਡੀ ਗਿਰਾਵਟ ਆਈ ਸੀ।2025 ਦੀ ਸ਼ੁਰੂਆਤ ਕਾਫੀ ਮਜ਼ਬੂਤ ਰਹੀ ਸੀ ਅਤੇ ਜਨਵਰੀ ਤੋਂ ਅਪ੍ਰੈਲ ਤਕ ਯਾਤਰੀ ਆਵਾਜਾਈ ਵਿੱਚ 7 ਤੋਂ 19 ਫੀਸਦੀ ਤੱਕ ਵਾਧਾ ਦਰਜ ਕੀਤਾ ਗਿਆ।ਇਸ ਸਮੇਂ ਅੰਮ੍ਰਿਤਸਰ ਹਵਾਈ ਅੱਡਾ ਦੁਬਈ, ਸ਼ਾਰਜਾਹ, ਦੋਹਾ, ਬਰਮਿੰਘਮ, ਲੰਡਨ ਗੈਟਵਿੱਕ, ਸਿੰਗਾਪੁਰ, ਕੁਆਲਾਲੰਪੁਰ ਅਤੇ ਬੈਂਕਾਕ ਵਰਗੇ ਅੰਤਰਰਾਸ਼ਟਰੀ ਅਤੇ ਦਿੱਲੀ, ਮੁੰਬਈ, ਬੈਂਗਲੁਰੂ, ਸ੍ਰੀਨਗਰ, ਅਹਿਮਦਾਬਾਦ, ਹੈਦਰਾਬਾਦ, ਕੁੱਲੂ ਅਤੇ ਪੁਣੇ ਨਾਲ ਜੁੜਿਆ ਹੋਇਆ ਹੈ।



## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਪਿੰਡਾਂ 'ਚ ਨਵੀਆਂ ਇਕਾਈਆਂ ਦਾ ਗਠਨ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅਧੀਨ ਆਉਂਦੇ ਪਿੰਡ ਲਿੱਧੜ ਅਤੇ ਭਲੋਜਲਾ ਵਿਖੇ ਜਥੇਬੰਦੀ ਦੇ ਸੰਵਿਧਾਨ ਅਨੁਸਾਰ ਪਿਛਲੇ ਤਿੰਨਾਂ ਸਾਲਾਂ ਤੋਂ ਬਣੀਆਂ ਇਕਾਈਆਂ ਨੂੰ ਭੰਗ ਕਰਕੇ ਦੁਬਾਰਾ ਪੁਨਰਗਠਨ ਜ਼ਿਲ੍ਹਾ ਤਰਨਤਾਰਨ ਦੇ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ ਅਤੇ ਜ਼ੋਨ ਸਕੱਤਰ ਸਤਨਾਮ ਸਿੰਘ ਖੋਜਕੀਪੁਰ ਦੀ ਦੇਖ-ਰੇਖ ਹੇਠ ਕੀਤਾ ਗਿਆ ਜਿਸ ਵਿਚ ਕੁੱਝ ਨਵੇਂ ਮੈਂਬਰਾਂ ਨੂੰ ਸ਼ਾਮਿਲ ਕੀਤਾ ਗਿਆ।

ਜਗਜੀਤ ਸਿੰਘ ਪਿੰਡ ਭਲੋਜਲਾ ਅਤੇ ਬਿੱਕਰ ਸਿੰਘ ਨੂੰ ਪਿੰਡ ਲਿੱਧੜ ਇਕਾਈਆਂ ਦੇ ਪ੍ਰਧਾਨ ਚੁਣਿਆ ਅਤੇ ਨਾਲ 11 ਮੈਂਬਰੀ ਟੀਮਾਂ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਮੌਕੇ ਜ਼ੋਨ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਵੈਰੋਵਾਲ ਬਾਵਿਆਂ, ਜ਼ੋਨ ਖਜ਼ਾਨਚੀ ਸਾਹਿਬ ਸਿੰਘ ਨਰੋਤਮਪੁਰ, ਸੀਨੀਅਰ ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਸਕੱਤਰ, ਅਮਰਜੀਤ ਸਿੰਘ ਖਜਾਨਚੀ, ਸੁਖਦੇਵ ਸਿੰਘ ਮੀਤ ਪ੍ਰਧਾਨ, ਰਣਜੀਤ ਸਿੰਘ ਮੀਤ ਸਕੱਤਰ, ਅਮਰੀਕ ਸਿੰਘ ਸਹਾਇਕ ਖਜ਼ਾਨਚੀ, ਬਲਜਿੰਦਰ ਸਿੰਘ ਜਥੇਬੰਦਕ ਸਕੱਤਰ, ਸੰਦੀਪ ਸਿੰਘ ਮੀਤ ਪ੍ਰਧਾਨ, ਹਰਜਿੰਦਰ ਸਿੰਘ ਪ੍ਰੈੱਸ ਸਕੱਤਰ, ਜੋਬਨਜੀਤ ਸਿੰਘ ਗਿੱਲ ਸਹਾਇਕ ਪ੍ਰੈੱਸ ਸਕੱਤਰ, ਕਾਬਲ ਸਿੰਘ ਮੈਂਬਰ ਤੋਂ ਇਲਾਵਾ ਵੱਡੀ ਗਿਣਤੀ 'ਚ ਸਾਥੀ ਹਾਜ਼ਰ ਸਨ।

# ਫੀਲਡ ਪੱਤਰਕਾਰ ਐਸੋਸੀਏਸ਼ਨ ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਵੱਲੋਂ ਅਹਿਮ ਮਤੇ ਪਾਸ

ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)-ਫੀਲਡ ਪੱਤਰਕਾਰ ਐਸੋਸੀਏਸ਼ਨ ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਵੱਲੋਂ ਸਾਲ 2025 ਨੂੰ ਅਲਵਿਦਾ ਕਹਿੰਦਿਆਂ ਅਤੇ ਸਾਲ 2026 ਨੂੰ ਜੀ ਆਇਆਂ ਕਹਿਣ ਲਈ ਇਕ ਅਹਿਮ ਮੀਟਿੰਗ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ ਦੀ ਪ੍ਰਧਾਨਗੀ ਹੇਠ ਬਾਬਾ ਮੱਖਣ ਸ਼ਾਹ ਲੁਬਾਣਾ ਸਰਾਂ ਬਾਬਾ ਬਕਾਲਾ ਸਾਹਿਬ ਵਿਖੇ ਕੀਤੀ ਗਈ।ਇਸ ਮੌਕੇ ਐਸੋਸੀਏਸ਼ਨ ਦੇ ਸਲਾਹਕਾਰ ਹਰਜੀਪ੍ਰੀਤ ਸਿੰਘ ਕੰਗ ਅਤੇ ਸਰਕਲ ਮਹਿਤਾ ਦੇ ਪ੍ਰਧਾਨ ਕੈਪਟਨ ਸਿੰਘ ਉਚੇਚੇ ਤੌਰ 'ਤੇ ਪੁੱਜੇ ।ਸਭ ਤੋਂ ਪਹਿਲਾਂ ਮੀਤ ਪ੍ਰਧਾਨ ਬਾਬਾ ਸੁਖਵੰਤ ਸਿੰਘ ਚੰਨਣਕੇ ਦੀ ਧਰਮ ਸੁਪਤਨੀ ਬੀਬੀ ਹਰਜਿੰਦਰ ਕੌਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਉਪਰੰਤ ਫੀਲਡ ਪੱਤਰਕਾਰ ਐਸੋਸੀਏਸ਼ਨ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਕੀਤਾ ਕੀਤਾ ਗਿਆ ਅਤੇ ਖਜ਼ਾਨਚੀ ਰਣਜੀਤ ਸਿੰਘ ਸੰਧੂ ਵੱਲੋਂ ਪਿਛਲੇ ਸਾਲ ਦਾ ਖਰਚ-ਆਮਦਨ ਦਾ ਵੇਰਵਾ ਦਿੱਤਾ ਗਿਆ ।ਇਸ ਮੌਕੇ ਸਾਲ 2026-27 ਲਈ ਨਵੇਂ ਪ੍ਰੋਗਰਾਮ ਉਲੀਕਣ ਤੋਂ ਇਲਾਵਾ ਤਹਿਸੀਲ ਪੱਧਰ ਦਾ ਮੌਜੂਦਾ ਪੱਤਰਕਾਰਤਾ ਦੇ ਵਿਸ਼ੇ 'ਤੇ ਸੈਮੀਨਾਰ ਕਰਵਾਉਣ, ਨਵੇਂ ਵਰ੍ਹੇ 2026-27 ਲਈ ਸਮੂਹ ਮੈਂਬਰਾਂ/ਅਹੁਦੇਦਾਰਾਂ ਨੂੰ ਨਵੇਂ ਸ਼ਨਾਖਤੀ ਕਾਰਡ ਜਾਰੀ ਕਰਨ, ਨਵੇਂ ਸਾਲ ਦੇ ਕੈਲੰਡਰ ਅਤੇ ਡਾਇਰੀਆਂ ਜਾਰੀ ਕਰਨ ਸਬੰਧੀ ਵਿਚਾਰਾਂ ਤੋਂ ਇਲਾਵਾ ਫੀਲਡ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਦਰਪੇਸ਼ ਮੁਸ਼ਕਲਾਂ 'ਤੇ ਵਿਚਾਰਾਂ ਕੀਤੀਆਂ ਗਈਆਂ ।ਇਸ ਮੌਕੇ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸੁਰਿੰਦਰਪਾਲ ਸਿੰਘ ਲੱਡੂ ਨੂੰ ਉਨ੍ਹਾਂ ਦੀ ਧਰਮ ਸੁਪਤਨੀ ਕਮਲੇਸ਼ ਰਾਣੀ ਨੂੰ ਬਿਨਾਂ ਮੁਕਾਬਲੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਚੁਣੇ ਜਾਣ ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ।ਨਵੇਂ ਬਣੇ ਮੈਂਬਰ ਹਰਕੰਵਲਜੀਤ ਸਾਹਿਲ (7-ਰੀਵਰ) ਨੂੰ ਜੀ ਆਇਆਂ ਕਿਹਾ ਗਿਆ ।ਇਸ ਮੌਕੇ ਧਰਮਿੰਦਰ ਸਿੰਘ ਭੰਮਰਾ, ਜਗੀਰ ਸਿੰਘ ਸਫਰੀ, ਪਰਮਜੀਤ ਸਿੰਘ ਰੱਖੜਾ, ਅਤਰ ਸਿੰਘ ਤਰਸਿੱਕਾ, ਹਰਜੀਤ ਸਿੰਘ ਬੁਤਾਲਾ, ਗੌਰਵ ਜੋਸ਼ੀ, ਲੱਖਾ ਸਿੰਘ ਅਜ਼ਾਦ, ਬਲਵਿੰਦਰ ਸਿੰਘ ਅਠੌਲ੍ਹਾ, ਗੁਰਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ, ਹਰਜੀਪ੍ਰੀਤ ਸਿੰਘ ਕੰਗ, ਕੈਪਟਨ ਸਿੰਘ ਮਹਿਤਾ, ਸੁਰਿੰਦਰਪਾਲ ਸਿੰਘ ਲੱਡੂ, ਸੁਖਵਿੰਦਰ ਸਿੰਘ ਚਾਹਲ, ਰਣਜੀਤ ਸਿੰਘ ਸੰਧੂ, ਸੁਸ਼ੀਲ ਅਰੋੜਾ, ਸੁਰਜੀਤ ਸਿੰਘ ਬੁਤਾਲਾ, ਡਾ: ਸਰਬਜੀਤ ਸਿੰਘ ਬਿੱਲਾ, ਅਮਰਜੀਤ ਸਿੰਘ ਬੁੱਟਰ, ਜਸਪਾਲ ਸਿੰਘ ਗੱਗੜਭਾਣਾ, ਕਮਲਪ੍ਰੀਤ ਸਿੰਘ ਹੈਪੀ, ਸਕੱਤਰ ਸਿੰਘ ਪੁਰੇਵਾਲ, ਸੁਖਵਿੰਦਰ ਸਿੰਘ ਗਿੱਲ, ਰਾਜਦੀਪ ਸਿੰਘ ਮਹਿਤਾ, ਗੁਰਮੁੱਖ ਸਿੰਘ ਪੱਡਾ, ਨਿਰਮਲ ਸਿੰਘ ਸੰਘਾ, ਸਤਨਾਮ ਸਿੰਘ ਨੌਰੰਗਪੁਰੀ, ਜੱਗਾ ਸਿੰਘ ਖਾਨਪੁਰ, ਅਮਰਵੀਰ ਸਿੰਘ ਅਜ਼ਾਦ, ਹਰਮਨਪ੍ਰੀਤ ਸਿੰਘ ਗਿੱਲ ਆਦਿ ਪੱਤਰਕਾਰ ਹਾਜ਼ਰ ਸਨ ।



## ਹਲਕਾ ਇੰਚਾਰਜ ਰਮਨ ਬਹਿਲ ਵੱਲੋਂ ਲੋਕਾਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ

ਗੁਰਦਾਸਪੁਰ (ਦਿਨੇਸ਼ ਕੁਮਾਰ)-ਸ਼੍ਰੀ ਰਮਨ ਬਹਿਲ ਹਲਕਾ ਇੰਚਾਰਜ ਨੇ ਗੁਰਦਾਸਪੁਰ ਵਾਸੀਆਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੰਦਿਆਂ ਸਾਰਿਆਂ ਲਈ ਖੁਸ਼ਹਾਲੀ, ਵਿਕਾਸ ਤੇ ਅਮਨ-ਸ਼ਾਂਤੀ ਦੀ ਅਰਦਾਸ ਕੀਤੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿਛਲੇ ਕਰੀਬ ਚਾਰ ਸਾਲਾਂ ਵਿੱਚ ਰਿਕਾਰਡ ਵਿਕਾਸ ਕਾਰਜ ਕਰਵਾਏ ਹਨ ਅਤੇ ਨਵੇਂ ਸਾਲ-2026 ਵਿੱਚ ਵੀ ਵਿਕਾਸ ਕਾਰਜ ਜਾਰੀ ਰਹਿਣਗੇ।ਉਨ੍ਹਾਂ ਕਿਹਾ ਕਿ ਹਲਕੇ ਅੰਦਰ ਸਰਬਪੱਖੀ ਵਿਕਾਸ ਕਾਰਜਾਂ ਲਈ ਉਹ ਵਚਨਬੱਧ ਹਨ ਅਤੇ ਵਿਕਾਸ ਕਾਰਜਾਂ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਚੇਅਰਮੈਨ ਭਾਰਤ ਭੂਸ਼ਣ ਸ਼ਰਮਾ, ਸੀਨੀਅਰ ਆਗੂ ਨੀਰਜ ਸਲਹੋਤਰਾ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸੁੱਚਾ ਸਿੰਘ ਮੁਲਤਾਨੀ ਵੀ ਮੌਜੂਦ ਸਨ।



## ਰੋਟੇਰੀਅਨ ਪਰਮੀਤ ਸਿੰਘ ਹੋਣਗੇ 2026-27 ਦੇ ਪ੍ਰਧਾਨ, ਮਨਿੰਦਰ ਕੌਰ ਸਕੱਤਰ

ਅੰਮ੍ਰਿਤਸਰ (ਅਰੋੜਾ): ਰੋਟਰੀ ਇੰਟਰਨੈਸ਼ਨਲ ਵੱਲੋਂ ਨਿਰਧਾਰਿਤ ਨਿਯਮਾਂ ਦੇ ਅਨੁਸਾਰ ਹਰੇਕ ਰੋਟਰੀ ਕਲੱਬ ਦੇ ਅਗਲੇ ਸਾਲ ਦੇ ਪ੍ਰਧਾਨ ਅਤੇ ਸਕੱਤਰ ਦਾ ਐਲਾਨ ਕੀਤੇ ਜਾਣ ਦੀ ਪ੍ਰਥਾ ਲਗਾਤਾਰ ਚੱਲਦੀ ਆ ਰਹੀ ਹੈ।



ਇਸ ਵਾਰ ਵੀ ਰੋਟਰੀ ਕਲੱਬ ਨਾਰਥ ਦੀ ਚੋਣ ਬੈਠਕ ਕਲੱਬ ਦੇ ਪ੍ਰਧਾਨ ਵਰੁਣ ਕੱਕੜ ਅਤੇ ਪੈਟਰਨ ਡਾ. ਕੁਲਦੀਪ ਸਿੰਘ ਅਰੋੜਾ, ਸੀਨੀਅਰ ਰੋਟੇਰੀਅਨ ਡਾ. ਜੀ. ਐੱਸ. ਮਦਾਨ ਦੀ ਦੇਖ-ਰੇਖ ਵਿੱਚ ਸੰਪੰਨ ਹੋਈ।ਬੈਠਕ ਵਿੱਚ ਮੈਂਬਰਾਂ ਨੇ ਸਰਬਸੰਮਤੀ ਨਾਲ ਇੰਜੀ. ਪਰਮੀਤ ਸਿੰਘ ਨੂੰ 26- 27 ਦੇ ਲਈ ਪ੍ਰਧਾਨ ਅਤੇ ਮਨਿੰਦਰ ਕੌਰ ਅਰੋੜਾ ਨੂੰ ਸਕੱਤਰ ਦੇ ਅਹੁਦੇ ਦੀ ਜ਼ਿੰਮੇਵਾਰੀ ਸੌਂਪੇ ਜਾਣ ਦਾ ਐਲਾਨ ਕੀਤਾ। ਕਲੱਬ ਦੇ ਚੋਣ ਅਧਿਕਾਰੀ ਦੀ ਜ਼ਿੰਮੇਵਾਰੀ ਗੁਰਮੀਤ ਸਿੰਘ ਹੀਰਾ ਨੇ ਨਿਭਾਈ। ਬੋਰਡ ਦੇ ਸਾਰੇ ਮੈਂਬਰਾਂ ਨੇ ਇਸ ਐਲਾਨ ਨੂੰ ਆਪਣੀ ਸਹਿਮਤੀ ਪ੍ਰਗਟ ਕੀਤੀ।ਰੋਟਰੀ ਦੇ ਸਾਬਕਾ ਸਹਾਇਕ ਗਵਰਨਰ ਸੰਜੇ ਮਲਿਕ, ਰੋਟਰੀ ਐਡੀਟਰ ਰਸਜੀਤ ਸਿੰਘ ਖੇੜਾ, ਸਾਬਕਾ ਸਹਾਇਕ ਗਵਰਨਰ ਕਲੱਬ ਦੇ ਐੱਮ. ਓ. ਸੀ. ਆਰ. ਐੱਸ. ਚੱਠਾ ਨੇ ਇਸ ਨਿਯੁਕਤੀ ਦੀ ਭਰਪੂਰ ਸ਼ਲਾਘਾ ਕੀਤੀ।ਕਲੱਬ ਦੇ ਵੱਲੋਂ ਆਉਣ ਵਾਲੇ ਪ੍ਰਧਾਨ ਅਤੇ ਸਕੱਤਰ ਨੂੰ ਮੋਤੀਆਂ ਦੀਆਂ ਮਾਲਾਵਾਂ ਪਹਿਨਾ ਕੇ ਸਨਮਾਨਿਤ ਕੀਤਾ।

ਇਸ ਮੌਕੇ ਕਲੱਬ ਦੀ ਪ੍ਰਥਮ ਮਹਿਲਾ ਨੇਹਾ ਕੱਕੜ, ਪ੍ਰੋਫੈਸਰ ਹਰਜਿੰਦਰ ਕੌਰ, ਅਮਨਦੀਪ ਕੌਰ, ਰੋਟੇਰੀਅਨ ਟੀ. ਪੀ. ਐੱਸ. ਚਾਵਲਾ, ਰੋਟੇਰੀਅਨ ਜੇ. ਐੱਸ. ਸੋਖੀ, ਵਿਪਨ ਲੂੰਬਾ, ਸਾਬਕਾ ਪ੍ਰਧਾਨ ਰਮੇਸ਼ ਕੱਕੜ, ਸੋਖੀ, ਹਰਮੀਤ ਅਰੋੜਾ, ਇੰਦਰਮੋਹਨ ਮਹਿਰਾ ਸਹਿਤ ਭਾਰੀ ਗਿਣਤੀ ਵਿੱਚ ਰੋਟਰੀ ਮੈਂਬਰ ਮੌਜੂਦ ਸਨ।

## ਤਿਰੂਪਤੀ ਬਾਲਾਜੀ ਵਿਖੇ ਨਤਮਸਤਕ ਹੋਏ ਤਰੁਣ ਚੁੱਘ

ਛੇਹਰਟਾ, (ਮਨੋਜ ਕੁਮਾਰ)-ਬੈਕੁੰਠ ਇਕਾਦਸ਼ੀ ਦੇ ਪਵਿੱਤਰ ਮੌਕੇ 'ਤੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਦੇਸ਼ ਵਾਸੀਆਂ ਨੂੰ ਹਾਰਦਿਕ ਸ਼ੁੱਭ ਕਾਮਨਾਵਾਂ ਦਿੱਤੀਆਂ। ਤਰੁਣ ਚੁੱਘ ਨੇ ਕਿਹਾ ਕਿ ਉਨ੍ਹਾਂ ਨੂੰ ਆਪਣੀ ਮਾਤਾ ਕਵਿਤਾ ਚੁੱਘ ਨਾਲ ਤਿਰੂਪਤੀ ਬਾਲਾਜੀ ਵਿਖੇ ਸ਼੍ਰੀਹਰਿ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਇਹ ਅਧਿਆਤਮਿਕ ਅਨੁਭਵ ਉਨ੍ਹਾਂ ਦੇ ਜੀਵਨ ਵਿਚ ਨਵੀਂ ਊਰਜਾ, ਸ਼ਾਂਤੀ ਤੇ ਸ਼ਰਧਾ ਦਾ ਸੰਚਾਰ ਕਰਨ ਵਾਲਾ ਰਿਹਾ। ਉਨ੍ਹਾਂ ਕਿਹਾ ਕਿ ਭਗਵਾਨ ਵੈਂਕਟੇਸ਼ਵਰ ਦੇ ਦਰਸ਼ਨਾਂ ਨਾਲ ਮਨ ਵਿਚ ਅਥਾਹ ਸ਼ਾਂਤੀ, ਡੂੰਘੀ ਸ਼ਰਧਾ ਅਤੇ ਅਦਭੁੱਤ ਅਧਿਆਤਮਿਕ ਊਰਜਾ ਦਾ ਅਨੁਭਵ ਹੋਇਆ, ਜੋ ਧਰਮ ਤੇ ਸੰਸਕਾਰਾਂ ਦੇ ਮਾਰਗ 'ਤੇ ਲਗਾਤਾਰ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਚੁੱਘ ਨੇ ਕਿਹਾ ਕਿ ਆਂਧਰਾ ਪ੍ਰਦੇਸ਼ ਦੀਆਂ ਪਵਿੱਤਰ ਤਿਰੂਮਾਲਾ ਪਹਾੜੀਆਂ 'ਤੇ ਸਥਿਤ ਸ਼੍ਰੀ ਵੈਂਕਟੇਸ਼ਵਰ ਮੰਦਰ ਨੂੰ ਭੂਲੋਕ ਵੈਕੁੰਠਮ ਕਿਹਾ ਜਾਂਦਾ ਹੈ। ਭਗਵਾਨ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਭਗਵਾਨ ਵੈਂਕਟੇਸ਼ਵਰ ਨੂੰ ਬਾਲਾਜੀ ਜਾਂ ਸ਼੍ਰੀਨਿਵਾਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਚੁੱਘ ਨੇ ਕਿਹਾ ਕਿ ਸਰਕਾਰ ਤੀਰਥ ਸਥਾਨਾਂ ਨੂੰ ਵਿਕਸਤ ਕਰਨ, ਸ਼ਰਧਾਲੂਆਂ ਦੀ ਸਹੂਲਤ ਦੇਣ ਤੇ ਭਾਰਤ ਦੀ ਪ੍ਰਾਚੀਨ ਅਧਿਆਤਮਿਕ ਵਿਰਾਸਤ ਦੀ ਵਿਸ਼ਵਵਿਆਪੀ ਪਛਾਣ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਕੰਮ ਕਰ ਰਹੀ ਹੈ। ਉਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਭਗਵਾਨ ਵੈਂਕਟੇਸ਼ਵਰ ਦੇ ਆਸ਼ੀਰਵਾਦ ਨਾਲ ਇਹ ਯਾਤਰਾ ਹੋਰ ਮਜ਼ਬੂਤ ਹੋਵੇਗਾ ਅਤੇ ਦੇਸ਼ ਨਵੀਆਂ ਉੱਚਾਈਆਂ ਨੂੰ ਛੂਹੇਗਾ।



## ਯੂਥ ਅਗੇਂਸਟ ਡਰੱਗਜ਼ ਮੁਹਿੰਮ ਦੇ ਤਹਿਤ ਮਰੀਜ਼ਾਂ ਨੂੰ ਨਸ਼ਾ ਨਾ ਕਰਨ ਦੀ ਸਹੁੰ ਚੁਕਾਈ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ-ਕਮ-ਜ਼ਿਲਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਅਤੇ ਸੀਜੇਐੱਮ ਰੁਪਿੰਦਰ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਯੂਥ ਅਗੇਂਸਟ ਡਰੱਗਜ਼ ਮੁਹਿੰਮ ਦੇ ਤਹਿਤ ਨਸ਼ਾ ਛੁਡਾਊ ਕੇਂਦਰ ਪਠਾਨਕੋਟ ਵਿੱਚ ਮਨੋ ਰੋਗ ਸਪੈਸ਼ਲਿਸਟ ਡਾਕਟਰ ਸਤਿਆਰਥ ਜਾਂਗਲੀ ਦੀ ਅਗਵਾਈ ਵਿੱਚ ਯੂਥ ਅਗੇਂਸਟ ਡਰੱਗਜ਼ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਡਿਪਟੀ ਚੀਫ ਡਿਫੈਂਸ ਕੌਂਸਲ ਪਲਵਿੰਦਰ ਕੌਰ, ਪੈਨਲ ਐਡਵੋਕੇਟ ਨਵਦੀਪ ਸੈਣੀ, ਐਡਵੋਕੇਟ ਰੱਖੀਆ ਪੰਡਿਤ, ਪੀਐੱਲਵੀ ਵਿਨੋਦ ਕੁਮਾਰ ਅਤੇ ਪੀਐੱਲਵੀ ਰੋਹਿਤ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਨਸ਼ਾ ਨਾ ਕਰਨ ਦੀ ਕਸਮ ਮਰੀਜ਼ਾਂ ਨੂੰ ਦਿਵਾਈ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੁਲਾਰਿਆਂ ਨੇ ਦੱਸਿਆ ਕਿ ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਜ਼ਿਲਾ ਪਠਾਨਕੋਟ ਵਿੱਚ ਜ਼ਿਲਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਦੀ ਅਗਵਾਈ ਵਿੱਚ ਜ਼ਿਲਾ ਪਠਾਨਕੋਟ ਦੇ 6 ਬਲਾਕ ਪਠਾਨਕੋਟ, ਸੁਜਾਨਪੁਰ, ਨਰੋਟ ਜੈਮਲ ਸਿੰਘ, ਬਮਿਆਲ, ਧਾਰ ਅਤੇ ਘਰੋਟਾ ਵਿਖੇ ਯੂਥ ਅਗੇਂਸਟ ਡਰੱਗਜ਼ ਮੁਹਿੰਮ ਦੇ ਤਹਿਤ ਵੱਖ-ਵੱਖ ਸਕੂਲਾਂ ਪਿੰਡਾਂ ਵਿੱਚ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ। ਉਨ੍ਹਾਂ ਨੇ ਅਪੀਲ ਕੀਤੀ ਕਿ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਹੋ ਕੇ ਤੰਦਰੁਸਤ ਬਣੋ ਅਤੇ ਪੰਜਾਬ ਨੂੰ ਨਸ਼ਾ ਮੁਕਤ ਬਣਾਓ। ਇਸ ਮੌਕੇ ਕੌਂਸਲਰ ਮਨਭਾਵਨ ਸਿੰਘ, ਕੌਂਸਲਰ ਕੁਸਮ ਲਤਾ ਆਦਿ ਸ਼ਾਮਿਲ ਸਨ।



## ਚਾਵਾ ਨੇੜੇ ਪੈਂਦੇ ਮੋੜ ਅਤੇ ਸੜਕੀ ਢਲਾਣ ਤੋਂ ਪਹਿਲਾਂ ਸਪੀਡ ਬਰੇਕਰ ਬਣਾਉਣ ਦੀ ਮੰਗ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਮੁੱਖ ਸੜਕ ਵਿਚਕਾਰ ਪੈਂਦੇ ਪਿੰਡ ਚਾਵਾ ਨੇੜੇ ਸੜਕ ਵਿਚ ਟੇਢਾ ਮੋੜ ਅਤੇ ਢਲਾਨ ਹੋਣ ਕਾਰਨ ਆਏ ਦਿਨ ਸੜਕੀ ਹਾਦਸੇ ਹੁੰਦੇ ਰਹਿੰਦੇ ਹਨ ਜਿਸ ਨਾਲ ਲੋਕਾਂ ਦਾ ਜਾਨੀ ਮਾਲੀ ਨੁਕਸਾਨ ਹੁੰਦਾ ਰਹਿੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਲਾਕਾ ਵਾਸੀਆਂ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਸੜਕ ਤੋਂ ਰੋਜ਼ਾਨਾ ਅਤੇ ਪੰਜਾਬ ਅਤੇ ਹੋਰ ਰਾਜਾਂ ਨੂੰ ਹਜ਼ਾਰਾਂ ਗੱਡੀਆਂ ਤੇਜ਼ ਰਫ਼ਤਾਰ ਵਿਚ ਗੁਜ਼ਰਦੀਆਂ ਹਨ ਅਤੇ ਇਥੇ ਢਲਾਨ ਹੋਣ ਕਰਕੇ ਗੱਡੀਆਂ ਦਾ ਸੰਤੁਲਨ ਵਿਗੜਨ ਨਾਲ ਗੱਡੀਆਂ ਪਲਟ ਜਾਂਦੀਆਂ ਹਨ। ਅਕਸਰ ਇਹ ਹਾਦਸੇ ਉਥੇ ਆਮ ਦੇਖਣ ਨੂੰ ਮਿਲਦੇ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਇਕ ਟਿੱਪਰ ਨੇ ਕਈ ਨੌਜਵਾਨਾਂ ਦੀ ਜਾਨ ਲਈ ਸੀ ਜਿਸ ਨਾਲ ਇਲਾਕੇ ਦੇ ਲੋਕ ਅਜੇ ਤੱਕ ਵੀ ਸਹਿਮੇ ਹੋਏ ਨਜ਼ਰ ਆ ਰਹੇ ਹਨ ਅਤੇ ਜਿਹੜੀ ਮਾਰਕੀਟ ਵਿਚ ਟਰੱਕ ਵੱਜਿਆ ਸੀ ਉਹ ਬਿਲਕੁਲ ਖ਼ਤਮ ਹੋ ਗਈ ਹੈ ਤੇ ਲੋਕ ਉਥੇ ਬੈਠਣ ਤੋਂ ਵੀ ਗੁਰੇਜ਼ ਕਰਦੇ ਹਨ ਜਦੋਂ ਕਿ ਉਥੇ ਹਮੇਸ਼ਾਂ ਟੈਂਪੂ ਅਤੇ ਈ ਰਿਕਸ਼ੇ, ਆਟੋ ਆਮ ਖੜੇ ਰਹਿੰਦੇ ਹਨ ਅਤੇ ਇਸ ਚੁਰਾਹੇ ਤੋਂ ਗੁਰਦੁਆਰਾ ਘੱਲੂਘਾਰਾ ਨੂੰ ਸੜਕ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡ ਚਾਵਾ ਨੇੜੇ ਸੜਕ ਵਿਚ ਢਲਾਨ ਅਤੇ ਟੇਢਾਪਣ ਹੋਣ ਕਾਰਨ ਤੇਜ਼ ਰਫ਼ਤਾਰ ਵਾਹਨ ਬੇਕਾਬੂ ਹੋ ਕੇ ਆਪਣੇ ਸਾਹਮਣੇ ਤੋਂ ਆ ਰਹੇ ਵਾਹਨ ਆਪਸ ਵਿਚ ਟਕਰਾ ਜਾਂਦੇ ਹਨ ਅਤੇ ਜਾਨੀ ਮਾਲੀ ਨੁਕਸਾਨ ਹੋ ਜਾਂਦਾ ਹੈ। ਲੋਕਾਂ ਦੀ ਲੋਕ ਨਿਰਮਾਣ ਵਿਭਾਗ ਪਾਸੋਂ ਮੰਗ ਹੈ ਕਿ ਉਪਰੋਕਤ ਜਗ੍ਹਾ 'ਤੇ ਸਪੀਡ ਬਰੇਕਰ ਜਾਂ ਬੈਰੀਕੇਡ ਲਗਾਏ ਜਾਣ ਜਾਂ ਫ਼ਿਰ ਯੋਗ ਪ੍ਰਬੰਧ ਕੀਤੇ ਜਾਣ ਜਿਸ ਨਾਲ ਹਾਦਸੇ ਹੋਣ ਤੋਂ ਬਚਾਅ ਹੋ ਸਕੇ।



## ਜ਼ਿਲ੍ਹਾ ਪੁਲਸ ਵੱਲੋਂ ਵੱਖ-ਵੱਖ ਮਾਮਲਿਆਂ ਵਿੱਚ ਨਸ਼ਾ ਤਸਕਰਾਂ ਖ਼ਿਲਾਫ਼ ਮਾਮਲੇ ਦਰਜ

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਬਹਿਰਾਮਪੁਰ ਪੁਲਸ ਦੇ ਏ. ਐੱਸ. ਆਈ. ਰਮੇਸ਼ ਲਾਲ ਨੇ ਸਮੇਤ ਪੁਲਸ ਪਾਰਟੀ ਗੁਰਮੀਤ ਸਿੰਘ ਪੁੱਤਰ ਦਿਆਲ ਸਿੰਘ ਵਾਸੀ ਰੰਗੜ ਪਿੰਡੀ ਨੂੰ ਕਾਬੂ ਕਰਕੇ 7 ਗਰਾਮ ਹੈਰੋਇਨ ਬਰਾਮਦ ਕੀਤੀ ਹੈ। ਥਾਣਾ ਕਲਾਨੌਰ ਦੇ ਏਐੱਸਆਈ. ਵੈਸ਼ਨੋ ਦਾਸ ਨੇ ਸਮੇਤ ਪੁਲਸ ਪਾਰਟੀ ਸੁਖਵਿੰਦਰ ਮਸੀਹ ਪੁੱਤਰ ਤਾਰ ਮਸੀਹ ਵਾਸੀ ਆਈਟੀਆਈ ਕਲੋਨੀ ਕਲਾਨੌਰ ਨੂੰ ਕਾਬੂ ਕਰਕੇ 6 ਗਰਾਮ, 50 ਮਿਲੀਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਥਾਣਾ ਦੀਨਾਨਗਰ ਦੇ ਏਐੱਸਆਈ ਰਜਿੰਦਰ ਕੁਮਾਰ ਨੇ ਸਮੇਤ ਪੁਲਸ ਪਾਰਟੀ ਰੋਹਿਤ ਮਸੀਹ ਪੁੱਤਰ ਸਾਹਿਬ ਮਸੀਹ ਵਾਸੀ ਰਾਮਨਗਰ ਨੂੰ ਕਾਬੂ ਕਰਕੇ ਉਸ ਪਾਸੋਂ 7 ਗਰਾਮ ਹੈਰੋਇਨ ਬਰਾਮਦ ਕੀਤੀ ਹੈ। ਥਾਣਾ ਧਾਰੀਵਾਲ ਦੇ ਏਐੱਸਆਈ ਬਲਬੀਰ ਸਿੰਘ ਨੇ ਸਮੇਤ ਪੁਲਸ ਪਾਰਟੀ ਸੌਰਵ ਸ਼ਰਮਾ ਪੁੱਤਰ ਸਤਿੰਦਰਪਾਲ ਸ਼ਰਮਾ ਵਾਸੀ ਪੁਰਾਣਾ ਧਾਰੀਵਾਲ ਨੂੰ ਕਾਬੂ ਕਰਕੇ ਉਸ ਪਾਸੋਂ 19 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਥਾਣਾ ਭੈਣੀ ਮੀਆਂ ਖਾਂ ਦੇ ਏਐੱਸਆਈ ਤੀਰਥ ਰਾਮ ਨੇ ਸਮੇਤ ਪੁਲਸ ਪਾਰਟੀ ਨਾ-ਮਾਲੂਮ ਵਿਅਕਤੀ ਵੱਲੋਂ ਰੱਖੇ 2 ਕੈਨ ਪਲਾਸਟਿਕ ਬਰਾਮਦ ਹੋਏ ਜਿਨ੍ਹਾਂ ਨੂੰ ਖੋਲ੍ਹ ਕੇ ਚੈੱਕ ਕੀਤਾ ਜਿਨ੍ਹਾਂ ਵਿਚੋਂ 40,500 ਐੱਮ.ਐੱਲ. ਸ਼ਰਾਬ ਨਜਾਇਜ਼ ਬਰਾਮਦ ਹੋਈ ਹੈ। ਪੁਲਸ ਨੇ ਵੱਖ-ਵੱਖ ਕਥਿਤ ਦੋਸ਼ੀਆਂ ਨੂੰ ਕਾਬੂ ਕਰਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਪ੍ਰਕਾਸ਼ ਦਿਹਾੜੇ ਸਬੰਧੀ ਪ੍ਰਭਾਤ ਫੇਰੀਆਂ ਸ਼ੁਰੂ



ਮਜੀਠਾ (ਸੋਇਮ ਆਨੰਦ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਜੀ ਵਿਖੇ ਬੜੀ ਸ਼ਰਧਾ ਨਾਲ ਮਨਾਏ ਜਾ ਰਹੇ ਹਨ, ਜਿਸ ਸਬੰਧੀ ਪ੍ਰਬੰਧਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰਕਾਸ਼ ਦਿਹਾੜੇ ਸਬੰਧੀ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ ਜਿਸ ਵਿੱਚ ਸੰਗਤਾਂ ਵੱਲੋਂ ਸਾਰੇ ਰਸਤੇ ਗੁਰੂ ਸਾਹਿਬ ਦੀ ਜੀਵਨੀ ਅਧਾਰਤ ਪ੍ਰਸੰਗ ਗਾਏ ਜਾਂਦੇ ਹਨ।ਵੱਖ-ਵੱਖ ਪੜਾਵਾਂ ਵਿੱਚ ਸੰਗਤਾਂ ਲਈ ਚਾਹ ਪਕੌੜਿਆਂ ਦੇ ਲੰਗਰ ਵਰਤਾਏ ਜਾਂਦੇ ਹਨ।ਇਹ ਪ੍ਰਭਾਤ ਫੇਰੀਆਂ 3 ਜਨਵਰੀ ਤੱਕ ਚੱਲਣਗੀਆਂ ਅਤੇ 4 ਜਨਵਰੀ ਨੂੰ ਨਗਰ ਕੀਰਤਨ ਸਜਾਏ ਜਾਣਗੇ ਅਤੇ ਪੰਜ ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਰੀ ਦਿਵਾਨ ਸਜਾਏ ਜਾਣਗੇ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨੀ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।ਇਸ ਮੌਕੇ ਗ੍ਰੰਥੀ ਪਲਵਿੰਦਰ ਸਿੰਘ, ਗ੍ਰੰਥੀ ਰਣਜੀਤ ਸਿੰਘ ਪੰਨੂੰ, ਗ੍ਰੰਥੀ ਸੁਖਦੇਵ ਸਿੰਘ, ਪਲਵਿੰਦਰ ਸਿੰਘ ਸ਼ਾਹ, ਰਸ਼ਪਾਲ ਸਿੰਘ, ਦੇਸਾ ਸਿੰਘ, ਸੁੱਚਾ ਸਿੰਘ, ਸੁਰਿੰਦਰ ਸਿੰਘ, ਬਲਬੀਰ ਸਿੰਘ, ਗੁਰਬਚਨ ਸਿੰਘ, ਲਖਵਿੰਦਰ ਸਿੰਘ, ਨਰਿੰਦਰ ਸਿੰਘ, ਪ੍ਰਤਾਪ ਸਿੰਘ, ਬਲਜੀਤ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਹੁੰਦੀਆਂ ਹਨ।

# ਜੈਂਤੀਪੁਰ 'ਚ ਬਿਜਲੀ ਬੋਰਡ ਅਧਿਕਾਰੀਆਂ ਅਤੇ ਪਿੰਡ ਵਾਸੀਆਂ ਵਿਚਾਲੇ ਤਕਰਾਰ

• ਅਮਨਦੀਪ ਦੀ ਅਗਵਾਈ 'ਚ ਸ਼ੇਖੂਪੁਰ ਮੋੜ 'ਤੇ ਲੋਕਾਂ ਹਾਈਵੇ ਕੀਤਾ ਜਾਮ


ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)-ਪਿੰਡ ਜੈਂਤੀਪੁਰ ਵਿਖੇ ਬਿਜਲੀ ਬੋਰਡ ਅਧਿਕਾਰੀਆਂ ਅਤੇ ਪਿੰਡ ਵਾਸੀਆਂ ਵਿੱਚ ਤਕਰਾਰ ਹੋਇਆ। ਇਸ ਸਬੰਧੀ ਗੱਲਬਾਤ ਕਰਦਿਆਂ ਬਟਾਲਾ ਤੋਂ ਸੀਨੀਅਰ ਕਾਂਗਰਸੀ ਆਗੂ ਅਮਨਦੀਪ ਸਿੰਘ ਜੈਂਤੀਪੁਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਤੜਕ ਸਾਰ ਸਵੇਰੇ ਸਾਡੇ ਪਿੰਡ ਵਿੱਚ ਰੰਜਿਸ਼ ਤਹਿਤ ਬਿਜਲੀ ਅਧਿਕਾਰੀਆਂ ਵੱਲੋਂ ਲੋਕਾਂ ਦੇ ਘਰਾਂ ਵਿੱਚ ਵੜ ਕੇ ਰੇਡ ਕੀਤੀ ਗਈ ਅਤੇ ਲੋਕਾਂ ਨੂੰ ਪਰੇਸ਼ਾਨ ਕੀਤਾ ਗਿਆ ਅਤੇ ਕੁਝ ਔਰਤਾਂ ਦੇ ਹੱਥੋਪਾਈ ਦੌਰਾਨ ਲੀੜੇ ਵੀ ਪਾੜ ਗਏ। ਪੁਲਸ ਪ੍ਰਸ਼ਾਸਨ ਨੂੰ ਵੀ ਇਸ ਸਬੰਧੀ ਬੇਨਤੀ ਕੀਤੀ ਗਈ ਕਿ ਉਹ ਪਿੰਡ ਵਿੱਚ ਜਲਦੀ ਤੋਂ ਜਲਦੀ ਪਹੁੰਚਣ ਪਰ ਕੋਈ ਵੀ ਅਧਿਕਾਰੀ ਨਹੀਂ ਪਹੁੰਚਿਆ। ਇਸ ਸਬੰਧੀ ਪਿੰਡ ਵਾਸੀਆਂ ਵੱਲੋਂ ਮੰਗ ਕੀਤੀ ਜਾ ਰਹੀ ਕਿ ਬਿਜਲੀ ਬੋਰਡ ਦੇ ਅਧਿਕਾਰੀਆਂ ਖਿਲਾਫ ਪਰਚਾ ਦਰਜ ਕੀਤਾ ਜਾਵੇ। ਪੁਲਸ ਵੱਲੋਂ ਕੋਈ ਵੀ ਕਾਰਵਾਈ ਨਾ ਕਰਨ 'ਤੇ ਪਿੰਡ ਵਾਸੀਆਂ ਨੇ ਨੈਸ਼ਨਲ ਹਾਈਵੇ ਸ਼ੇਖੂਪੁਰ ਵਿਖੇ ਜਾਮ ਕੀਤਾ ਅਤੇ ਪੰਜਾਬ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਸਬੰਧੀ ਦੂਜੀ ਧਿਰ ਦੇ ਸੁਖਜਿੰਦਰ ਸਿੰਘ ਨੇ ਦੱਸਿਆ ਕਿ ਸਾਡੇ ਮੁਲਾਜ਼ਮ ਸਵੇਰੇ 8 ਕੁ ਵਜੇ ਦੇ ਕਰੀਬ ਪਿੰਡ ਵਿੱਚ ਮੀਟਰ ਚੈਕਿੰਗ ਲਈ ਆਏ। ਇਕਦਮ ਪਿੰਡ ਦੇ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਲੋਕਾਂ ਵੱਲੋਂ ਸਾਡੇ ਮੁਲਾਜ਼ਮਾਂ 'ਤੇ ਹਮਲਾ ਕਰ ਦਿੱਤਾ ਤੇ ਤੂੰ ਤੂੰ ਮੈਂ ਮੈਂ ਦੌਰਾਨ ਸਾਨੂੰ ਉਥੋਂ ਪਿੰਡ ਵਿੱਚੋਂ ਭੱਜਣਾ ਪਿਆ, ਅਸੀਂ ਕਿਸੇ ਦੇ ਵੀ ਲੀੜੇ ਨਹੀਂ ਪਾੜੇ। ਵੱਡੀ ਗਿਣਤੀ ਵਿੱਚ ਔਰਤਾਂ ਸਾਡੇ ਮੁਲਾਜ਼ਮਾਂ ਨੂੰ ਗਾਲ ਮੰਦਾ ਕਰ ਰਹੀਆਂ ਸਨ। ਪੁਲਸ ਪ੍ਰਸ਼ਾਸਨ ਪਹੁੰਚ ਕੇ ਮਸਲੇ ਨੂੰ ਸ਼ਾਂਤ ਕਰਨ ਦਾ ਯਤਨ ਕਰ ਰਿਹਾ ਸੀ। ਡੀਐਸਪੀ ਧਰਮਿੰਦਰ ਕਲਿਆਣ, ਡੀਐੱਸਪੀ ਇੰਦਰਜੀਤ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਅਮਨਦੀਪ ਜੈਂਤੀਪੁਰ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਜੋ ਵੀ ਕਾਰਵਾਈ ਬਣਦੀ ਹੈ ਪਿੰਡ ਵਾਸੀਆਂ ਦੇ ਬਿਆਨਾਂ ਦੇ ਅਧਾਰ ਤੇ ਕਰਨਗੇ ਅਤੇ ਧਰਨਾ ਚੁੱਕ ਲਿਆ ਗਿਆ। ਇਸ ਸਬੰਧੀ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਗਰੀਬ ਘਰਾਂ ਦੀ ਚੈਕਿੰਗ ਕਰਕੇ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਜਦਕਿ 600 ਯੂਨਿਟ ਬਿਜਲੀ ਮਾਫ ਹੈ। ਉਨ੍ਹਾਂ ਕਿਹਾ ਕਿ ਜੇਕਰ ਪੀੜਤ ਪਰਿਵਾਰਾਂ ਨੂੰ ਇਨਸਾਫ ਨਾ ਮਿਲਿਆ ਤਾਂ ਮਜਬੂਰਨ ਪਰਿਵਾਰਾਂ ਦੇ ਹੱਕ ਵਿੱਚ ਆਉਣਾ ਪਵੇਗਾ। ਇਸ ਮੌਕੇ ਦੋ ਤਿੰਨ ਸੀਨੀਅਰ ਕਾਂਗਰਸੀ ਆਗੂ ਅਮਨਦੀਪ ਸਿੰਘ, ਸੰਦੀਪ ਸਿੰਘ ਕਾਲੂ, ਸਰਪੰਚ ਗੁਰਮੀਤ ਸਿੰਘ ਬੱਲ, ਸਾਬਕਾ ਸਰਪੰਚ ਗੁਰਨਾਮ ਸਿੰਘ ਚਾਚੋਵਾਲੀ, ਬੌਬੀ ਸੋਢੀ, ਹੈਪੀ ਜੈਂਤੀਪੁਰ, ਨੰਬਰਦਾਰ ਨਿਰਮਲ ਸਿੰਘ, ਸੁਧੀਰ ਕੁਮਾਰ, ਸੋਨੂ ਸੋਢੀ, ਡਿੰਪਲ ਸੋਢੀ, ਲਵਦੀਪ ਸਿੰਘ ਬੱਲ, ਗੋਪਾਲ ਸਿੰਘ ਖੋਸਲਾ, ਮੰਨੂ ਖੋਸਲਾ, ਮੰਗਲ ਸਿੰਘ ਚੌਧਰੀ, ਸ਼ਮਸ਼ੇਰ ਸਿੰਘ ਸ਼ੇਰਾ, ਗੁਰਪ੍ਰੀਤ ਸਿੰਘ, ਪ੍ਰਭ ਦਿਆਲ ਸਿੰਘ, ਬਾਊ ਬਾਲ ਸ਼ੇਖੂਪੁਰਾ, ਹਰਪਾਲ ਸਿੰਘ, ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਔਰਤਾਂ ਹਾਜ਼ਰ ਸਨ।



## ਸੁੱਕੇ ਤਲਾਅ ਨੇੜੇ ਰਾਹ 'ਚ ਟੇਢਾ ਹੋਇਆ ਰੁੱਖ ਰਾਹਗੀਰਾਂ ਲਈ ਬਣ ਰਿਹਾ ਪ੍ਰੇਸ਼ਾਨੀ ਦਾ ਕਾਰਨ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਸ਼ਹਿਰ ਦੇ ਸੁੱਕੇ ਤਲਾਅ ਨਜ਼ਦੀਕ ਬਿਜਲੀ ਦਫ਼ਤਰ 'ਚ ਬਿੱਲ ਜਮਾਂ ਕਰਵਾਉਣ ਵਾਲੇ ਕਾਊਂਟਰ 'ਤੇ ਜਾਣ ਵਾਲੇ ਰਸਤੇ ਕੰਢੇ ਇਕ ਕਾਫ਼ੀ ਪੁਰਾਣਾ ਵੱਡਾ ਰੁੱਖ ਟੇਢਾ ਹੋਇਆ ਪਿਆ ਹੈ ਜਿਸ ਕਾਰਨ ਇਥੇ ਬਿਜਲੀ ਬਿੱਲ ਜਮ੍ਹਾ ਕਰਵਾਉਣ ਵਾਲੇ ਖਪਤਕਾਰਾਂ ਨੂੰ ਕਾਫ਼ੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਰੁੱਖ਼ ਕਲਾ ਕੇਂਦਰ ਤੋਂ ਜੀ. ਟੀ. ਰੋਡ ਪੁਰਾਣੀ ਤਹਿਸੀਲ ਨੂੰ ਜਾਂਦੀ ਛੋਟੀ ਜਿਹੀ ਲਿੰਕ ਸੜਕ ਕੰਢੇ ਬਿਜਲੀ ਦਫ਼ਤਰ ਦੇ ਪਿਛਲੇ ਪਾਸੇ ਲੱਗਾ ਹੋਇਆ ਹੈ। ਇਹ ਰੁੱਖ ਕਾਫ਼ੀ ਹੇਠਾਂ ਨੂੰ ਝੁਕਿਆ ਹੋਇਆ ਹੈ ਜਿਸ ਕਾਰਨ ਸਕੂਟਰ, ਮੋਟਰਸਾਈਕਲ 'ਤੇ ਲੰਘਣਾ ਖ਼ਤਰੇ ਤੋਂ ਖਾਲੀ ਨਹੀਂ ਹੈ। ਇਹ ਰਸਤਾ ਬਾਜ਼ਾਰ ਤੋਂ ਜੀ. ਟੀ. ਰੋਡ ਸਥਿਤ ਸਰਕਾਰੀ ਸਕੂਲ ਮੁੰਡੇ ਅਤੇ ਸਰਕਾਰੀ ਸਕੂਲ ਕੁੜੀਆਂ, ਪੁਰਾਣਾ ਤਹਿਸੀਲ ਕੰਪਲੈਕਸ ਨੂੰ ਜਾਂਦਾ ਹੈ ਜਿਸ ਕਰਕੇ ਇਸ ਰਸਤੇ ਵਿਚ ਟਰੈਫ਼ਿਕ ਦਾ ਕਾਫ਼ੀ ਜ਼ੋਰ ਰਹਿੰਦਾ ਹੈ। ਜਦੋਂ ਕੋਈ ਵਾਹਨ ਚਾਲਕ ਆਪਣੇ ਧਿਆਨ ਨਾਲ ਤੇਜ਼ ਗਤੀ ਵਿਚ ਜਾ ਰਿਹਾ ਹੁੰਦਾ ਹੈ ਕਿ ਇਸ ਰਸਤੇ ਵਿਚ ਝੁਕੇ ਰੁੱਖ ਨਾਲ ਸਿਰ ਟਕਰਾਉਣ ਕਾਰਨ ਹਾਦਸਾ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਨੇ ਨਗਰ ਕੌਂਸਲ ਅਤੇ ਵਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਇਸ ਰੁੱਖ ਨੂੰ ਰਸਤੇ ਵਿਚੋਂ ਹਟਾਇਆ ਜਾਵੇ ਤਾਂ ਜੋ ਕੋਈ ਵੀ ਦੁਰਘਟਨਾ ਨਾ ਵਾਪਰ ਸਕੇ।

## ਸਾਬਕਾ ਬਲਾਕ ਸੰਮਤੀ ਮੈਂਬਰ ਕਸਤੂਰੀ ਭਗਤ ਸਾਥੀਆਂ ਸਮੇਤ 'ਆਪ' 'ਚ ਸ਼ਾਮਲ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਲਾਕ ਧਾਰੀਵਾਲ ਦੇ ਪਿੰਡ ਰਣੀਆਂ ਵਿੱਚ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡੀ ਮਜ਼ਬੂਤੀ ਮਿਲੀ ਜਦੋਂ ਸਾਬਕਾ ਬਲਾਕ ਸੰਮਤੀ ਮੈਂਬਰ ਕਸਤੂਰੀ ਭਗਤ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ।

ਇਸ ਮੌਕੇ ਕਸਤੂਰੀ ਭਗਤ ਨੇ ਉਹ ਆਮ ਆਦਮੀ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ, ਸਾਫ-ਸੁਥਰੀ ਰਾਜਨੀਤੀ ਅਤੇ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਪੰਜਾਬ ਅੰਦਰ ਸਿੱਖਿਆ, ਸਿਹਤ ਅਤੇ ਬਿਜਲੀ ਆਦਿ ਸਮੇਤ ਲੋਕਾਂ ਦੀਆਂ ਹੋਰ ਮੁੱਢਲੀਆਂ ਸਹੂਲਤਾਂ ਵਿੱਚ ਕੀਤੇ ਗਏ ਸੁਧਾਰਾਂ ਕਾਰਨ ਲੋਕਾਂ ਦਾ ਭਰੋਸ਼ਾ ਜਿੱਤਿਆ ਹੈ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਸਤੂਰੀ ਭਗਤ ਦਾ ਪਾਰਟੀ ਵਿੱਚ ਆਉਣ 'ਤੇ ਸਵਾਗਤ ਕਰਦਿਆਂ ਸਨਮਾਨਿਤ ਕੀਤਾ।

# ਨਵੇਂ ਸਾਲ ਦੀ ਆਮਦ ’ਤੇ ਮਨੀ ਸਿੰਗਲਾ ਵੱਲੋਂ ਬਾਘਾ ਪੁਰਾਣਾ ਵਿਸ਼ੇਸ਼ ਸਪਲੀਮੈਂਟ



















































## ਅਲੌਕਿਕ ਨਗਰ ਕੀਰਤਨ ਦੌਰਾਨ ਢਾਡੀ ਬਲਵਿੰਦਰ ਕੌਰ ਖਹਿਰਾ ਨੂੰ ਕੀਤਾ ਸਨਮਾਨਤ

**ਮੋਗਾ (ਇਕਬਾਲ ਸਿੰਘ ਖਹਿਰਾ)**- ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਪੁਰਬ ਦੇ ਸ਼ੁਭ ਅਵਸਰ ’ਤੇ ਗੁਰਦੁਆਰਾ ਗੁਰੂਸਰ ਸਾਹਿਬ ਵੱਲੋਂ ਸਮੂਹ ਨਗਰ ਨਿਵਾਸੀ ਸੰਗਤ ਅਤੇ ਗ੍ਰਾਮ ਪੰਚਾਇਤ ਦੁਸਾਂਝ ਦੇ ਸਹਿਯੋਗ ਨਾਲ ਅਲੌਕਿਕ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ ਜਥਿਆਂ ਅਤੇ ਪ੍ਰਚਾਰਕਾਂ ਵੱਲੋਂ ਹਾਜ਼ਰੀ ਭਰੀ ਗਈ। ਇਸੇ ਦੌਰਾਨ ਲੇਖਕ ਗੁਰਚਰਨ ਸਿੰਘ ਖਹਿਰਾ (ਕੋਕਰੀ ਕਲਾਂ) ਵੱਲੋਂ ਬੀਬੀ ਬਲਵਿੰਦਰ ਕੌਰ ਖਹਿਰਾ ਦੇ ਢਾਡੀ ਜਥੇ ਨੂੰ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ। ਗਿਆਨੀ ਸ਼ਿੰਦਰ ਸਿੰਘ ਵੱਲੋਂ ਜਿੱਥੇ ਸਨਮਾਨਤ ਢਾਡੀ ਜਥੇ ਨੂੰ ਮੁਬਾਰਕਬਾਦ ਦਿੱਤੀ ਉੱਥੇ ਇਸ ਉਪਰਾਲੇ ਲਈ ਗੁਰਚਰਨ ਸਿੰਘ ਖਹਿਰਾ ਧੰਨਵਾਦ ਕੀਤਾ ਗਿਆ। ਨਿਹਾਲ ਸਿੰਘ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ, ਗਿਆਨੀ ਲਖਵੀਰ ਸਿੰਘ (ਪ੍ਰਚਾਰਕ ਐਸ ਜੀ ਪੀ ਸੀ), ਕੁਲਵੰਤ ਸਿੰਘ ਧਾਲੀਵਾਲ, ਭਾਈ ਮਨਦੀਪ ਸਿੰਘ ਅਤੇ ਗਿਆਨੀ ਰੇਸ਼ਮ ਸਿੰਘ ਵੱਲੋਂ ਵੀ ਸਮੇਂ



ਸਮੇਂ ’ਤੇ ਸੰਗਤਾਂ ਨੂੰ ਸੰਬੋਧਨ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਨਛੱਤਰ ਸਿੰਘ ਯੂ ਐਸ ਏ, ਜਗਤਾਰ ਸਿੰਘ ਮੈਂਬਰ, ਜਗਰਾਜ ਸਿੰਘ ਪੱਤਰਕਾਰ, ਹਰਮੇਲ ਸਿੰਘ, ਨੱਥਾ ਸਿੰਘ ਤਲਵੰਡੀ ਭੰਗੇਰੀਆਂ ਆਦਿ ਹਾਜ਼ਰ ਸਨ। ਮੰਚ ਸੰਚਾਲਨ ਦੀ ਜਿੰਮੇਵਾਰੀ ਡਾ ਤਰਸੇਮ ਸਿੰਘ ਨੇ ਬਾਖੂਬੀ ਨਿਭਾਈ।

## ਰੈਸਲਿੰਗ ਦੇ ਦੋ ਖਿਡਾਰੀ ਆਲ ਇੰਡੀਆ ਇੰਟਰਵਰਸਿਟੀ ਟੂਰਨਾਮੈਂਟ ਲਈ ਹੋਏ ਨਾਮਜ਼ਦ

**ਹਠੂਰ (ਨਛੱਤਰ ਸੰਧੂ)** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਆਲ ਇੰਡੀਆ ਇੰਟਰਵਰਸਿਟੀ ਟੂਰਨਾਮੈਂਟ ਲਈ ਟਰਾਇਲ ਕਰਾਏ ਗਏ।ਕਾਲਜ ਦੇ ਪ੍ਰਿੰਸੀਪਲ ਪ੍ਰਭਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਟਰਾਇਲ ਵਿੱਚ ਸ੍ਰੀ ਰਾਮ ਕਾਰਜ ਡੱਲਾ ਦੇ ਦੋ ਖਿਡਾਰੀ, ਜਿਨ੍ਹਾਂ ਵਿੱਚ ਪ੍ਰਦੀਪ ਸਿੰਘ (ਬੀ.ਏ ਭਾਗ ਪਹਿਲਾ) ਦੇ ਖਿਡਾਰੀ ਨੇ 79 ਕਿੱਲੋ ਭਾਰ ਵਰਗ ’ਚ ਤੇ ਨਮਨ (ਬੀ.ਏ ਭਾਗ ਤੀਜਾ) ਦੇ ਖਿਡਾਰੀ ਨੇ 74 ਕਿੱਲੋ ਭਾਰ ਵਰਗ ਵਿੱਚ ਜਿੱਤ ਪ੍ਰਾਪਤ ਕਰਕੇ ਇਸ ਟੂਰਨਾਮੈਂਟ ਲਈ ਆਪਣੇ ਆਪ ਨੂੰ ਨਾਮਜ਼ਦ ਕਰਾਇਆ।ਇਹ ਜਿੱਤ ਇਨ੍ਹਾਂ ਖਿਡਾਰੀਆਂ ਦੀ



ਕਰੜੀ ਮਿਹਨਤ ਦਾ ਨਤੀਜਾ ਹੈ।ਇਨ੍ਹਾਂ ਖਿਡਾਰੀਆਂ ਨੇ ਆਪਣੇ ਨਗਰ, ਮਾਪਿਆਂ ਤੇ ਕਾਲਜ ਦਾ ਨਾਂਅ ਰੁਸ਼ਨਾਇਆ ਹੈ।ਇਹ ਖਿਡਾਰੀ ਵਧਾਈ ਦੇ ਪਾਤਰ ਹਨ। ਕਾਲਜ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ਼੍ਰੀ ਦੇਵੀ ਚੰਦ ਸ਼ਰਮਾ, ਮੈਂਬਰ ਹੈੱਡ ਮਾਸਟਰ ਅਵਤਾਰ ਸਿੰਘ, ਮਾਸਟਰ ਭਗਵੰਤ ਸਿੰਘ, ਸੈਕਟਰੀ ਕਿਰਨਜੀਤ ਸਿੰਘ ਨੇ ਜੇਤੂ ਖਿਡਾਰੀਆਂ ਅਤੇ ਡੀ.ਪੀ ਪ੍ਰੋਫੈਸਰ ਗੁਰਜੀਤ ਸਿੰਘ ਨੂੰ ਵਧਾਈ ਦਿੰਦਿਆਂ ਹੋਇਆਂ ਕਿਹਾ ਕਿ ਇਹ ਖਿਡਾਰੀ ਆਲ ਇੰਡੀਆ ਇੰਟਰਵਰਸਿਟੀ ਟੂਰਨਾਮੈਂਟ ਵਿੱਚ ਵੀ ਚੰਗਾ ਪ੍ਰਦਰਸ਼ਨ ਕਰਨਗੇ।


### ਜਨਮ ਦਿਨ ਮੁਬਾਰਕ



ਹਰਕੀਰਤ ਕੌਰ ਅਸਮਾਨਪੁਰ



ਸੰਦੀਪ ਕੁਮਾਰ ਰੂਪਨਗਰ



ਕੇਆਨ ਲੱਖਾ ਹੁਸ਼ਿਆਰਪੁਰ

## ਸੱਤਾ ’ਚ ਆਏ ਸਰਕਾਰ ਨੂੰ ਚੌਥਾ ਸਾਲ ਮੁੱਕ ਗਿਆ, ਪਰ ਸਰਕਾਰ ਦੇ ਲਾਰੇ ਨਹੀਂ ਮੁੱਕੇ : ਸੋਨੂੰ

**ਸੰਗਰੂਰ (ਪ੍ਰਵੀਨ ਸਿੰਘ)** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਓ.ਬੀ.ਸੀ ਵਿੰਗ ਦੇ ਵਾਈਸ ਚੇਅਰਮੈਨ ਤੇ ਪਾਰਟੀ ਦੇ ਮੁੱਖ ਬੁਲਾਰੇ ਹਰਪਾਲ ਸਿੰਘ ਸੋਨੂੰ ਵੱਲੋਂ ਕਿਹਾ ਗਿਆ ਕਿ ਪੰਜਾਬ ਸਰਕਾਰ ਨੂੰ ਸੱਤਾ ਵਿੱਚ ਆਏ ਲਗਭਗ 4 ਸਾਲ ਹੋ ਗਏ, ਪਰ ਵਿਧਾਨ ਸਭਾ ਚੋਣਾਂ 2022 ਦੌਰਾਨ ਵੋਟਾਂ ਵਿੱਚ ਆਮ ਆਦਮੀ ਪਾਰਟੀ ਨੂੰ ਜਿਤਾਉਣ ਵਾਲੀ ਭੋਲੀ ਭਾਲੀ ਜਨਤਾ ਨਾਲ ਉਦੋਂ ਕੀਤੇ ਗਏ ਸੈਂਕੜੇ ਝੂਠੇ ਵਾਇਦੇ ਤੇ ਲਾਰੇ ਮੁੱਕਣ ’ਤੇ ਨਹੀਂ ਆ ਰਹੇ।ਸੋਨੂੰ ਨੇ ਕਿਹਾ ਕਿ ਪੰਜਾਬ ਦੀਆਂ ਬੀਬੀਆਂ ਤੇ ਭੈਣਾਂ ਹਜ਼ਾਰ ਰੁਪਿਆ ਮਹੀਨਾ ਗੁਜ਼ਾਰਾ ਭੱਤੇ ਉਡੀਕ ਰਹੀਆਂ ਹਨ, ਹਰ ਸ਼ਹਿਰ ਤੇ ਹਰ ਪਿੰਡ ਆਪਣੇ ਵਿਕਾਸ ਦੀ ਉਡੀਕ ਕਰ ਰਿਹਾ ਹੈ। ਸ਼ਹਿਰ ’ਚ ਕੂੜੇ ਦੇ ਢੇਰ ਲੱਗੇ ਪਏ ਨੇ ਤੇ ਲੋਕਾਂ ਦਾ ਜਿਊਣਾ ਮੁਹਾਲ ਹੋ ਗਿਆ ਹੈ।ਸੋਨੂੰ ਨੇ ਅੱਗੇ ਕਿਹਾ ਕਿ ਨਸ਼ਾਖੋਰੀ ਤੇ ਅਪਰਾਧ ਦਿਨੋ-ਦਿਨ ਵਧ-ਫੁੱਲ ਰਿਹਾ ਹੈ।



ਪੰਜਾਬ ਅੰਦਰ ਨਿੱਤ ਹੀ ਚੋਰੀ ਤੇ ਡਕੈਤੀ ਦੀਆਂ ਵਾਰਦਾਤਾਂ ਹੋ ਰਹੀਆਂ ਹਨ ਤੇ ਰੋਜ਼ ਹੀ ਕਤਲ ਵਰਗੇ ਸੰਗੀਨ ਅਪਰਾਧ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਹਨ। ਐਨਾ ਕੁਝ ਹੋਣ ਦੇ ਬਾਵਜੂਦ ਜਿੱਥੇ ਆਮ ਲੋਕਾਂ ਦੀ ਜਿੰਦਗੀ ਬਦ ਤੋਂ ਬਦਤਰ ਹੋਈ ਪਈ ਹੈ, ਉਸਦੇ ਉਲਟ ਸਰਕਾਰ ਵਿੱਚ ਬੈਠੇ ਨੇਤਾ ਲੋਕ ਸੱਤਾ ਦਾ ਸੁੱਖ ਭੋਗਣ ਵਿੱਚ ਮਸ਼ਰੂਫ ਹਨ।ਹਰਪਾਲ ਸੋਨੂੰ ਨੇ ਆਖਰ ਵਿੱਚ ਕਿਹਾ ਕਿ ਮੈਂ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਤੁਹਾਡੀ ਸਰਕਾਰ ਦਾ ਇੱਕ ਸਾਲ ਰਹਿ ਗਿਆ ਹੈ। ਇਸ ਲਈ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾਣ।

## ਸਾਬਕਾ ਮੰਤਰੀ ਦਾ ਗਰਮਜੋਸ਼ੀ ਨਾਲ ਸਵਾਗਤ, ਸੀਟ ਜਿੱਤਣ ਦਾ ਦਾਅਵਾ

**ਬਾਘਾ ਪੁਰਾਣਾ, (ਮਨੀ ਸਿੰਗਲਾ)** ਸਾਬਕਾ ਕੈਬਨਿਟ ਮੰਤਰੀ ਸ੍ਰੀ ਗੁਰਜੀਤ ਸਿੰਘ ਰਾਣਾ ਦੇ ਮੋਗਾ ਪੁੱਜਣ ’ਤੇ ਕਾਂਗਰਸ ਪਾਰਟੀ ਦੇ ਆਗੂਆਂ ਵੱਲੋਂ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਕਾਂਗਰਸ ਪਾਰਟੀ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਮੁੱਖ ਸੇਵਾਦਾਰ ਤੇ ਸੀਨੀਅਰ ਕਾਂਗਰਸੀ ਆਗੂ ਜਗਸੀਰ ਸਿੰਘ ਕਾਲੇਕੇ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਗੁਰਬਚਨ ਸਿੰਘ ਬਰਾੜ ਤੇ ਬਲਾਕ ਪ੍ਰਧਾਨ ਹਰਜੀਤ ਸਿੰਘ ਸੇਖਾ ਵੱਲੋਂ ਸਾਬਕਾ ਮੰਤਰੀ ਨੂੰ ਜੀ ਆਇਆ ਆਖਿਆ ਗਿਆ। ਕਾਂਗਰਸ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰੀ ਸਿੰਘ ਖਾਈ ਵੀ ਵਿਸ਼ੇਸ਼ ਤੌਰ ’ਤੇ ਮੌਜੂਦ ਰਹੇ। ਵਿਸ਼ੇਸ਼ ਮੀਟਿੰਗ ਦੌਰਾਨ ਜਗਸੀਰ ਸਿੰਘ ਕਾਲੇਕੇ ਵੱਲੋਂ ਸਾਬਕਾ ਮੰਤਰੀ ਗੁਰਜੀਤ ਸਿੰਘ ਰਾਣਾ ਨੂੰ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਅੰਦਰ ਕਾਂਗਰਸ ਪਾਰਟੀ ਦੀ ਦਿਨੋ-ਦਿਨ ਵਧ ਰਹੀ ਮਜ਼ਬੂਤੀ ਅਤੇ ਪਾਰਟੀ ਅੰਦਰ ਏਕਤਾ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਹਲਕੇ ਅੰਦਰ ਕਾਂਗਰਸ ਪਾਰਟੀ ਦੀ ਜੜ੍ਹਾਂ ਮਜ਼ਬੂਤ ਹੋ ਰਹੀਆਂ ਹਨ ਤੇ ਵਰਕਰ ਪੂਰੇ ਜੋਸ਼ ਨਾਲ ਪਾਰਟੀ ਦੀ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾ ਰਹੇ ਹਨ।ਮੀਟਿੰਗ ਦੌਰਾਨ ਹਲਕਾ ਬਾਘਾ ਪੁਰਾਣਾ ’ਚ ਮੌਜੂਦਾ ਸੱਤਾਧਾਰੀ ਪਾਰਟੀ ਦੇ ਕੰਮਕਾਜ ਤੇ ਹਾਲਾਤਾਂ ’ਤੇ ਵੀ ਚਰਚਾ ਕੀਤੀ ਗਈ। ਕਾਲੇਕੇ ਨੇ ਕਿਹਾ ਕਿ ਸੱਤਾਧਾਰੀ ਪਾਰਟੀ ਲੋਕਾਂ ਦੀਆਂ ਉਮੀਦਾਂ ’ਤੇ ਖਰੀ ਨਹੀਂ ਉੱਤਰ ਰਹੀ, ਜਿਸ ਕਾਰਨ ਲੋਕਾਂ ਵਿੱਚ ਨਾਰਾਜ਼ਗੀ ਵਧ ਰਹੀ ਹੈ।ਇਸ ਦਾ ਸਿੱਧਾ ਫ਼ਾਇਦਾ ਕਾਂਗਰਸ ਪਾਰਟੀ ਨੂੰ ਮਿਲੇਗਾ।ਸਾਬਕਾ ਮੰਤਰੀ ਗੁਰਜੀਤ ਸਿੰਘ ਰਾਣਾ ਨੇ ਕਾਂਗਰਸ ਆਗੂਆਂ ਤੇ ਵਰਕਰਾਂ ਨੂੰ ਇਕਜੁਟ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਜੇਕਰ ਪਾਰਟੀ ਵਰਕਰ ਮੈਦਾਨ ’ਚ ਸਰਗਰਮੀ ਨਾਲ ਕੰਮ ਕਰਨ ਤਾਂ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਸ਼ਾਨਦਾਰ ਪ੍ਰਦਰਸ਼ਨ ਕਰੇਗੀ।



## ਸੜਕ ਹਾਦਸੇ ਵਿੱਚ ਨੌਜਵਾਨ ਦੀ ਮੌਤ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸੁਨਾਮ ਖੇਤਰ ਦੇ ਪਿੰਡ ਬਖ਼ਸ਼ੀਵਾਲੇ ਵਿੱਚ ਵਾਪਰੇ ਇਕ ਦਰਦਨਾਕ ਸੜਕ ਹਾਦਸੇ ਦੌਰਾਨ ਇੱਕ ਨੌਜਵਾਨ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦ ਕਿ ਉਸ ਦਾ ਸਾਥੀ ਗੰਭੀਰ ਤੌਰ ‘ਤੇ ਜ਼ਖ਼ਮੀ ਹੋ ਗਿਆ।ਪਿੰਡ ਦੇ ਸਰਪੰਚ ਮਿੱਠੂ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮ੍ਰਿਤਕ ਦੀ ਪਛਾਣ ਕਰਮਜੀਤ ਸਿੰਘ (ਉਮਰ 35 ਸਾਲ) ਵਜੋਂ ਹੋਈ ਹੈ, ਜੋ ਦਿਹਾੜੀ ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਸੀ। ਉਨ੍ਹਾਂ ਦੱਸਿਆ ਕਿ ਕਰਮਜੀਤ ਸਿੰਘ ਰੋਜ਼ਾਨਾ ਦੀ ਤਰ੍ਹਾਂ ਕੰਮ ਕਰਨ ਤੋਂ ਬਾਅਦ ਰਾਤ ਕਰੀਬ 10 ਵਜੇ



ਆਪਣੇ ਇੱਕ ਦੋਸਤ ਨਾਲ ਘਰ ਵਾਪਸ ਆ ਰਿਹਾ ਸੀ। ਇਸ ਦੌਰਾਨ ਰਸਤੇ ਵਿੱਚ ਅਚਾਨਕ ਇੱਕ ਅਵਾਰਾ ਪਸ਼ੂ ਆ ਜਾਣ ਕਾਰਨ ਦੋਵਾਂ ਦੀ ਟੱਕਰ ਹੋ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕਰਮਜੀਤ ਸਿੰਘ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦ ਕਿ ਉਸ ਦਾ ਦੋਸਤ ਗੰਭੀਰ ਤੌਰ ‘ਤੇ ਜ਼ਖ਼ਮੀ ਹੋ ਗਿਆ ।

### ਵਰ੍ਹੇਗੰਢ ਮੁਬਾਰਕ



ਰਵਿੰਦਰ ਸਿੰਘ ਤੇ ਸੰਦੀਪ ਕੌਰ ਵਾਸੀ ਹੁਸ਼ਿਆਰਪੁਰ ਨੇ ਆਪਣੇ ਵਿਆਹ ਦੀ 15ਵੀਂ ਵਰ੍ਹੇਗੰਢ ਮਨਾਈ।

## ਅਧਿਆਪਕ ਸਾਥੀਆਂ ਨੂੰ ਇਨਸਾਫ਼ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ : ਦਿੱਗਵਿਜੇ ਸ਼ਰਮਾ

**ਮੋਗਾ, (ਇਕਬਾਲ ਸਿੰਘ ਖਹਿਰਾ)** ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਦੇ ਨਾਕਸ ਪ੍ਰਬੰਧਾਂ ਦੀ ਭੇਟ ਚੜ੍ਹੇ ਅਧਿਆਪਕ ਜੋੜੇ ਜਸਕਰਨ ਸਿੰਘ ਭੁੱਲਰ ਤੇ ਉਨ੍ਹਾਂ ਦੀ ਪਤਨੀ ਨੂੰ ਇਨਸਾਫ਼ ਦਿਵਾਉਣ ਲਈ ਅਧਿਆਪਕ ਜਥੇਬੰਦੀਆਂ ਦੇ ਫੈਸਲੇ ਅਨੁਸਾਰ ਸਾਥੀ ਜਸਕਰਨ ਭੁੱਲਰ ਦੇ ਪੜ੍ਹਾਉਣ ਵਾਲੇ ਸਟੇਸ਼ਨ ਪਿੰਡ ਖੋਟੇ ਵਿਖੇ ਮੋਗੇ ਜ਼ਿਲ੍ਹੇ ਦੀਆਂ ਸੰਘਰਸ਼ੀ ਅਧਿਆਪਕ, ਕਿਸਾਨ, ਮਜ਼ਦੂਰ ਜਥੇਬੰਦੀਆਂ ਤੇ ਪਿੰਡ ਖੋਟੇ ਦੇ ਲੋਕਾਂ ਵੱਲੋਂ ਪੰਜਾਬ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਅਧਿਆਪਕ ਜੋੜੇ ਤੇ ਉਸਦੇ ਪਰਵਾਰ ਪ੍ਰਤੀ ਦਿਖਾਈ ਗੈਰ ਸੰਵੇਦਨਸ਼ੀਲਤਾ ਗੈਰ ਸੰਜੀਦਗੀ ਦੇ ਵਿਰੋਧ ਵਿੱਚ ਦੇ ਪਿੰਡ ਖੋਟੇ ਵਿਖੇ ਕੈਂਡਲ ਮਾਰਚ ਕੱਢਿਆ ਗਿਆ। ਡੀ.ਟੀ.ਐਫ਼ ਦੇ ਸੂਬਾ ਪ੍ਰਧਾਨ ਦਿਗਵਿਜੈਪਾਲ ਸ਼ਰਮਾ, ਬੀ.ਐਡ. ਫ਼ਰੰਟ ਤੋਂ ਪ੍ਰਗਟਜੀਤ ਸਿੰਘ ਕਿਸ਼ਨਪੁਰਾ, ਜੀ. ਟੀ. ਯੂ. ਤੋਂ ਗੁਰਪ੍ਰੀਤ ਅੰਮੀਵਾਲ, ਗੌਰਮਿੰਟ ਪੈਨਸ਼ਨਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਭਜਨ ਸਿੰਘ, ਸੂਬਾ ਸਕੱਤਰ ਸੁਰਿੰਦਰ ਰਾਮ ਕੁੱਸਾ, ਈ.ਟੀ.ਯੂ. ਤੋਂ ਸੁਰਿੰਦਰ ਸ਼ਰਮਾ, ਐਸ.ਸੀ.ਬੀ.ਸੀ. ਅਧਿਆਪਕ ਯੂਨੀਅਨ ਤੋਂ ਹਰਜਿੰਦਰ ਪੁਰਾਣੇਵਾਲਾ, ਅਮਰਜੀਤ ਸੈਦੋਕੇ ਜ਼ਿਲ੍ਹਾ ਪ੍ਰਧਾਨ ਬੀ.ਕੇ.ਯੂ. ਉਗਰਾਹਾਂ ਨੇ ਕਿਹਾ ਕਿ ਸਟੇਜਾਂ ਉੱਪਰ ਅਧਿਆਪਕ ਦਾ ਮੁੰਡਾ ਆਖਣ ਵਾਲੇ ਪੰਜਾਬ ਦਾ ਮੁੱਖ ਮੰਤਰੀ ਵੱਲੋਂ ਵਿਛੋੜਾ ਦੇ ਗਏ ਅਧਿਆਪਕ ਜੋੜੇ ਦੇ ਪਰਿਵਾਰ ਨੂੰ ਮਿਲ ਕੇ ਦਿਲਾਸਾ ਤਾਂ ਕੀ ਦੇਣਾ ਸੀ, ਉਨ੍ਹਾਂ ਦਾ ਕੋਈ ਕੈਬਨਿਟ ਮੰਤਰੀ ਵੀ ਭੋਗ 'ਤੇ ਦਿਖਾਈ ਨਾ ਦਿੱਤਾ। ਅਮਨਦੀਪ ਮਾਛੀਕੇ, ਗੁਰਮੀਤ ਸਿੰਘ ਝੋਰੜਾ, ਗੁਰਮੀਤ ਢੋਲੇਵਾਲ, ਸੁਖਵਿੰਦਰ ਸਿੰਘ ਘੋਲੀਆ, ਰਾਜਿੰਦਰ ਭੋਲਾ, ਸੁਖਵੰਤ ਸਿੰਘ ਬੀ.ਕੇ.ਯੂ, ਸਰਬਜੀਤ ਸਿੰਘ ਬੀ.ਕੇ.ਯੂ ਉਗਰਾਹਾਂ ਲੱਖੋਵਾਲ, ਜਗਮੀਤ ਸਿੰਘ ਲੁਹਾਰਾ, ਗੁਰਮੇਲ ਸਿੰਘ ਬਿਜਲੀ ਬੋਰਡ ਨੇ ਜ਼ਿਲ੍ਹਾ ਪ੍ਰਸ਼ਾਸਨ ਮੋਗਾ ਅਤੇ ਹਲਕੇ ਦੇ ਐਮ.ਐਲ.ਏ. ਮਨਜੀਤ ਸਿੰਘ ਬਿਲਾਸਪੁਰ ਦੇ ਗ਼ੈਰ ਸੰਵੇਦਨਸ਼ੀਲ ਰਵੱਈਏ 'ਤੇ ਰੋਸ ਜ਼ਾਹਰ ਕਰਦਿਆਂ ਕਿਹਾ ਕਿ ਨਾ ਤਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਾ ਹੀ ਐਮ.ਐਲ. ਏ. ਵੱਲੋਂ ਪਰਵਾਰ ਦੀਆਂ ਮੰਗਾਂ ਨੂੰ ਸਰਕਾਰ ਤੱਕ ਪੁਚਾ ਕੇ ਪੂਰਾ ਕਰਾਉਣ ਦੀ ਕੋਈ ਕੋਸ਼ਿਸ਼ ਕੀਤੀ ਗਈ। ਆਗੂਆਂ ਕਿਹਾ ਕਿ ਜਦੋਂ ਤੱਕ ਵਿਛੜੇ ਸਾਥੀਆਂ ਨੂੰ ਇਨਸਾਫ ਨਹੀਂ ਮਿਲ ਜਾਂਦਾ ਤੇ ਸਰਕਾਰ ਉਨ੍ਹਾਂ ਨੂੰ ਬਣਦਾ ਮੁਆਵਜ਼ਾ ਅਤੇ ਬੱਚਿਆਂ ਨੂੰ ਸਰਕਾਰੀ ਨੌਕਰੀ ਦਾ ਪ੍ਰਬੰਧ ਨਹੀਂ ਕਰਦੀ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।



## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇਸੂ ਮਲਕਾਣਾ ਵਿਖੇ ਸ਼ਹਾਦਤ ਨੂੰ ਸਮਰਪਿਤ ਖੇਡ ਮੁਕਾਬਲੇ ਹੋਏ



**ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇਸੂ ਮਲਕਾਣਾ ਵਿਖੇ ਸਾਹਿਬਜ਼ਾਦਿਆਂ ਦੀ ਸ਼ਾਹਦਤ ਨੂੰ ਲੈ ਕੇ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਕਨਕਵਾਲ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੇ ਖੇਡ ਮੁਕਾਬਲੇ ਕਰਵਾਏ ਗਏ। ਉਦਘਾਟਨ ਰਿਫਾਇਨਰੀ ਦੇ ਸੀਨੀਅਰ ਕਾਰਜਕਾਰੀ ਅਫਸਰ ਆਦਿਤਿਆ ਮੈਨਿਨ ਅਤੇ ਸਕੂਲ ਪ੍ਰਿੰਸੀਪਲ ਦਵਿੰਦਰ ਸਿੰਘ,ਸਰਪੰਚ ਪ੍ਰਤੀਨਿਧੀ ਕੁਲਵੰਤ ਸਿੰਘ ਅਤੇ ਐਸ ਐਮ ਸੀ ਪ੍ਰਧਾਨ ਜਗਤਾਰ ਸਿੰਘ ਵਲੋ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਦੇ100 ਮੀਟਰ ਅਤੇ 200 ਮੀਟਰ ਦੌੜ, ਲੰਬੀ ਛਾਲ ਅਤੇ ਸ਼ਾਟ ਪੁੱਟ ਮੁਕਾਬਲੇ ਕਰਵਾਏ ਗਏ। ਇਸ ਸਮਾਗਮ ਵਿਚ ਗੁਰਦੇਵ ਸਿੰਘ ਦੀ ਟੀਮ ਵਲੋ ਆਪਣੇ ਗੱਤਕੇ ਦੇ ਹੁਨਰ ਦਾ ਪ੍ਰਦਰਸ਼ਨ ਵੀ ਕੀਤਾ ਗਿਆ। ਡੀ ਪੀ ਆਈ ਰਵੀ ਦਾਸ ਅਤੇ ਡੀ ਪੀ ਆਈ ਗੁਰਮੁਖ ਸਿੰਘ ਚਕੇਰੀਆਂ ਵਲੋਂ ਇਨਾਂ ਖੇਡ ਮੁਕਾਬਲਿਆਂ ਵਿਚ ਸਹਾਇਤਾ ਪ੍ਰਦਾਨ ਕੀਤੀ ਗਈ। ਇਨਾਂ ਖੇਡ ਮੁਕਾਬਲਿਆਂ ਦੀ ਸਮਾਪਤੀ 'ਤੇ ਵਿਦਿਆਰਥੀਆਂ ਨੂੰ ਸ਼ੀਲਡਾਂ ਅਤੇ ਟੀ-ਸ਼ਰਟਾਂ ਨਾਲ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਸਫਲ ਆਯੋਜਨ ਲਈ ਸਕੂਲ ਪਰਿਵਾਰ ਅਤੇ ਰਿਫਾਇਨਰੀ ਪ੍ਰਬੰਧਨ ਦਾ ਪ੍ਰਿੰਸੀਪਲ ਦਵਿੰਦਰ ਸਿੰਘ ਅਤੇ ਡਾ: ਸਿਕੰਦਰ ਸਿੰਘ ਵਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਖੇਡ ਸਮਾਗਮ ਵਿਚ ਜਸਵੀਰ ਸਿੰਘ, ਹਰਗੋਵਿੰਦ ਸਿੰਘ, ਹਰਮੇਲ ਸਿੰਘ, ਛੋਟੂ ਰਾਮ, ਗੁਰਦੀਪ ਸਿੰਘ, ਗੁਰਚਰਨ ਕੌਰ, ਪ੍ਰਕਾਸ਼ ਕੌਰ, ਕ੍ਰਿਸ਼ਨਾ ਕੁਮਾਰ, ਉਮੇਸ਼ ਕੁਮਾਰ, ਸੁਰਜੀਤ ਸਿੰਘ, ਸੁਮਿਤ ਕੁਮਾਰ, ਕਿਰਨਦੀਪ ਕੌਰ, ਜਸਵੰਤ ਸਿੰਘ, ਅੰਜੂ ਬਾਲਾ, ਪੂਰਨ ਚੰਦ ਅਤੇ ਜਸਪ੍ਰੀਤ ਸਿੰਘ ਵਲੋਂ ਵਿਸ਼ੇਸ਼ ਯੋਗਦਾਨ ਦਿੱਤਾ ਗਿਆ।

## ਸਾਬਕਾ ਆਈ ਜੀ ਚਾਹਲ ਦੀ ਸਿਹਤ 'ਚ ਸੁਧਾਰ

**ਪਟਿਆਲਾ (ਰਾਜਿੰਦਰ ਥਿੰਦ)**- ਅੱਠ ਕਰੋੜ 10 ਲੱਖ ਦੀ ਠੱਗੀ ਦਾ ਸ਼ਿਕਾਰ ਹੋਏ ਸਾਬਕਾ ਆਈ ਜੀ ਅਮਰ ਸਿੰਘ ਚਾਹਲ ਨੇ ਇਕ ਵੀਡੀਓ ਰਾਹੀ ਸਿਹਤ ਠੀਕ ਹੋਣ ਦਾ ਸੁਨੇਹਾ ਦਿੱਤਾ ਹੈ। ਹਸਪਤਾਲ 'ਚ ਜ਼ੇਰੇ ਇਲਾਜ ਅਮਰ ਸਿੰਘ ਚਾਹਲ ਨੇ ਕਿਹਾ ਕਿ ਹੈ ਕਿ 'ਮੈਂ ਬਿਲਕੁੱਲ ਠੀਕ ਠਾਕ ਹਾਂ, ਪਰਮਾਤਮਾ ਦੀ ਕ੍ਰਿਪਾ ਨਾਲ ਸਿਹਤ 'ਚ ਸੁਧਾਰ ਹੋ ਰਿਹਾ ਹੈ, ਇਨਫੈਕਸ਼ਨ ਕਰ ਕੇ ਬਹੁਤਿਆਂ ਨੂੰ ਮਿਲਣ ਦੀ ਮਨਜ਼ੂਰੀ ਨਹੀਂ ਸੀ, ਜਲਦ ਹੀ ਆ ਕੇ ਸਭ ਦੇ ਦਰਸ਼ਨ ਕਰਾਂਗਾ।ਚਾਹਲ ਨੇ ਸਾਇਬਰ ਠੱਗੀ ਦਾ ਸ਼ਿਕਾਰ ਹੋਣ 'ਤੇ ਖ਼ੁਦ ਨੂੰ ਗੋਲ਼ੀ ਮਾਰ ਕੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕੀਤੀ ਸੀ। ਜਿਸ ਕਰ ਕੇ ਪਿਛਲੇ ਦਿਨਾਂ ਤੋਂ ਚਾਹਲ ਦਾ ਇਕ ਨਿੱਜੀ ਹਸਪਤਾਲ 'ਚ ਇਲਾਜ ਚੱਲ ਰਿਹਾ ਹੈ। ਆਪ੍ਰੇਸ਼ਨ ਸਫਲ ਹੋਣ ਤੋਂ ਬਾਅਦ ਸਾਬਕਾ ਆਈ ਜੀ ਦੀ ਹਾਲਤ 'ਚ ਲਗਾਤਾਰ ਸੁਧਾਰ ਹੋ ਰਿਹਾ ਹੈ। ਦੂਜੇ ਪਾਸੇ ਸਾਇਬਰ ਸੈੱਲ ਵੱਲੋਂ ਦਰਜ ਕੀਤੇ ਠੱਗੀ ਦੇ ਮਾਮਲੇ 'ਚ ਮੁਲਜ਼ਮਾਂ ਦੀ ਭਾਲ 'ਚ ਤੇਜ਼ੀ ਲਿਆਂਦੀ ਹੈ। ਪੁਲਸ ਦੀਆਂ ਦੋ ਟੀਮਾਂ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਪੰਜਾਬ ਤੋਂ ਬਾਹਰੀ ਸੂਬਿਆਂ ਵੱਲ ਰਵਾਨਾਂ ਹੋ ਚੁੱਕੀਆਂ ਹਨ।



## ਕਾਂਗਰਸ ਪਾਰਟੀ ਦਾ 140ਵਾਂ ਸਥਾਪਨਾ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**- ਕਾਂਗਰਸ ਪਾਰਟੀ ਦਾ 140ਵਾਂ ਸਥਾਪਨਾ ਦਿਵਸ ਜ਼ਿਲ੍ਹਾ ਕਾਂਗਰਸ ਪ੍ਰਧਾਨ ਅਤੇ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਅਤੇ ਹਲਕਾ ਪਾਇਲ ਦੇ ਕੋਆਰਡੀਨੇਟਰ ਬੰਤ ਸਿੰਘ ਦੋਬੁਰਜੀ ਦੀ ਅਗਵਾਈ ਹੇਠ ਸਥਾਨਕ ਨਵੀਂ ਦਾਣਾ ਮੰਡੀ ਵਿੱਚ ਮਨਾਇਆ ਗਿਆ। ਇਸ ਮੌਕੇ ਕਾਂਗਰਸ ਦਾ ਝੰਡਾ ਲਹਿਰਾਇਆ ਗਿਆ ਅਤੇ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਸਮਾਗਮ ਨੂੰ ਸੰਬੋਧਨ ਕਰਦਿਆਂ ਨੇਤਾਵਾਂ ਨੇ ਕਿਹਾ ਕਿ ਕਾਂਗਰਸ ਪਾਰਟੀ ਦਾ ਦੇਸ਼ ਦੀ ਆਜ਼ਾਦੀ, ਏਕਤਾ ਅਤੇ ਵਿਕਾਸ ਵਿੱਚ ਇਤਿਹਾਸਕ ਯੋਗਦਾਨ ਰਿਹਾ ਹੈ ਅਤੇ 140 ਸਾਲਾਂ ਤੋਂ ਪਾਰਟੀ ਲੋਕਤੰਤਰ ਤੇ ਲੋਕ ਹਿੱਤਾਂ ਦੀ ਰਾਖੀ ਕਰਦੀ ਆ ਰਹੀ ਹੈ। ਉਨ੍ਹਾਂ ਵਰਕਰਾਂ ਨੂੰ ਪਾਰਟੀ ਦੇ ਸ਼ਾਨਦਾਰ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਇਕਜੁੱਟ ਹੋਣ ਦਾ ਸੱਦਾ ਦਿੱਤਾ।ਇਸ ਮੌਕੇ ਸਾਬਕਾ ਵਿਧਾਇਕ ਲਖਬੀਰ ਸਿੰਘ ਲੱਖਾ, ਕੋਆਰਡੀਨੇਟਰ ਬੰਤ ਸਿੰਘ ਦੋਬੁਰਜੀ, ਮੰਡਲ ਪ੍ਰਧਾਨ ਮਨਦੀਪ ਸਿੰਘ ਮਾਂਗਟ, ਹਰਿੰਦਰ ਹਿੰਦਾ ਚੇਅਰਮੈਨ ਰਾਮ ਪ੍ਰਕਾਸ਼ ਪੱਪੂ ਅੜੈਚਾਂ, ਬੀ.ਸੀ ਵਿੰਗ ਪ੍ਰਧਾਨ ਅਵਤਾਰ ਸਿੰਘ ਗੁਰਥਲੀ, ਮਹਿਲਾ ਵਿੰਗ ਪ੍ਰਧਾਨ ਦੀਪੀ ਮਾਂਗਟ, ਜਸਮਿੰਦਰ ਜੱਸਾ, ਸਿਕੰਦਰਪਾਲ, ਅਨਿਕੇਤ ਅੜੈਚਾਂ, ਮੇਸ਼ੀ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਰਹੇ।

## ਨਗਰ ਕੌਂਸਲ ਦੀ ਤਾਜ਼ਾ ਹੋਈ ਵਾਰਡਬੰਦੀ ਦਾ ਵਿਰੋਧ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**- ਸੂਬੇ ਵਿੱਚ ਹੋਣ ਵਾਲੀਆਂ ਨਗਰ ਕੌਂਸਲ ਚੋਣਾਂ ਦਾ ਰਸਮੀ ਐਲਾਨ ਭਾਵੇਂ ਹਾਲੇ ਨਹੀਂ ਹੋਇਆ ਪਰ ਪ੍ਰਸ਼ਾਸਨ ਵੱਲੋਂ ਨੇੜ ਭਵਿੱਖ ਵਿੱਚ ਹੋਣ ਵਾਲੀਆਂ ਚੋਣਾਂ ਨੂੰ ਲੈ ਕੇ ਤਿਆਰੀਆਂ ਵੱਡੇ ਪੱਧਰ ਉੱਤੇ ਕੀਤੀਆਂ ਜਾ ਰਹੀਆਂ ਹਨ। ਇਸੇ ਦੌਰਾਨ ਨਗਰ ਕੌਂਸਲ ਪਾਤੜਾਂ ਦੀ ਹਾਲ ਹੀ ਵਿੱਚ ਵਾਰਡ ਹੱਦਬੰਦੀ ਵਿੱਚ ਬਦਲਾਅ ਨੂੰ ਲੈ ਕੇ ਵਿਵਾਦ ਵਧਦਾ ਜਾ ਰਿਹਾ ਹੈ। ਮੌਜੂਦਾ ਅਤੇ ਸਾਬਕਾ ਕੌਂਸਲਰਾਂ ਨੇ ਇਨ੍ਹਾਂ ਤਬਦੀਲੀਆਂ 'ਤੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ ਅਤੇ ਨਗਰ ਕੌਂਸਲ ਦਫ਼ਤਰ ਵਿੱਚ ਲਿਖਤੀ ਇਤਰਾਜ਼ ਦਰਜ ਕਰਵਾਏ ਹਨ। ਕੌਂਸਲਰਾਂ ਦਾ ਕਹਿਣਾ ਹੈ ਕਿ ਨਾ ਤਾਂ ਸ਼ਹਿਰ ਦੀ ਆਬਾਦੀ ਵਧੀ ਹੈ ਅਤੇ ਨਾ ਹੀ ਸ਼ਹਿਰ ਦੀ ਸੀਮਾ ਵਿੱਚ ਕੋਈ ਬਦਲਾਅ ਕੀਤਾ ਗਿਆ ਹੈ, ਫਿਰ ਵੀ ਵਾਰਡ ਢਾਂਚਾ ਬਦਲਿਆ ਗਿਆ ਹੈ, ਜੋ ਕਿ ਸਮਝ ਤੋਂ ਪਰੇ ਹੈ। ਕੌਂਸਲਰਾਂ ਨੇ ਦੋਸ਼ ਲਗਾਏ ਹਨ ਕਿ ਇਹ ਸਾਰੀ ਪ੍ਰਕਿਰਿਆ ਜਨਤਾ ਦੀ ਸਹੂਲਤ ਦੀ ਬਜਾਏ ਕੁਝ ਰਾਜਨੀਤਿਕ ਨੇਤਾਵਾਂ ਦੇ ਨਿੱਜੀ ਅਤੇ ਚੋਣ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਗਈ ਸੀ। ਵਾਰਡ ਨੰਬਰ 8 ਦੇ ਕੌਂਸਲਰ ਅਤੇ ਨਗਰ ਕੌਂਸਲ ਪਾਤੜਾਂ ਦੇ ਸਾਬਕਾ ਪ੍ਰਧਾਨ ਪ੍ਰੇਮ ਚੰਦ ਗੁਪਤਾ ਨੇ ਕਿਹਾ ਕਿ ਉਨ੍ਹਾਂ ਦਾ ਵਾਰਡ ਪਹਿਲਾਂ ਜਨਰਲ ਸ਼੍ਰੇਣੀ ਦਾ ਵਾਰਡ ਸੀ, ਪਰ ਹੁਣ ਇਸ ਨੂੰ ਵਾਰਡ ਨੰਬਰ 7 ਵਿੱਚ ਸ਼ਾਮਲ ਕਰਕੇ ਔਰਤਾਂ ਲਈ ਰਾਖਵਾਂ ਕਰ ਦਿੱਤਾ ਗਿਆ ਹੈ। ਪਹਿਲਾਂ ਅਨੁਸੂਚਿਤ ਜਾਤੀ ਦੀਆਂ ਔਰਤਾਂ ਲਈ ਰਾਖਵੇਂ ਵਾਰਡ ਨੂੰ ਵਾਰਡ ਨੰਬਰ 8 ਦਾ ਨਾਮ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਤਬਦੀਲੀਆਂ ਜਨਤਾ ਵਿੱਚ ਭੰਬਲਭੂਸਾ ਪੈਦਾ ਕਰਨਗੀਆਂ। ਵਾਰਡ ਨੰਬਰ 8 ਦੇ ਨਿਵਾਸੀ ਤੇਜਪਾਲ ਸ਼ਰਮਾ ਨੇ ਕਿਹਾ ਕਿ ਵਾਰਡ ਦੀਆਂ ਹੱਦਾਂ ਨੂੰ ਅਚਾਨਕ ਬਦਲਣਾ ਸਰਾਸਰ ਗਲਤ ਹੈ। ਇਸੇ ਤਰ੍ਹਾਂ ਵਾਰਡ ਨੰਬਰ 1 ਦੇ ਸਾਬਕਾ ਕੌਂਸਲਰ ਕੁਲਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਵਾਰਡ ਲੰਬੇ ਸਮੇਂ ਤੋਂ ਜਨਰਲ ਸ਼੍ਰੇਣੀ ਵਿੱਚ ਸੀ, ਪਰ ਇਸ ਵਾਰ ਇਸ ਨੂੰ ਐਸ ਸੀ ਸ਼੍ਰੇਣੀ ਬਣਾਉਣ ਲਈ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਇਸ ਨਾਲ ਇਲਾਕੇ ਦੇ ਲੋਕਾਂ ਲਈ ਕਾਫ਼ੀ ਮੁਸ਼ਕਲਾਂ ਪੈਦਾ ਹੋਣਗੀਆਂ। ਵਾਰਡ ਨੰਬਰ 7 ਦੇ ਸਾਬਕਾ ਕੌਂਸਲਰ ਆਰ.ਕੇ. ਪਾਤੜਾਂ ਨੇ ਕਿਹਾ ਕਿ ਐਸ ਸੀ ਔਰਤਾਂ ਦੇ ਰਾਖਵੇਂਕਰਨ ਨੂੰ ਅਨੁਸੂਚਿਤ ਜਾਤੀ ਆਬਾਦੀ ਵਾਲੇ ਵਾਰਡ ਵਿੱਚੋਂ ਹਟਾ ਕੇ ਜਨਰਲ ਬਣਾ ਦਿੱਤਾ ਗਿਆ ਹੈ, ਜੋ ਕਿ ਪੂਰੀ ਤਰ੍ਹਾਂ ਬੇਇਨਸਾਫ਼ੀ ਹੈ। ਵਾਰਡ ਨੰਬਰ 14 ਦੇ ਕੌਂਸਲਰ ਅਤੇ ਨਗਰ ਕੌਂਸਲ ਦੇ ਪ੍ਰਧਾਨ ਰਣਵੀਰ ਸਿੰਘ ਨੇ ਵੀ ਵਾਰਡ ਦੀਆਂ ਹੱਦਾਂ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਅਜਿਹੀ ਪ੍ਰਕਿਰਿਆ ਆਮ ਲੋਕਾਂ ਨੂੰ ਹੀ ਨੁਕਸਾਨ ਪਹੁੰਚਾਏਗੀ।

## ਘਲੌੜੀ ਗੇਟ ਮੜ੍ਹੀਆਂ ਨੇੜੇ ਬਣੇਗਾ ਵਿਸ਼ਾਲ ਡੌਗ ਸ਼ੈਲਟਰ : ਮੇਅਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਨਗਰ ਨਿਗਮ ਪਟਿਆਲਾ ਦੇ ਮੇਅਰ ਵਲੋਂ ਸ਼ਹਿਰ ਵਾਸੀਆਂ ਨੂੰ ਅਵਾਰਾ ਕੁੱਤਿਆਂ ਤੋਂ ਨਿਜਾਤ ਦਿਵਾਉਣ ਦੇ ਲਈ ਨਵੇਂ ਸਾਲ ਮੌਕੇ ਵਿਸ਼ੇਸ਼ ਤੋਹਫਾ ਦੇਣ ਦੀ ਤਿਆਰੀ ਨੂੰ ਮੁੱਖ ਰੱਖਦਿਆਂ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਸ਼ਹਿਰ ਵਿੱਚ ਅਵਾਰਾ ਕੁੱਤਿਆਂ ਦੀ ਵਧ ਰਹੀ ਸਮੱਸਿਆ ਨੂੰ ਲੈ ਕੇ ਮਹੱਤਵਪੂਰਨ ਕਦਮ ਚੁੱਕਦਿਆਂ ਨਗਰ ਨਿਗਮ ਪਟਿਆਲਾ ਵੱਲੋਂ ਘਲੌੜੀ ਗੇਟ ਮੜ੍ਹੀਆਂ ਦੇ ਕੋਲ ਪਈ ਸਰਕਾਰੀ ਕਾਰਪੋਰੇਸ਼ਨ ਦੀ ਜ਼ਮੀਨ 'ਤੇ ਡੌਗ ਸ਼ੈਲਟਰ ਹਾਊਸ ਬਣਾਉਣ ਦੀਆਂ ਤਿਆਰੀਆਂ ਸ਼ੁਰੂ ਹੋਣ ਜਾ ਰਹੀਆਂ ਹਨ। 50 ਲੱਖ ਤੋਂ 1 ਕਰੋੜ ਰੁਪਏ ਤੱਕ ਇਸ ਸ਼ੈਲਟਰ ਹਾਊਸ 'ਤੇ ਖਰਚ ਹੋਣ ਦੀ ਸੰਭਾਵਨਾ ਹੈ।ਮੇਅਰ ਵਲੋ ਦੱਸਿਆ ਗਿਆ ਕਿ ਇਸ ਦੇ ਨਾਲ ਹੀ ਨਵੇਂ ਸਾਲ ਦੇ ਮੌਕੇ ਜਿਹੜੀਆਂ ਸੜਕਾਂ ਦੇ ਕੰਮ ਚੱਲ ਰਹੇ ਹਨ ਉਨ੍ਹਾਂ ਸੜਕਾਂ ਦੇ ਕੰਮ ਤੇਜ਼ੀ ਨਾਲ ਖਤਮ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ ਅਤੇ ਜਿਹੜੀਆਂ ਸੜਕਾਂ ਦਾ ਪੈਚ ਵਰਕ ਹੋਣ ਵਾਲਾ ਹੈ ਉਹਨਾਂ ਨੂੰ ਵੀ ਤੇਜ਼ੀ ਨਾਲ ਖਤਮ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।ਇਸ ਮੌਕੇ ਐਮ ਸੀ ਜਸਬੀਰ ਗਾਂਧੀ ,ਐਮ ਸੀ ਗੁਰ ਕਿਰਪਾਲ, ਭੁਪਿੰਦਰ ਸਿੰਘ, ਹਰਜੀਤ ਸਿੰਘ, ਬਲਾਕ ਇੰਚਾਰਜ ਚਰਨਜੀਤ ਸਿੰਘ ਐਸ ਕੇ ਅਤੇ ਬਲਾਕ ਇੰਚਾਰਜ ਦੀਪਕ ਮਿੱਤਲ ਵੀ ਹਾਜ਼ਰ ਰਹੇ।

## ਯੂਨਾਈਟਿਡ ਫੋਰਮ ਆਫ਼ ਬੈਂਕ ਯੂਨੀਅਨਜ਼ ਵੱਲੋਂ ਵਿਸ਼ਾਲ ਰੋਸ ਪ੍ਰਦਰਸ਼ਨ

**ਲੁਧਿਆਣਾ (ਰੈਕਟਰ ਕਥੂਰੀਆ)**- ਯੂਨਾਈਟਿਡ ਫੋਰਮ ਆਫ਼ ਬੈਂਕ ਯੂਨੀਅਨਜ਼ ਵੱਲੋਂ ਦਿੱਤੇ ਗਏ ਸੱਦੇ 'ਤੇ ਯੂਨਾਈਟਿਡ ਫੋਰਮ ਆਫ਼ ਬੈਂਕ ਯੂਨੀਅਨਜ਼ ਲੁਧਿਆਣਾ ਵੱਲੋਂ ਸਟੇਟ ਬੈਂਕ ਆਫ਼ ਇੰਡੀਆ, ਫਾਊਂਟੇਨ ਚੌਂਕ, ਲੁਧਿਆਣਾ ਦੇ ਸਾਹਮਣੇ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਪ੍ਰਦਰਸ਼ਨ ਨੂੰ ਕਾਮਰੇਡ ਨਰੇਸ਼ ਗੌੜ, ਕਨਵੀਨਰ ਯੂਨਾਈਟਿਡ ਫੋਰਮ ਆਫ਼ ਬੈਂਕ ਯੂਨੀਅਨਜ਼, ਕਾਮਰੇਡ ਪਵਨ ਠਾਕੁਰ, ਪ੍ਰਧਾਨ ਪੰਜਾਬ ਬੈਂਕ ਕਰਮਚਾਰੀ ਫੈਡਰੇਸ਼ਨ ਲੁਧਿਆਣਾ, ਕਾਮਰੇਡ ਰਾਜੇਸ਼ ਵਰਮਾ, ਕਾਮਰੇਡ ਨਰਿੰਦਰ ਕੁਮਾਰ, ਕਾਮਰੇਡ ਸੰਦੀਪ ਸਿੰਘ, ਕਾਮਰੇਡ ਵਿਨੇ ਡੋਗਰਾ, ਕਾਮਰੇਡ ਪਵਨ ਸੁਮਨ, ਕਾਮਰੇਡ ਗੁਰਮੀਤ ਸਿੰਘ ਅਤੇ ਕਾਮਰੇਡ ਰੋਹਿਤ ਕਪੂਰ ਨੇ ਸੰਬੋਧਨ ਕੀਤਾ। ਕਾਮਰੇਡ ਨਰੇਸ਼ ਗੌੜ ਸਮੇਤ ਹੋਰ ਬੁਲਾਰਿਆਂ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਫੌਰੀ ਪੂਰਾ ਕੀਤਾ ਜਾਵੇ। ਅਜਿਹਾ ਨਾ ਹੋਣ 'ਤੇ ਯੂਨਾਈਟਿਡ ਫੋਰਮ ਆਫ਼ ਬੈਂਕ ਯੂਨੀਅਨਜ਼ ਵੱਡਾ ਅੰਦੋਲਨ ਕਰਨ ਲਈ ਮਜਬੂਰ ਹੋਵੇਗੀ।



## ਸੜਕ ਹਾਦਸੇ ਵਿੱਚ ਔਰਤ ਦੀ ਮੌਤ



**ਨਾਭਾ (ਵਰਿੰਦਰ ਵਰਮਾ)**- ਨਾਭਾ ਦੇ ਉਦਯੋਗਪਤੀ ਰਾਜੇਸ਼ ਅਗਰਵਾਲ ਦੀ ਪਤਨੀ ਸੰਗੀਤਾ ਅਗਰਵਾਲ ਉਮਰ 52 ਸਾਲ ਦੀ ਸੜਕ ਹਾਦਸੇ ਦੌਰਾਨ ਬੌੜਾ ਗੇਟ ਪੁੱਲ ਦੇ ਨਜ਼ਦੀਕ ਮੌਤ ਹੋ ਗਈ। ਬੀਤੀ ਰਾਤ ਰਾਜੇਸ਼ ਅਗਰਵਾਲ ਆਪਣੀ ਪਤਨੀ ਸੰਗੀਤਾ ਅਗਰਵਾਲ ਨਾਲ ਐਕਟਿਵਾ 'ਤੇ ਸਵਾਰ ਹੋ ਕੇ ਆਪਣੇ ਘਰ ਪੁੱਡਾ ਕਲੋਨੀ ਵਿਖੇ ਪਰਤ ਰਹੇ ਸੀ ਤਾਂ ਕਿਸੇ ਅਗਿਆਤ ਵਾਹਨ ਵੱਲੋਂ ਐਕਟਿਵਾ ਨੂੰ ਫੇਟ ਮਾਰ ਦਿੱਤੀ ਗਈ ਜਿਸ ਕਾਰਨ ਦੋਵੇਂ ਪਤੀ ਪਤਨੀ ਸੜਕ 'ਤੇ ਡਿੱਗ ਪਏ। ਇਸ ਹਾਦਸੇ ਦੌਰਾਨ ਸੰਗੀਤਾ ਅਗਰਵਾਲ ਦੀ ਮੌਤ ਹੋ ਗਈ।

## ਬਖਸ਼ੀ ਵਾਲਾ ਨਹਿਰ ਵਿੱਚ ਸਵਾਰੀਆਂ ਨਾਲ ਭਰੀ ਪਿਕਅੱਪ ਡਿੱਗੀ

**ਬਰੇਟਾ (ਗੀਤਵਾਲ)**- ਪਿੰਡ ਬਖਸ਼ੀ ਵਾਲਾ ਤੋਂ ਆਲਮਪੁਰ ਲਹਿਰਾ ਨਹਿਰ ਦੇ ਨਾਲ ਨਾਲ ਬਣੇ ਰੋਡ ਉਪਰ 30 ਦਸੰਬਰ ਨੂੰ ਤਕਰੀਬਨ 11 ਵਜੇ ਕਾਰ ਅਤੇ ਪਿਕਅੱਪ ਦਰਮਿਆਨ ਹਾਦਸਾ ਵਾਪਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਹੋਏ ਪਿੱਕਅੱਪ ਸਵਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਨਹਿਰ 'ਤੇ ਰੇਲਿੰਗ ਨਾ ਹੋਣ ਕਾਰਨ ਇਹ ਹਾਦਸਾ ਵਾਪਰਿਆ ਹੈ। ਉਹਨਾਂ ਦੱਸਿਆ ਕਿ ਮੌਕੇ ਉੱਪਰ ਉਹਨਾਂ ਦੇ ਪਿੰਡ ਦੇ ਪੁੱਜੇ ਹੋਏ ਲੋਕਾਂ ਵੱਲੋਂ 14 ਪਿਕਅੱਪ ਸਵਾਰਾਂ ਨੂੰ ਕੱਢਿਆ ਗਿਆ। ਜਾਣਕਾਰੀ ਮਿਲਦਿਆਂ ਹੀ ਥਾਣਾ ਮੁਖੀ ਮੇਲਾ ਸਿੰਘ ਆਪਣੀ ਟੀਮ ਸਮੇਤ ਪੁੱਜੇ ਅਤੇ ਉਹਨਾਂ ਹਾਦਸਾ ਗ੍ਰਸਤ ਪਿਕਅੱਪ ਨੂੰ ਜੇ ਸੀ ਬੀ ਦੀ ਮੱਦਦ ਨਾਲ ਬਾਹਰ ਕੱਢਣ ਉਪਰੰਤ ਅਗਲੀ ਕਾਰਵਾਈ ਕੀਤੀ। ਹਾਦਸੇ ਵਿੱਚ ਕਿਸੇ ਦੇ ਗੰਭੀਰ ਜ਼ਖਮੀ ਹੋਣ ਦੀ ਖਬਰ ਨਹੀਂ ਹੈ।

## ਕਾਂਗਰਸ ਨੂੰ ਪਿੰਡ ਪੱਧਰ 'ਤੇ ਮਜ਼ਬੂਤ ਬਣਾਉਣ ਲਈ ਮੀਟਿੰਗਾਂ : ਕਾਂਤਾ ਕੁਠਾਲਾ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਕਾਂਗਰਸ ਪਾਰਟੀ ਨੂੰ ਹੇਠਲੇ ਪੱਧਰ ਤੱਕ ਹੋਰ ਮਜ਼ਬੂਤ ਬਣਾਉਣ ਲਈ ਪਿੰਡ-ਪਿੰਡ ਵਰਕਰ ਮੀਟਿੰਗਾਂ ਦੀ ਮੁਹਿਮ ਚਲਾਈ ਗਈ ਹੈ।ਇਹ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਬੀਬੀ ਕਾਂਤਾ ਕੁਠਾਲਾ ਨੇ ਇਥੇ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਮਹਿਲ ਕਲਾਂ ਹਲਕੇ ਅੰਦਰ ਲੋਕਾਂ ਦੇ ਹਰ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ ਹੋਏ ਲੋਕਾਂ ਦੀਆਂ ਮੁਸ਼ਕਲਾਂ ਨੂੰ ਨੇੜਿਓਂ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਦੱਸਿਆ ਕਿ ਕਾਂਗਰਸ ਪਾਰਟੀ ਹਾਈ ਕਮਾਂਡ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਉਹ ਹਲਕਾ ਮਹਿਲ ਕਲਾਂ ਦੇ ਹਰ ਪਿੰਡ 'ਚ ਜਾ ਕੇ ਵਰਕਰ ਮੀਟਿੰਗਾਂ ਕਰਨ ਉਪਰੰਤ ਕਾਂਗਰਸ ਪਾਰਟੀ ਦੇ ਮੁੱਖ ਧੁਰੇ ਹਰ ਵਰਗ ਦੇ ਲੋਕਾਂ ਨੂੰ ਜੋੜਨ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ ।ਉਨ੍ਹਾ ਕਿਹਾ ਕਿ ਸਵ: ਡਾ: ਮਨਮੋਹਨ ਸਿੰਘ ਵਲੋਂ ਦੇਸ਼ ਦੇ ਪ੍ਰਧਾਨ ਮੰਤਰੀ ਹੁੰਦਿਆਂ ਕਿਰਤੀ ਲੋਕਾਂ ਦੀ ਭਲਾਈ ਲਈ ਮਨਰੇਗਾ ਕਾਨੂੰਨ ਤਹਿਤ 100 ਦਿਨ ਰੁਜ਼ਗਾਰ ਦੀ ਗਰੰਟੀ ਦਿੱਤੀ ਸੀ। ਜਿਸ ਨਾਲ ਗਰੀਬ ਮਜ਼ਦੂਰ ਵਰਗ ਨੂੰ ਭਾਰੀ ਲਾਭ ਪ੍ਰਾਪਤ ਹੋਇਆ। ਪਰ ਹੁਣ ਇਸ ਸਕੀਮ ਨੂੰ ਅਮਲੀ ਰੂਪ 'ਚ ਪਿੰਡ ਪਿੰਡ ਲਾਗੂ ਕਰਨ, ਫੰਡ ਵਧਾ ਕੇ ਇਸ ਦਾ ਘੇਰਾ ਹੋਰ ਵਿਸ਼ਾਲ ਕਰਨ ਦੀ ਥਾਂ ਕੇਂਦਰ ਸਰਕਾਰ ਵੱਲੋਂ ਮਨਰੇਗਾ ਦਾ ਨਾਂਅ ਬਦਲਣ ਅਤੇ ਹੌਲੀ ਹੌਲੀ ਖਤਮ ਕਰਨ, ਫੰਡਾਂ ਉਪਰ ਕੱਟ ਲਗਾਉਣ, ਬਿਜਲੀ ਸੋਧ ਬਿੱਲ, ਸੀਡ ਬਿੱਲ ਲਿਆ ਕੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮ ਮਾਰੂ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਮਨਰੇਗਾ ਰੁਜ਼ਗਾਰ ਯੋਜਨਾ ਨੂੰ ਮੁੜ ਬਹਾਲ ਕਰਵਾਉਣ ਲਈ ਦੇਸ਼ ਭਰ ਵਿਚ ਸ਼ੰਘਰਸ਼ ਦਾ ਬਿਗੁਲ ਵਜਾਇਆ ਗਿਆ ਹੈ। ਉਨ੍ਹਾਂ ਸਮੂਹ ਕਿਰਤੀ ਲੋਕਾਂ ਨੂੰ ਕਾਂਗਰਸ ਪਾਰਟੀ ਦੀ ਅਗਵਾਈ ਹੇਠ ਲਾਮਬੰਦ ਹੋਣ ਦੀ ਅਪੀਲ ਕੀਤੀ।



## ਸ਼ਹੀਦੀ ਸਭਾ ਮੌਕੇ ਸਰਕਾਰੀ ਤੌਰ 'ਤੇ ਵੱਡਾ ਖ਼ੂਨਦਾਨ ਕੈਂਪ ਲਾਉਣਾ ਸ਼ਲਾਘਾਯੋਗ : ਸਨੌਰ, ਬਡੂੰਗਰ, ਬਿੱਲਾ

**ਪਟਿਆਲਾ, (ਰਾਜਿੰਦਰ ਥਿੰਦ)** ਮਨੁੱਖਤਾ ਦੇ ਭਲੇ ਲਈ ਨਿਰਸਵਾਰਥ ਸੇਵਾ ਕਰਨ ਵਾਲੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦੇ ਆਗੂਆਂ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਯੂਥ ਆਗੂ ਹਰਮੀਤ ਸਿੰਘ ਬਡੂੰਗਰ ਤੇ ਰਾਮ ਸਿੰਘ ਬਿੱਲਾ ਸਾਬਕਾ ਸਰਪੰਚ ਕਟਕਹੇੜੀ ਨੇ ਕਿਹਾ ਕਿ ਸ਼ਹੀਦੀ ਸਭਾ ਮੌਕੇ ਸਰਕਾਰੀ ਤੌਰ 'ਤੇ ਇੱਕ ਹੀ ਵੱਡਾ ਖ਼ੂਨਦਾਨ ਕੈਂਪ ਲਾਉਣ ਤੇ ਸਟਾਲਾਂ ਦੇ ਰੂਪ ਵਿੱਚ ਖ਼ੂਨਦਾਨ ਕੈਂਪ ਲਾਉਣ 'ਤੇ ਰੋਕ ਲਗਾਉਣਾ ਸ਼ਲਾਘਾਯੋਗ ਕਦਮ ਹੈ।ਉਨ੍ਹਾਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਾਸੋਂ ਮੰਗ ਕਰਦਿਆਂ ਕਿਹਾ ਹੈ ਕਿ ਸਰਕਾਰੀ ਬਲੱਡ ਸੈਂਟਰਾਂ ਨੂੰ ਛੋਟੇ ਕੈਂਪ ਲਾਉਣ ਲਈ ਛੋਟੀਆਂ ਮੈਡੀਕਲ ਟੀਮਾਂ ਦਾ ਗਠਨ ਕੀਤੀਆਂ ਜਾਣ ਤਾਂ ਜੁ ਮਨੁੱਖਤਾ ਦੇ ਭਲੇ ਲਈ ਸੇਵਾ ਕਰਨ ਵਾਲਿਆਂ ਨੂੰ ਵੱਧ ਤੋਂ ਵੱਧ ਸਰਕਾਰੀ ਬਲੱਡ ਸੈਂਟਰਾਂ ਨਾਲ ਜੋੜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਖ਼ੂਨਦਾਨ ਕੈਂਪ ਲਾਉਣ ਬਦਲੇ ਬਲੱਡ ਬੈਂਕਾਂ ਵੱਲੋਂ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ, ਪਰ ਕੁਝ ਝੋਲਾ ਚੁੱਕ ਕਿਸਮ ਦੇ ਪ੍ਰਬੰਧਕ ਜਿਨ੍ਹਾਂ ਦੇ ਪਰਵਾਰਕ ਮੈਂਬਰਾਂ ਨੇ ਆਪੋ-ਆਪਣੇ ਅਲੱਗ-ਅਲੱਗ ਕਲੱਬ ਬਣਾਏ ਹੋਏ ਹਨ, ਉਹ ਖ਼ੂਨਦਾਨ ਕੈਂਪ ਤਾਂ ਕਲੱਬ ਦੇ ਨਾਂਅ 'ਤੇ ਲਾਉਂਦੇ ਹਨ ਪਰ ਸਹਾਇਤਾ ਰਾਸ਼ੀ ਨਿੱਜੀ ਖਾਤਿਆਂ ਵਿਚ ਵਸੂਲ ਕਰਦੇ ਹਨ ਤੇ ਖ਼ੂਨਦਾਨ ਕੈਂਪ ਲਾਉਣ ਲਈ ਬਾਹਰੀ ਜ਼ਿਲ੍ਹਿਆਂ ਦੇ ਬਲੱਡ ਸੈਂਟਰਾਂ ਦੀਆਂ ਟੀਮਾਂ ਨੂੰ ਬੁਲਾਉਣਾ ਵੀ ਕਈ ਤਰ੍ਹਾਂ ਦੇ ਸਵਾਲ ਖੜੇ ਕਰਦਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਇਹ ਗੱਲ ਯਕੀਨੀ ਬਣਾਈ ਜਾਵੇ ਕਿ ਸੰਸਥਾ ਦੇ ਨਾਂਅ 'ਤੇ ਖ਼ੂਨਦਾਨ ਕੈਂਪ ਲਗਾਉਣ ਵਾਲਿਆਂ ਨੂੰ ਸਹਾਇਤਾ ਰਾਸ਼ੀ ਸੰਸਥਾ ਦੇ ਖਾਤੇ ਵਿਚ ਹੀ ਜਾਰੀ ਕੀਤੀ ਜਾਵੇ ਤੇ ਹਰ ਸਾਲ ਆਡਿਟ ਕਰਾਇਆ ਜਾਵੇ ਤਾਂ ਜੁ ਪਾਰਦਰਸ਼ਤਾ ਬਣੀ ਰਹੇ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲਾਂ ਤੋਂ ਖ਼ੂਨਦਾਨ ਕੈਂਪ ਲਾਉਣ ਵਾਲੀਆਂ ਸੰਸਥਾਵਾਂ ਦੇ ਬੈਂਕ ਖਾਤਿਆਂ ਦੀ ਜਾਂਚ ਵੀ ਕੀਤੀ ਜਾਵੇ ਤਾਂ ਜੁ ਬਲੱਡ ਬੈਂਕਾਂ ਵੱਲੋਂ ਦਿੱਤੀ ਗਈ ਸਹਾਇਤਾ ਰਾਸ਼ੀ ਬਾਰੇ ਪਤਾ ਲੱਗ ਸਕੇ।



## ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕਰਨ ਦੀ ਨਿਖੇਧੀ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਦਿੱਲੀ ਰੇਲਵੇ ਸਟੇਸ਼ਨ 'ਤੇ ਪੰਜਾਬ ਦੇ ਸੀ ਆਈ ਏ ਸਟਾਫ ਅਤੇ ਸਪੈਸ਼ਲ ਪੁਲਸ ਵੱਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਗ੍ਰਿਫ਼ਤਾਰ ਕਰਨ ਦੀ ਇਨਕਲਾਬੀ ਕੇਂਦਰ ਪੰਜਾਬ ਵੱਲੋਂ ਸਖ਼ਤ ਨਿਖੇਧੀ ਕਰਦਿਆਂ ਮੰਗ ਕੀਤੀ ਗਈ ਹੈ ਕਿ ਸਾਥੀ ਮੁਕੇਸ਼ ਮਲੌਦ ਨੂੰ ਤੁਰੰਤ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਇਨਕਲਾਬੀ ਕੇਂਦਰ ਪੰਜਾਬ ਦੇ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਸੂਬਾ ਆਗੂਆਂ ਮੁਖਤਿਆਰ ਸਿੰਘ ਪੂਹਲਾ, ਜਸਵੰਤ ਜੀਰਖ ਅਤੇ ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਮੁਕੇਸ਼ ਮਲੌਦ ਦੀ ਬਿਨਾਂ ਸ਼ਰਤ ਰਿਹਾਈ ਲਈ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਪੁਲਸ ਦੀ ਧੱਕੇਸ਼ਾਹੀ ਨੂੰ ਕਦਾਚਿੱਤ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਕੁਲਤਾਰ ਸਿੰਘ ਸੰਧਵਾ ਨੇ ਨਾਭਾ ਵਿਸ਼ਵਕਰਮਾ ਕਮੇਟੀ ਨੂੰ 10 ਲੱਖ ਰੁਪਏ ਦਾ ਚੈੱਕ ਦਿੱਤਾ

**ਨਾਭਾ (ਵਰਿੰਦਰ ਵਰਮਾ)**- ਨਾਭਾ ਵਿਖੇ ਵਿਸ਼ਵਕਰਮਾ ਭਵਨ ਦੇ ਉਦਘਾਟਨ ਮੌਕੇ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਸ਼ਵਕਰਮਾ ਭਵਨ ਨਾਭਾ ਕਮੇਟੀ ਨੂੰ 10 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਸੀ। ਇਸ ਵਾਅਦੇ ਨੂੰ ਪੂਰਾ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਇਕ ਦੇਵ ਮਾਨ ਦੀ ਅਗਵਾਈ ਹੇਠ ਵਿਸ਼ਵਕਰਮਾ ਭਵਨ ਕਮੇਟੀ ਲਈ 10 ਲੱਖ ਦਾ ਚੈੱਕ ਸੰਸਥਾ ਦੇ ਪ੍ਰਧਾਨ ਚਰਨ ਸਿੰਘ ਐਮ ਡੀ ਮਲਕੀਤ ਐਗਰੋ ਟੈਕ, ਭਗਵੰਤ ਸਿੰਘ ਅਤੇ ਪਾਖਰ ਸਿੰਘ ਨੂੰ ਭੇਟ ਕੀਤਾ। ਇਸ ਮੌਕੇ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਉਨ੍ਹਾਂ ਵਲੋਂ ਕਮੇਟੀ ਨਾਲ ਕੀਤਾ ਵਾਅਦਾ ਪੂਰਾ ਕੀਤਾ ਗਿਆ ਹੈ। ਇਸ ਮੌਕੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਅਤੇ ਕਮੇਟੀ ਮੈਂਬਰਾਂ ਨੇ ਸਪੀਕਰ ਕੁਲਤਾਰ ਸਿੰਘ ਸੰਧਵਾ ਦਾ ਧੰਨਵਾਦ ਕੀਤਾ।



## ਗੁਰਦੁਆਰਾ ਸਾਹਿਬ ਵਿਖੇ ਨਗਰ ਕੀਰਤਨ ਦਾ ਕੀਤਾ ਸਵਾਗਤ



**ਧੂਰੀ (ਰਣਜੀਤ ਸਿੰਘ ਪੇਧਨੀ)** ਸੰਤ ਬਾਬਾ ਜਗਰੂਪ ਸਿੰਘ ਕੱਟੂ ਵਾਲਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਪੰਜ ਪਿਆਰਿਆਂ ਦੀ ਛਤਰ ਛਾਇਆ ਹੇਠ ਸ਼ਰਧਾ ਤੇ ਉਤਸ਼ਾਹ ਨਾਲ ਸਜਾਇਆ ਗਿਆ।ਇਹ ਨਗਰ ਕੀਰਤਨ ਪਿੰਡ-ਪਿੰਡ ਹੁੰਦਾ ਹੋਇਆ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਪਹੁੰਚੇਗਾ।ਇਹ ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ 'ਚ ਕੱਢਿਆ ਗਿਆ। ਇਸੇ ਤਹਿਤ ਪਿੰਡ ਪੇਧਨੀ ਕਲਾਂ ਵਿਖੇ ਬਾਬਾ ਪਰਮਜੀਤ ਸਿੰਘ ਪੰਮਾ ਤੇ ਸੰਤ ਬਾਬਾ ਗੁਰਮੀਤ ਸਿੰਘ ਪੇਧਨੀ ਵਾਲਿਆਂ ਨੇ ਸਵਾਗਤ ਕੀਤਾ ਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਲੰਗਰ ਦਾ ਪਰਬੰਧ ਕੀਤਾ ਗਿਆ।

## ਭਾਈ ਨੂਰਾ ਮਾਹੀ ਸੇਵਾ ਸੁਸਾਇਟੀ ਨੇ ਧਾਰਮਿਕ ਸਾਹਿਤ ਦਾ ਲੰਗਰ ਲਗਾਇਆ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਜ਼ਿਲ੍ਹਾ ਲੁਧਿਆਣਾ ਦੇ ਰਾਏਕੋਟ ਇਲਾਕੇ ਦੀ ਬਹੁ-ਚਰਚਿਤ ਭਾਈ ਨੂਰਾ ਮਾਹੀ ਸੇਵਾ ਸੁਸਾਇਟੀ(ਰਜਿ.), ਰਾਏਕੋਟ ਵੱਲੋਂ ਇਸ ਵਾਰ ਵੀ 'ਸਫ਼ਰ-ਏ-ਸ਼ਹਾਦਤ' ਦੇ ਸ਼ਹੀਦਾਂ ਨੂੰ ਸਮਰਪਿਤ, ਧਾਰਮਿਕ ਸਾਹਿਤ ਦਾ ਮੁਫ਼ਤ ਲੰਗਰ ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ - ਬਾਬਾ ਫ਼ਤਹਿ ਸਿੰਘ, ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਲਗਾਇਆ ਗਿਆ।ਇਸ ਮੌਕੇ ਦੋ ਲੱਖ ਰੁਪਏ ਦੀਆਂ ਧਾਰਮਿਕ ਪੁਸਤਕਾਂ ਸੰਗਤਾਂ ਨੂੰ ਵੰਡੀਆਂ ਗਈਆਂ।ਗੁਰਮਤਿ ਲਿਟਰੇਚਰ ਦਾ ਲੰਗਰ ਲਗਾਉਣ ਲਈ ਭਾਈ ਨੂਰਾ ਮਾਹੀ ਸੇਵਾ ਸੁਸਾਇਟੀ, ਰਾਏਕੋਟ ਦੇ ਮੈਂਬਰ ਅਤੇ ਹੋਰ ਸੰਗਤ ਰਾਏਕੋਟ ਤੋਂ ਵੱਡੀ ਗਿਣਤੀ 'ਚ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਈ । ਸੁਸਾਇਟੀ ਦੇ ਸਰਪ੍ਰਸਤ ਡਾ.ਕਰਵਿੰਦਰ ਸਿੰਘ ਇੰਗਲੈਂਡ (ਰਾਏਕੋਟ ਵਾਲੇ) ਦੀ ਪ੍ਰੇਰਨਾ ਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਧਾਰਮਿਕ ਸਾਹਿਤ ਦਾ ਮੁਫ਼ਤ ਲੰਗਰ ਲਗਾਏ ਜਾਣ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਮਾਸਟਰ ਪ੍ਰੀਤਮ ਸਿੰਘ ਬਰ੍ਹਮੀ, ਸੀਨੀਅਰ ਮੀਤ ਪ੍ਰਧਾਨ ਲੈਕਚਰਾਰ ਜਗਜੀਤ ਸਿੰਘ, ਖਜਾਨਚੀ ਗੁਰਚੇਤ ਸਿੰਘ ਟੱਲੇਵਾਲ, ਮੁੱਖ ਸਲਾਹਕਾਰ ਰਾਜਪਾਲ ਸਿੰਘ ਬਰ੍ਹਮੀ, ਮੀਤ ਪ੍ਰਧਾਨ ਹਰਜੀਤ ਸਿੰਘ ਸ਼ਰਾਂ, ਮੀਤ ਸਕੱਤਰ ਗੁਲਾਬ ਸਿੰਘ ਚਾਂਗਲੀ, ਰਾਏਕੋਟ ਟੈਕਸੀ ਸਰਵਿਸ ਦੇ ਪ੍ਰਧਾਨ ਹਰਵਿੰਦਰ ਸਿੰਘ ਬਿੱਟੂ ਸਾਬਕਾ ਮਿਉਂਸਪਲ ਕੌਂਸਲਰ,ਰਾਮ ਸਰੂਪ ਭੱਟੀ, ਪਰਮਜੀਤ ਸਿੰਘ ਨੱਥੋਵਾਲ ਮੈਨੇਜਰ ਭਾਰਤੀ ਸਟੇਟ ਬੈਂਕ, ਸੁਖਵਿੰਦਰ ਕੌਰ ਸੱਤਿਆ ਨੱਥੋਵਾਲ, ਲੈਕਚਰਾਰ ਬਲਵਿੰਦਰ ਸਿੰਘ ਬੱਸੀਆਂ, ਨਰਿੰਦਰ ਕੌਰ ਬੱਸੀਆਂ, ਕਰਨਵੀਰ ਸਿੰਘ ਟੱਲੇਵਾਲ, ਗੁਰਪ੍ਰੀਤ ਕੌਰ, ਪ੍ਰਦੀਪ ਕੌਰ, ਜਸਦੀਪ ਕੌਰ, ਹਰਦੀਪ ਕੌਰ, ਤਰਨਪ੍ਰੀਤ ਕੌਰ ਤਨੂ ਹਰਦਾਸਪੁਰਾ, ਅਰਸ਼ਪ੍ਰੀਤ ਕੌਰ ਹਰਦਾਸਪੁਰਾ, ਮਨਪ੍ਰੀਤ ਸਿੰਘ ਹਰਦਾਸਪੁਰਾ, ਅਰਮਾਨ ਹਾਂਸ ਕਲ੍ਹਾਂ, ਪਰਮਜੀਤ ਕੌਰ ਬਰ੍ਹਮੀ, ਗੁਰਲਵਲੀਨ ਸਿੰਘ ਲਵੀ ਕੌਲਧਰ, ਪਰਮਵੀਰ ਸਿੰਘ ਟੱਲੇਵਾਲ, ਜਸਕਮਲਜੋਤ ਸਿੰਘ ਦੇਹੜ, ਗਗਨਦੀਪ ਭੱਟੀ, ਸਤਿੰਦਰਪਾਲ ਸਿੰਘ ਸੌਰਵ ਜੰਡੂ ਸਿੰਘਾ, ਸੁਖਰਾਜ ਸਿੰਘ ਟੱਲੇਵਾਲ, ਅਭੀਤਾਜ ਸਿੰਘ ਟੱਲੇਵਾਲ ਰਾਏਕੋਟ, ਗੁਰਸੇਵਕ ਸਿੰਘ ਸਿੱਧੂ ਏ.ਐਫ.ਐਚ, ਗੁਰਪ੍ਰਤਾਪ ਸਿੰਘ ਸਿੱਧੂ ਏ.ਐਫ.ਐਚ., ਗੁਰਮਨਪ੍ਰੀਤ ਸਿੰਘ ਟੱਲੇਵਾਲ, ਜਗਸੀਰ ਸਿੰਘ ਟੱਲੇਵਾਲ ਹਾਜ਼ਰ ਸਨ।



## ਗੱਤਕਾ ਕੋਚ ਤਲਵਿੰਦਰ ਸਿੰਘ ਵੱਲੋਂ ਇਟਲੀ ਦੇ ਅੰਤਰਰਾਸ਼ਟਰੀ ਕਲਚਰ ਫੈਸਟੀਵਲ 'ਚ ਸ਼ਾਨਦਾਰ ਪ੍ਰਦਰਸ਼ਨ

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਗੱਤਕਾ ਕੋਚ ਤਲਵਿੰਦਰ ਸਿੰਘ ਨੇ ਇਟਲੀ ਵਿੱਚ ਆਯੋਜਤ ਅੰਤਰਰਾਸ਼ਟਰੀ ਕਲਚਰ ਫੈਸਟੀਵਲ ਦੌਰਾਨ ਭਾਰਤ ਦੀ ਪ੍ਰਾਚੀਨ ਸਿੱਖ ਮਾਰਸ਼ਲ ਆਰਟ ਗੱਤਕਾ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਕੇ ਯੂਨੀਵਰਸਿਟੀ ਅਤੇ ਦੇਸ਼ ਦਾ ਨਾਂਅ ਅੰਤਰਰਾਸ਼ਟਰੀ ਪੱਧਰ 'ਤੇ ਰੌਸ਼ਨ ਕੀਤਾ।ਫੋਕਲੋਰ ਕਲੱਬ ਦੇ ਸਹਿਯੋਗ ਨਾਲ ਇਹ ਅੰਤਰਰਾਸ਼ਟਰੀ ਕਲਚਰ ਫੈਸਟੀਵਲ 20 ਦਸੰਬਰ ਤੋਂ 24 ਦਸੰਬਰ 2025 ਤੱਕ ਇਟਲੀ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਯੋਜਤ ਕੀਤਾ ਗਿਆ, ਜਿਸ ਵਿੱਚ ਦੁਨੀਆ ਭਰ ਦੇ ਕਈ ਦੇਸ਼ਾਂ ਦੀਆਂ ਟੀਮਾਂ ਨੇ ਭਾਗ ਲਿਆ।ਹਰ ਟੀਮ ਵੱਲੋਂ ਆਪਣੇ-ਆਪਣੇ ਦੇਸ਼ ਦੀ ਸੱਭਿਆਚਾਰਕ ਵਿਰਾਸਤ ਤੇ ਰਵਾਇਤੀ ਕਲਾਵਾਂ ਦਾ ਪ੍ਰਸਤੁਤੀਕਰਨ ਕੀਤਾ ਗਿਆ।ਇਸ ਅੰਤਰਰਾਸ਼ਟਰੀ ਮੰਚ ਤਲਵਿੰਦਰ ਸਿੰਘ ਨੇ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਗਈ ਸਿੱਖ ਮਾਰਸ਼ਲ ਕਲਾ ਗਤਕਾ ਦਾ ਜੰਗਜੂ, ਅਨੁਸ਼ਾਸਨਾਤਮਕ ਤੇ ਆਤਮਿਕ



ਪ੍ਰਦਰਸ਼ਨ ਕਰਕੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ।ਉਨ੍ਹਾਂ ਦੀ ਪ੍ਰਸਤੁਤੀ ਨੂੰ ਅੰਤਰਰਾਸ਼ਟਰੀ ਦਰਸ਼ਕਾਂ ਅਤੇ ਪ੍ਰਬੰਧਕਾਂ ਵੱਲੋਂ ਖ਼ਾਸ ਸਰਾਹਣਾ ਪ੍ਰਾਪਤ ਹੋਈ। ਇਸ ਉਪਲਬਧੀ 'ਤੇ ਯੂਨੀਵਰਸਿਟੀ ਦੇ ਮਾਨਯੋਗ ਵਾਇਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਤਲਵਿੰਦਰ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਅੰਤਰਰਾਸ਼ਟਰੀ ਪ੍ਰਦਰਸ਼ਨ ਯੂਨੀਵਰਸਿਟੀ ਦੀ ਗਲੋਬਲ ਪਛਾਣ ਨੂੰ ਮਜ਼ਬੂਤ ਕਰਦੇ ਹਨ ਅਤੇ ਭਾਰਤੀ ਸੱਭਿਆਚਾਰ ਨੂੰ ਵਿਸ਼ਵ ਪੱਧਰ 'ਤੇ ਉਭਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।ਸਰੀਰਕ ਸਿੱਖਿਆ ਤੇ ਖੇਡ ਤਕਨਾਲੋਜੀ ਵਿਭਾਗ ਦੇ ਮੁਖੀ ਪ੍ਰੋ. (ਡਾ.) ਵਰਿੰਦਰ ਸਿੰਘ ਭੁੱਲਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਯੂਨੀਵਰਸਿਟੀ ਵਿੱਚ ਸਨ 2019 ਤੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਡਾ. ਸੁਰਿੰਦਰ ਪਾਲ ਸਿੰਘ ਓਬਰਾਏ ਦੇ ਪੂਰਨ ਸਹਿਯੋਗ ਨਾਲ ਗੱਤਕਾ ਖੇਡ ਦਾ ਇਕ ਸਾਲਾ ਡਿਪਲੋਮਾ ਕੋਰਸ ਚਲਾਇਆ ਜਾ ਰਿਹਾ ਹੈ।ਇਸ ਕੋਰਸ 'ਚ 30 ਸੀਟਾਂ ਉਪਲਬਧ ਹਨ ਅਤੇ ਪੂਰੇ ਵਿਸ਼ਵ ਵਿੱਚ ਇਹ ਇਕੋ ਇਕ ਯੂਨੀਵਰਸਿਟੀ ਹੈ, ਜਿੱਥੇ ਸਿੱਖ ਮਾਰਸ਼ਲ ਆਰਟ ਗਤਕਾ ਦਾ ਵਿਧਿਵਤ ਇੱਕ ਸਾਲਾ ਡਿਪਲੋਮਾ ਕੋਰਸ ਕਰਾਇਆ ਜਾਂਦਾ ਹੈ।

## ਅਟਲ ਬਿਹਾਰੀ ਵਾਜਪਾਈ ਦਾ ਸੌਵਾਂ ਜਨਮ ਦਿਨ ਮਨਾਇਆ

**ਮੋਗਾ, (ਇਕਬਾਲ ਸਿੰਘ ਖਹਿਰਾ)** ਭਾਜਪਾ ਦਫਤਰ ਧਰਮਕੋਟ ਵਿਖੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਕੈਲਾ ਦੀ ਅਗਵਾਈ ਹੇਠ ਭਾਜਪਾ ਆਗੂਆਂ ਤੇ ਵਰਕਰਾਂ ਦੀ ਮੀਟਿੰਗ ਹੋਈ, ਜਿਸ ਦੌਰਾਨ ਪ੍ਰਦੇਸ਼ ਕਿਸਾਨ ਮੋਰਚਾ ਪ੍ਰਧਾਨ ਦਰਸ਼ਨ ਸਿੰਘ ਨੈਣੇਵਾਲ, ਜ਼ਿਲ੍ਹਾ ਮਹਾਂਮੰਤਰੀ ਮੁਖਤਿਆਰ ਸਿੰਘ ਵੱਲੋਂ ਉਚੇਚੇ ਤੌਰ 'ਤੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਮਰਹੂਮ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਦਾ ਸੌਵਾਂ ਜਨਮ ਦਿਨ ਮਨਾਉਂਦਿਆਂ ਇਸ ਦਾ ਨਾਂਅ ਅਟਲ ਸਿਮਰਤੀ ਵੰਸ਼ ਰੱਖਿਆ ਗਿਆ।ਇਸ ਮੌਕੇ ਸ਼ਮਸ਼ੇਰ ਸਿੰਘ ਕੈਲਾ, ਮੁਖਤਿਆਰ ਸਿੰਘ ਤੇ ਦਰਸ਼ਨ ਸਿੰਘ ਨੇ ਕਿਹਾ ਕਿ ਮਰਹੂਮ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪਾਈ ਨੇ ਆਪਣੇ ਪ੍ਰਧਾਨ ਮੰਤਰੀ ਕਾਰਜਕਾਲ ਦੌਰਾਨ ਜਿੱਥੇ ਦੇਸ਼ ਨੂੰ ਤਰੱਕੀ ਦੀਆਂ ਰਾਹਾਂ ਤੇ ਲਿਆਂਦਾ, ਉੱਥੇ ਹੀ ਲੋਕ ਪੱਖੀ ਫੈਸਲੇ ਕੀਤੇ।ਉਹ ਬੁੱਧੀਜੀਵੀ ਦੇ ਨਾਲ ਨਾਲ ਮਹਾਨ ਲੇਖਕ ਵੀ ਸਨ। ਜਿਨਾਂ ਦੇ ਵਿਚਾਰਾਂ ਤੋਂ ਸਾਨੂੰ ਸੇਧ ਲੈਣੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਸ੍ਰੀ ਅਟਲ ਬਿਹਾਰੀ ਵਾਜਪਾਈ ਜੀ ਦੇ ਅਸੂਲਾਂ ਨੂੰ ਆਧਾਰ ਬਣਾ ਕੇ ਪ੍ਰੇਰਨਾ ਸਰੋਤ ਮੰਨ ਕੇ ਸਮਾਜ ਦੀ ਸੇਵਾ ਵਿੱਚ ਡਟ ਕੇ ਕੰਮ ਕਰਨ ਦਾ ਹੌਸਲਾ ਦਿੱਤਾ।



...ਸਫ਼ਾ 2 ਦੇ ਬਾਕੀ

### ਨਸ਼ੇੜੀ ਡਰੋਨ ਫੁੰਡਣ ਲਈ ਕੇਂਦਰ...

ਨੂੰ ਹੋਰ ਆਧੁਨਿਕ ਬਣਾਇਆ ਜਾ ਰਿਹਾ ਹੈ ਅਤੇ ਮਾਰਚ ਤੱਕ ਲੁਧਿਆਣਾ, ਫਿਰੋਜ਼ਪੁਰ ਅਤੇ ਜਲੰਧਰ ਵਿੱਚ ਇਸ ਦੇ ਨਵੇਂ ਦਫਤਰ ਖੋਲ੍ਹ ਦਿੱਤੇ ਜਾਣਗੇ। ਨਾਲ ਹੀ, ਵਿਦੇਸ਼ ਭੱਜਣ ਵਾਲੇ ਅਪਰਾਧੀਆਂ ਨੂੰ ਰੋਕਣ ਲਈ ਪਾਸਪੋਰਟ ਸਿਸਟਮ ਨੂੰ ਸਿੱਧਾ ਅਪਰਾਧਕ ਰਿਕਾਰਡ ਨਾਲ ਜੋੜਿਆ ਜਾਵੇਗਾ।

ਸੂਬੇ ਦੀ ਅੰਦਰੂਨੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ 585 ਅਹਿਮ ਥਾਵਾਂ 'ਤੇ 2,300 ਤੋਂ ਵੱਧ ਸੀ ਸੀ ਟੀ ਵੀ ਕੈਮਰੇ ਲਗਾਏ ਜਾ ਰਹੇ ਹਨ, ਜੋ ਮਾਰਚ ਤੱਕ ਤਿਆਰ ਹੋ ਜਾਣਗੇ। ਇਸ ਦੇ ਨਾਲ ਹੀ 112 ਹੈਲਪਲਾਈਨ ਦਾ ਰਿਸਪਾਂਸ ਟਾਈਮ ਘਟਾ ਕੇ 7-8 ਮਿੰਟ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਇਸ ਮਕਸਦ ਲਈ ਮੁਹਾਲੀ ਦੇ ਸੈਕਟਰ 89 ਵਿੱਚ 200 ਕਰੋੜ ਦੀ ਲਾਗਤ ਨਾਲ ਇੱਕ ਅਤਿ-ਆਧੁਨਿਕ ਕੰਟਰੋਲ ਸਿਸਟਮ ਸਥਾਪਤ ਕੀਤਾ ਜਾਵੇਗਾ ਅਤੇ ਪੁਲਸ ਵਾਹਨਾਂ ਨੂੰ ਅਪਗ੍ਰੇਡ ਕਰਨ ਲਈ 125 ਕਰੋੜ ਰੁਪਏ ਖਰਚੇ ਜਾਣਗੇ।

### ਨਫ਼ਰੀ ਘੱਟ, ਸਕਿਉਰਿਟੀ ਲੈਣ ਵਾਲੇ ਨੇਤਾ ਵੱਧ...

ਹੈ, ਜਿਸ ਕਾਰਨ ਹਜ਼ਾਰਾਂ ਅਹੁਦੇ ਖਾਲੀ ਪਏ ਹਨ। ਅਫਸਰਾਂ ਦਾ ਮੰਨਣਾ ਹੈ ਕਿ ਕਈ ਜ਼ਿਲ੍ਹਿਆਂ ਵਿੱਚ ਸੀਮਤ ਸਟਾਫ ਤੋਂ ਕਾਨੂੰਨ ਵਿਵਸਥਾ, ਜਾਂਚ ਅਤੇ ਵੀ ਆਈ ਪੀ ਸੁਰੱਖਿਆ ਨੂੰ ਇਕੋ ਸਮੇਂ ਸੰਭਾਲਣ ਦੀ ਉਮੀਦ ਕੀਤੀ ਜਾਂਦੀ ਹੈ।

ਜਦੋਂ ਮਾਰਚ 2022 ਵਿੱਚ ਆਮ ਆਦਮੀ ਪਾਰਟੀ ਸੱਤਾ ਵਿੱਚ ਆਈ ਸੀ, ਤਾਂ ਇਸ ਦੀ ਇੱਕ ਘੋਸ਼ਿਤ ਤਰਜੀਹ ਸੁਰੱਖਿਆ ਨੂੰ ਤਰਕਸੰਗਤ ਬਣਾਉਣਾ ਅਤੇ ਮੁਲਾਜ਼ਮਾਂ ਨੂੰ ਜਨਤਕ ਸੁਰੱਖਿਆ ਲਈ ਮੁੜ ਤਾਇਨਾਤ ਕਰਨਾ ਸੀ, ਪਰ ਜ਼ਮੀਨੀ ਪੱਧਰ 'ਤੇ ਇਸ ਦਾ ਅਮਲ ਸੁਸਤ ਅਤੇ ਅਸਮਾਨ ਰਿਹਾ ਹੈ। ਕਈ ਆਗੂ ਅਜੇ ਵੀ ਦੋ ਤੋਂ ਤਿੰਨ ਸੁਰੱਖਿਆ ਕਰਮਚਾਰੀਆਂ ਨਾਲ ਘੁੰਮਦੇ ਹਨ, ਜੋ ਅਕਸਰ ਸਿਰਫ ਇੱਕ 'ਸਟੇਟਸ ਸਿੰਬਲ' ਬਣ ਕੇ ਰਹਿ ਗਿਆ ਹੈ। ਇੱਕ ਸੀਨੀਅਰ ਜ਼ਿਲ੍ਹਾ ਪੁਲਸ ਅਧਿਕਾਰੀ ਨੇ ਕਿਹਾ ਕਿ ਸੁਰੱਖਿਆ ਪ੍ਰਬੰਧਾਂ ਦੀ ਵਿਆਪਕ ਸਮੀਖਿਆ ਚੱਲ ਰਹੀ ਹੈ ਅਤੇ ਉਨ੍ਹਾਂ ਲੋਕਾਂ ਤੋਂ ਸੁਰੱਖਿਆ ਵਾਪਸ ਲੈਣ ਦੇ ਨਿਰਦੇਸ਼ ਦਿੱਤੇ ਗਏ ਹਨ, ਜੋ ਖਤਰੇ ਦੇ ਮਾਪਦੰਡਾਂ 'ਤੇ ਖਰੇ ਨਹੀਂ ਉਤਰਦੇ। ਹਾਲਾਂਕਿ ਪੁਲਸ ਅੰਦਰਲੇ ਸੂਤਰਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਵੱਡੇ ਪੱਧਰ 'ਤੇ ਭਰਤੀ ਨਹੀਂ ਕੀਤੀ ਜਾਂਦੀ ਅਤੇ ਸੁਰੱਖਿਆ ਨੂੰ ਸਹੀ ਅਰਥਾਂ ਵਿੱਚ ਤਰਕਸੰਗਤ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਸਿਆਸੀ ਸੁਰੱਖਿਆ ਅਤੇ ਜਨਤਕ ਪੁਲੀਸਿੰਗ ਵਿਚਕਾਰ ਪਾੜਾ ਹੋਰ ਵਧਣ ਦੀ ਸੰਭਾਵਨਾ ਹੈ।

### ਸਿੱਖ ਇਤਿਹਾਸ ਦਾ ਤਾਮਿਲ...

ਦੌਰਾਨ ਤਾਮਿਲਨਾਡੂ ਤੋਂ ਲਗਭਗ 200 ਲੋਕ ਸ਼ਾਮਲ ਹੋਏ ਸਨ, ਜਿਨ੍ਹਾਂ ਵਿੱਚੋਂ ਕਈਆਂ ਨੇ ਸਿੱਖੀ ਜੀਵਨ ਜਾਚ ਨੂੰ ਅਪਣਾ ਲਿਆ। ਇਸੇ ਸਾਂਝ ਕਾਰਨ ਬੀ ਡੀ ਪੀ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ 7 ਤਾਮਿਲ ਸਿੱਖ ਉਮੀਦਵਾਰਾਂ ਨੂੰ ਮੈਦਾਨ ਵਿੱਚ ਉਤਾਰਿਆ ਸੀ।

ਗੀਤ ਦੇ ਰਿਲੀਜ਼ ਮੌਕੇ ਯੂਨਾਈਟਿਡ ਸਿੱਖਇਜ਼ਮ ਤਾਮਿਲਨਾਡੂ ਦੇ ਡਾਇਰੈਕਟਰ ਸੁਰਜੀਤ ਸਿੰਘ ਅਤੇ ਹੋਰ ਪ੍ਰਮੁੱਖ ਸਿੱਖ ਸ਼ਖਸੀਅਤਾਂ ਹਾਜ਼ਰ ਸਨ। ਬੁਲਾਰਿਆਂ ਨੇ ਕਿਹਾ ਕਿ ਇਹ ਗੀਤ ਸਿਰਫ ਇੱਕ ਰਚਨਾ ਨਹੀਂ, ਸਗੋਂ ਸਮਾਜੀ ਬਰਾਬਰੀ ਲਈ ਲੜਨ ਵਾਲੀਆਂ ਦੋ ਮਹਾਨ ਲਹਿਰਾਂ (ਦ੍ਰਾਵਿੜ ਅਤੇ ਸਿੱਖ) ਦੇ ਆਪਸੀ ਮਿਲਾਪ ਦਾ ਪ੍ਰਤੀਕ ਹੈ।

### ਮਨਰੇਗਾ ਨੂੰ ਖ਼ਤਮ ਕਰਨ 'ਚ ਅਕਾਲੀ ਦਲ ...

ਇਸ ਬਿੱਲ ਨੂੰ ਰੱਦ ਕਰਨ ਦਾ ਮਤਾ ਪਾਸ ਕੀਤਾ, ਤਾਂ ਅਕਾਲੀ ਦਲ ਨੇ ਗੈਰ-ਹਾਜ਼ਰ ਰਹਿਣ ਦਾ ਰਾਹ ਚੁਣਿਆ।

ਇਹ ਗੈਰ-ਹਾਜ਼ਰੀ ਭਾਜਪਾ ਨਾਲ ਉਨ੍ਹਾਂ ਦੇ ਪਰਦੇ ਪਿੱਛੇ ਚੱਲ ਰਹੇ ਸਮਝੌਤੇ ਦਾ ਸਪੱਸ਼ਟ ਸੰਕੇਤ ਹੈ।ਉਨ੍ਹਾ ਇਸ਼ਾਰਾ ਕੀਤਾ ਕਿ ਅਕਾਲੀ ਦਲ ਦੇ ਦੋ ਵਿਧਾਇਕ ਪਹਿਲਾਂ ਹੀ ਬਾਦਲ ਧੜਾ ਛੱਡ ਚੁੱਕੇ ਹਨ ਅਤੇ ਹੁਣ ਸਿਰਫ਼ ਇੱਕ ਵਿਧਾਇਕ ਬਚਿਆ ਹੈ, ਜਿਸ ਦੀ ਗੈਰ-ਹਾਜ਼ਰੀ ਨੇ ਪਾਰਟੀ ਦੇ ਅਸਲੀ ਚਿਹਰੇ ਨੂੰ ਨੰਗਾ ਕਰ ਦਿੱਤਾ ਹੈ। ਧਾਲੀਵਾਲ ਨੇ ਕਿਹਾ ਕਿ ਅਕਾਲੀ ਦਲ ਨੇ ਚੁੱਪਚਾਪ ਇਸ ਗਰੀਬ ਅਤੇ ਦਲਿਤ ਵਿਰੋਧੀ ਬਿੱਲ ਦਾ ਸਮਰਥਨ ਕੀਤਾ ਹੈ।

## ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਉਮੀਦਵਾਰਾਂ ਦਾ ਸਨਮਾਨ

**ਜਗਰਾਉਂ (ਨਛੱਤਰ ਸੰਧੂ)**

ਸ਼੍ਰੋਮਣੀ ਆਕਾਲੀ ਦਲ ਵੱਲੋਂ ਲੰਘੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਸਾਰੇ ਉਮੀਦਵਾਰਾਂ ਨੂੰ ਸਨਮਾਨਤ ਕੀਤਾ ਗਿਆ।ਹਲਕਾ ਇੰਚਾਰਜ ਐੱਸ.ਆਰ.ਕਲੇਰ ਨੇ ਭਵਿੱਖੀ ਰਣਨੀਤੀ ਸਾਂਝੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਮਜਬੂਤੀ ਲਈ ਤਕੜੇ ਹੋਣ ਦਾ ਸੱਦਾ ਦਿੱਤਾ।ਪਾਰਟੀ ਦਫ਼ਤਰ ਅੰਦਰ ਸ੍ਰੀ ਐਸ.ਆਰ.ਕਲੇਰ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਤੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ, ਜਿੱਥੇ ਬਲਾਕ ਸੰਮਤੀ ਚੋਣਾਂ ਲੜਨ ਵਾਲੇ ਸਾਰੇ ਹੀ ਉਮੀਦਵਾਰਾਂ ਦਾ ਸਨਮਾਨ ਵੀ ਕੀਤਾ ਗਿਆ। ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ।ਸ੍ਰੀ ਕਲੇਰ ਨੇ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਵਫ਼ਾਦਾਰ ਤੇ ਸਮਰਪਣ ਭਾਵਨਾ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਆਪਣੇ ਜੁਝਾਰੂ ਵਰਕਰਾਂ ਦਾ ਸਨਮਾਨ ਕਰਦਿਆਂ ਬੇਹੱਦ ਖੁਸ਼ੀ ਮਹਿਸੂਸ ਕਰ ਰਹੇ ਹਨ, ਜਿਨ੍ਹਾਂ ਸੱਤਾਧਾਰੀਆਂ ਦੇ ਹਰ ਤੰਤਰ ਦਾ ਸਾਹਮਣਾ ਕਰਦਿਆਂ ਨਿੱਡਰ ਹੋ ਕੇ ਚੋਣ ਲੜੀ ਤੇ ਵਿਰੋਧੀਆਂ ਦੇ ਹਰ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ। ਸ੍ਰੀ ਕਲੇਰ ਨੇ ਕਿਹਾ ਕਿ ਲੰਘੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਨੂੰ ਭਰਵਾਂ ਸਹਿਯੋਗ ਮਿਲਿਆ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇ ਦੌਰਾਨ ਸੱਤਾਧਾਰੀ ਧਿਰ ਦੀ ਕਾਰਗੁਜ਼ਾਰੀ ਨਾਂਹਪੱਖੀ ਰਹੀ ਹੈ ਤੇ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀ ਨਿਰਾਸ਼ਾਜਨਕ ਕਾਰਗੁਜਾਰੀ ਤੋਂ ਬੇਹੱਦ ਪ੍ਰੇਸ਼ਾਨ ਹਨ।ਉਨ੍ਹਾਂ ਕਿਹਾ ਕਿ ਲੋਕਾਂ ਵਲੋਂ ਮਿਲ ਰਿਹਾ ਭਰਵਾਂ ਹੁੰਗਾਰਾ ਭਵਿੱਖ ਅੰਦਰ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦਾ ਵੱਡਾ ਸੰਕੇਤ ਹੈ। ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੂਬੇ ਅੰਦਰ ਸੋਸ਼ਲ ਮੀਡੀਆ ਰਾਹੀਂ ਫੈਲਾਇਆ ਜਾ ਰਿਹਾ ਕੂੜ ਪ੍ਰਚਾਰ ਆਮ ਲੋਕਾਂ ਨੇ ਨਕਾਰ ਦਿੱਤਾ ਹੈ ਤੇ ਲੋਕ ਹੁਣ ਝੂਠ ਤੋਂ ਕਿਨਾਰਾ ਕਰਕੇ ਜ਼ਮੀਨੀ ਹਕੀਕਤਾਂ ਨਾਲ ਜੁੜਨਾ ਪਸੰਦ ਕਰਨ ਲੱਗੇ ਹਨ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

CMYK

# ਨਵੇਂ ਸਾਲ ਦੀ ਆਮਦ 'ਤੇ ਪੱਤਰਕਾਰ ਅਜੈ ਅਰੋੜਾ ਵੱਲੋਂ ਕੋਟ ਈਸੇ ਤੋਂ ਵਿਸ਼ੇਸ਼ ਸਪਲੀਮੈਂਟ

**ਸੰਦੇਸ਼** ਇਸ ਨਵੇਂ ਸਾਲ ਵਿੱਚ, ਆਓ ਸਾਰੇ ਆਪਸੀ ਭਾਈਚਾਰੇ, ਪਿਆਰ ਅਤੇ ਸਤਿਕਾਰ ਨੂੰ ਆਪਣੇ ਜੀਵਨ ਦੇ ਹਿੱਸੇ ਵਜੋਂ ਅਪਣਾਉਣ ਦਾ ਸੰਕਲਪ ਲਈਏ। ਇਹ ਸਾਲ ਆਪ ਸਭ ਲਈ ਖੁਸ਼ੀਆਂ ਭਰਿਆ ਹੋਵੇ। ਸਾਰਿਆਂ ਨੂੰ ਨਵਾਂ ਸਾਲ ਮੁਬਾਰਕ। **ਸੰਦੇਸ਼**

ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ | ਸੁਖਜੀਤ ਸਿੰਘ ਕਾਕਾ ਲੋਹਗੜ੍ਹ ਸਾਬਕਾ ਵਿਧਾਇਕ | ਬਰਜਿੰਦਰ ਸਿੰਘ ਮੱਖਣ ਬਰਾੜ | ਜਸਵਿੰਦਰ ਸਿੰਘ ਸਿੱਧੂ ਸੂਬਾ ਪ੍ਰਧਾਨ ਈਟੀਟੀ ਯੂਨੀਅਨ | ਗੁਰਤੇਜ ਸਿੰਘ ਗਿੱਲ ਰਿਟਾ:ਨਾਇਬ ਤਹਿਸੀਲਦਾਰ | ਬਲਵੰਤ ਸਿੰਘ ਬ੍ਰਹਿਮਕੇ ਸੂਬਾ ਪ੍ਰਧਾਨ ਬੀਕੇਯੂ ਬ੍ਰਹਿਮਕੇ | ਸ਼ਵਾਜ ਸਿੰਘ ਭੋਲਾ ਮਸਤੇਵਾਲਾ ਕਾਂਗਰਸੀ ਆਗੂ | ਗੁਰਮੀਤ ਸਿੰਘ ਗਗੜਾ ਸੀਨੀਅਰ ਅਕਾਲੀ ਆਗੂ

ਸਿਮਰਨਜੀਤ ਸਿੰਘ ਗਿੱਲ ਡਾਇਰੈਕਟਰ ਬੈਟਰ ਸਕਿੱਲ ਇਮੀਗ੍ਰੇਸ਼ਨ | ਦਲਜੀਤ ਸਿੰਘ ਬਿੱਟੂ ਠੇਕੇਦਾਰ (ਸਮਾਜ ਸੇਵੀ) | ਬਾਦਲ ਸੰਧੂ ਸਮਾਜ ਸੇਵੀ | ਪ੍ਰਕਾਸ਼ ਸਿੰਘ ਰਾਜਪੂਤ 'ਆਪ' ਆਗੂ | ਬਲਵਿੰਦਰ ਪਾਲ ਅਰੋੜਾ | ਅਮਨਿੰਦਰ ਸਿੰਘ ਅਮਨ ਬਲਾਕ ਪ੍ਰਧਾਨ | ਰਘਬੀਰ ਸਿੰਘ ਸਟੇਟ ਕਨਵੀਨਰ (PMLTA) | ਗੁਰਪ੍ਰੀਤ ਸਿੰਘ ਸੋਨੂੰ ਸਿੱਧੂ ਕੌਂਸਲਰ

ਸੁਮੀਤ ਮਲਹੋਤਰਾ ਵਾਈਸ ਪ੍ਰਧਾਨ | ਵਿਜੈ ਕੁਮਾਰ ਧੀਰ ਸਾਬਕਾ ਚੇਅਰਮੈਨ | ਇੰਜ. ਹਰਜਿੰਦਰ ਸਿੰਘ ਸੋਨੂੰ | ਮਨੋਜ ਮਿਸ਼ਰਾ ਸਮਾਜ ਸੇਵੀ | ਕਾ. ਸੁਰਜੀਤ ਸਿੰਘ ਗਗੜਾ | ਮੁਲਖ ਰਾਜ ਰੀਡਰ ਨਾਇਬ ਤਹਿਸੀਲਦਾਰ | ਬਲਦੇਵ ਸਿੰਘ ਬਲਖੰਡੀ 'ਆਪ' ਆਗੂ | ਡਾ. ਸੁਰਜੀਤ ਸਿੰਘ ਸਿੱਧੂ ਚੇਅਰਮੈਨ

**ਸੰਦੇਸ਼** ਆਪ ਸਭ ਨੂੰ ਨਵੇਂ ਸਾਲ ਦੀਆਂ ਲੱਖ ਮੁਬਾਰਕਾਂ। ਅਸ ਕਰਦੇ ਹਾਂ ਕਿ ਇਹ ਨਵਾਂ ਸਾਲ ਆਪ ਸਭ ਲਈ ਨਵੀਆਂ ਖੁਸ਼ੀਆਂ, ਉਮੀਦਾਂ ਅਤੇ ਕਾਮਯਾਬੀ ਦੇ ਬੇਅੰਤ ਮੌਕੇ ਲੈ ਕੇ ਆਵੇ।
MANDEEP MALRA CHAIRMAN | SANDEEP MALRA DIRECTOR

**ਸੰਦੇਸ਼** ਆਪ ਸਭ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ। ਮੇਰੀ ਪਰਮਾਤਮਾ ਅੱਗੇ ਅਰਦਾਸ ਹੈ ਕਿ ਇਹ ਸਾਲ ਆਪ ਲਈ ਖੁਸ਼ੀਆਂ ਭਰਿਆ ਹੋਵੇ।
ਕ੍ਰਿਸ਼ਨ ਤਿਵਾੜੀ ਮੈਂਬਰ ਪੀਸੀਸੀ ਅਤੇ ਡੈਲੀਗੇਟ ਹਲਕਾ ਧਰਮਕੋਟ

**ਸੰਦੇਸ਼** ਆਓ, ਇਸ ਨਵੇਂ ਸਾਲ ਵਿੱਚ, ਨਫ਼ਰਤ, ਭੇਦਭਾਵ ਅਤੇ ਸਵਾਰਥ ਨੂੰ ਤਿਆਗ ਕੇ ਪਿਆਰ, ਭਾਈਚਾਰਾ ਅਤੇ ਆਪਸੀ ਸਤਿਕਾਰ ਨੂੰ ਅਪਣਾਈਏ। ਇਹ ਨਵਾਂ ਸਾਲ ਆਪ ਸਭ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ।
ਗੁਰਵੰਤ ਸਿੰਘ ਵਿਰਕ

**ਸੰਦੇਸ਼** ਨਵੇਂ ਸਾਲ ਦੀਆਂ ਸਮੂਹ ਪੰਜਾਬੀਆਂ ਨੂੰ ਵਧਾਈਆਂ। ਇਸ ਨਵੇਂ ਸਾਲ ਵਿੱਚ, ਆਓ ਅਸੀਂ ਆਪਣੇ ਵਿਚਾਰਾਂ ਨੂੰ ਸਕਾਰਾਤਮਕ, ਬਣਾਈਏ ਅਤੇ ਇਕ ਜ਼ਿੰਮੇਵਾਰ ਨਾਗਰਿਕ ਬਣਨ ਦਾ ਪ੍ਰਣ ਕਰੀਏ।
ਕੁਲਵੰਤ ਸਿੰਘ ਸੰਧੂ ਚੇਅਰਮੈਨ | ਪ੍ਰੇਮ ਰਣਜੀਤ ਕੌਰ ਐਮ.ਡੀ.

## ★ ਧੰਨਵਾਦ ★

ਅਸੀਂ ਦੇਸ਼ਾਂ-ਵਿਦੇਸ਼ਾਂ 'ਚ ਵੱਸਦੇ ਸਮੁੱਚੇ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ ਦਿੰਦੇ ਹਾਂ ਅਤੇ ਨਾਲ ਹੀ ਉਨ੍ਹਾਂ ਸਮੂਹ ਸੱਜਣਾਂ-ਮਿੱਤਰਾਂ, ਸਹਿਯੋਗੀਆਂ, ਰਾਜਨੀਤਿਕ ਅਤੇ ਧਾਰਮਿਕ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਸਾਨੂੰ ਸਪਲੀਮੈਂਟ ਕੱਢਣ ਵਿਚ ਸਹਿਯੋਗ ਦਿੱਤਾ ਅਤੇ ਆਸ ਕਰਦੇ ਹਾਂ ਕਿ ਆਪ ਜੀ ਪਾਸੋਂ ਅੱਗੇ ਤੋਂ ਵੀ ਹਮੇਸ਼ਾਂ ਇਸੇ ਤਰ੍ਹਾਂ ਪਿਆਰ ਮਿਲਦਾ ਰਹੇਗਾ।

ਪੱਤਰਕਾਰ ਅਜੈ ਅਰੋੜਾ M. 99143-58312 | ਪੱਤਰਕਾਰ ਮਨੀ ਅਰੋੜਾ M. 98783-81492

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ
ਬਲਵਿੰਦਰ ਸਿੰਘ ਸਾਬਕਾ ਸਰਪੰਚ ਚਿਰਾਗਸ਼ਾਹਵਾਲਾ | ਖੁਸ਼ਕਰਨਦੀਪ ਸਿੰਘ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਪਿਛਲੇ 23 ਸਾਲਾਂ ਤੋਂ ਚੱਲ ਰਹੀ
GURU NANAK COMPUTER ACADEMY
Microsoft ਅਤੇ ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ ਕੰਪਿਊਟਰ ਕੋਰਸਾਂ ਵਿਚ ਮਾਹਿਰ ਬਣੋ।
ਆਨਲਾਈਨ ਸਰਟੀਫਿਕੇਟ ਦੀ ਸੁਵਿਧਾ ਉਪਲੱਬਧ ਹੈ।
ਲੜਕੀਆਂ ਲਈ ਅਲੱਗ ਕਲਾਸਾਂ ਦੀ ਸੁਵਿਧਾ ਉਪਲੱਬਧ ਹੈ।
ਸਾਰੀਆਂ ਸਰਕਾਰੀ ਨੌਕਰੀਆਂ ਵਾਸਤੇ 120 ਘੰਟੇ ਵਾਲੇ ਕੋਰਸ ਵੀ ਕਰਵਾਏ ਜਾਂਦੇ ਹਨ।
ਸਾਹਮਣੇ ਬਾਬਾ ਈਸ਼ਰ ਸਿੰਘ ਕਾਲਜ, ਧਰਮਕੋਟ ਰੋਡ, ਕੋਟ ਈਸੇ ਖਾਂ
ਐਮ. ਡੀ. ਗੁਰਵੰਤ ਸਿੰਘ ਵਿਰਕ MOB : 98725-74809, 98884-36220

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ | ਪ੍ਰਕਾਸ਼ ਸਿੰਘ ਰਾਜਪੂਤ ਬਲਾਕ ਪ੍ਰਧਾਨ | ਛਿੰਦਰ ਕੌਰ ਰਾਜਪੂਤ ਪ੍ਰਧਾਨ ਨਗਰ ਪੰਚਾਇਤ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ | ਭੁਪਿੰਦਰ ਸਿੰਘ ਬੈਂਸ 'ਆਪ' ਯੂਥ ਆਗੂ | ਜਗਜੀਤ ਸਿੰਘ ਬੈਂਸ 'ਆਪ' ਯੂਥ ਆਗੂ

## ਸਮਾਜ ਸੇਵੀ ਅਤੇ ਲੋੜਵੰਦਾਂ ਨਾਲ ਹਮੇਸ਼ਾਂ ਖੜ੍ਹਨ ਵਾਲੀਆਂ ਸ਼ਹਿਰ ਦੀਆਂ ਉਘੀਆਂ ਸ਼ਖਸੀਅਤਾਂ

ਦਲਜੀਤ ਸਿੰਘ (ਬਿੱਟੂ) ਠੇਕੇਦਾਰ (ਸਮਾਜ ਸੇਵੀ) | ਬਾਦਲ ਸੰਧੂ ਠੇਕੇਦਾਰ (ਸਮਾਜ ਸੇਵੀ) | ਰਣਜੀਤ ਸਿੰਘ ਰਾਣਾ ਠੇਕੇਦਾਰ (ਸਮਾਜ ਸੇਵੀ)

ਨਵਾਂ ਸਾਲ ਮੁਬਾਰਕ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਇਹ ਨਵਾਂ ਸਾਲ ਆਪ ਸਭ ਲਈ ਖ਼ੁਸ਼ੀਆਂ ਖੇੜੇ ਲੈ ਕੇ ਆਵੇ।

ਨਸ਼ਿਆਂ ਵਿਚ ਧੱਸ ਰਹੀ ਨੌਜਵਾਨੀ ਨੂੰ ਬਚਾਉਣ ਲਈ ਹੰਭਲਾ ਮਾਰੀਏ ਅਤੇ ਦੂਸ਼ਿਤ ਹੋ ਰਹੇ ਵਾਤਾਵਰਣਦੀ ਸੰਭਾਲ ਲਈ ਆਪਣਾ ਆਲਾ-ਦੁਆਲਾ ਹਰਾ-ਭਰਿਆ ਰੱਖੀਏ।

## ਇਲਾਕੇ ਦੀਆਂ ਮਾਣਮੱਤੀਆਂ ਸ਼ਖਸੀਅਤਾਂ

ਯੋਗੇਸ਼ ਠਾਕੁਰ (ਅੱਖਰਕਾਰ) | ਸਵਰਨਜੀਤ ਸਿੰਘ ਸਟੇਟ ਅਵਾਰਡੀ | ਪਲਵਿੰਦਰ ਸਿੰਘ ਲੈਕਚਰਾਰ ਸਟੇਟ ਅਵਾਰਡੀ | ਮਾਸਟਰ ਕੁਲਵਿੰਦਰ ਸਿੰਘ | ਅਜੈ ਛਾਬੜਾ ਐਡਵੋਕੇਟ | ਬਲਰਾਮ ਸ਼ਰਮਾ ਬੱਬੀ ਕਾਂਗਰਸੀ ਆਗੂ | ਰਣਜੀਤ ਸਿੰਘ ਬਬਲੂ ਮੈਂਬਰ ਜ਼ਿਲ੍ਹਾ ਪ੍ਰੀਸ਼ਦ | ਰਮਨਦੀਪ ਸਿੰਘ ਰਿੰਪੀ ਸਰਪੰਚ ਖੋਸਾ

ਹਰਜਿੰਦਰ ਸਿੰਘ ਸਦਰਕੋਟ | ਅਵਤਾਰ ਸਿੰਘ ਸੋਢ ਵਾਈਸ ਚੇਅਰਮੈਨ | ਗੁਰਪ੍ਰੀਤ ਸਿੰਘ ਹੇਰ ਗਲੋਟੀ ਯੂਥ ਆਗੂ | ਪਰਮਿੰਦਰ ਸਿੰਘ ਸਰਪੰਚ ਜਨੇਰ | ਰੇਸ਼ਮ ਸਿੰਘ ਮੱਖੋਕਾ | ਜਗੀਰ ਸਿੰਘ ਛਾਬੜਾ | ਮਾ: ਸਮਸ਼ੇਰ ਸਿੰਘ | ਵੀ.ਪੀ. ਸਿੰਘ ਡਾਇਰੈਕਟਰ ਵੀਜ਼ਾ ਕਲੱਬ ਇਮੀਗ੍ਰੇਸ਼ਨ

ਰਾਜਦਵਿੰਦਰ ਸਿੰਘ ਗਿੱਲ | ਕਰਨਪਾਲ ਸਿੰਘ ਭੁੱਲਰ ਸਮਾਜ ਸੇਵੀ | ਡਾ. ਗੁਰਲਵਲੀਨ ਸਿੰਘ ਖੇਤੀਬਾੜੀ ਵਿਕਾਸ ਅਫਸਰ | ਮਾ. ਹਰਭਿੰਦਰ ਸਿੰਘ ਜਾਨੀਆਂ | ਦਲੇਰ ਸਿੰਘ ਸਰਪੰਚ | ਛਵਰਾਜ ਸਿੰਘ ਸਰਪੰਚ ਗਲੋਟੀ | ਸੌਰਵ ਕਾਲੜਾ ਫਤਹਿਗੜ੍ਹ ਪੰਜਤੂਰ | ਗੁਰਲਾਭ ਸਿੰਘ 'ਆਪ' ਆਗੂ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ
Vijay Kumar Dhir (Chairamn) | Mrs. Ritu Ahuja Principal

DAV KRB SEN. SEC. PUBLIC SCHOOL
KOT-ISE-KHAN
Admission Open 2026-27
Affiliated to C.B.S.E.
Moga Road, Kot-Ise-Khan (MOGA)

ਸਮੂਹ ਸੰਗਤਾਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ

IN THE BELOVED MEMORY OF SANT BABA FATEH SINGH JI (KHOSA KOTLA)
IAS
Integrated Ardent School
Journey of Education, Legacy of Sports
To be Affiliated to CBSE, New Delhi
Classes Pre Nursery to 3rd
ADMISSION OPEN
Session 2026-27
Pre-Nursery to 3rd
9814071371 9814471371 | iaskhosa2024@gmail.com | Galoti Road, Khosa Kotla, Moga, Punjab 152028
Under the Guidance of SANT GYANI GURMEET SINGH JI

ਘਰ ਦੀ ਰੌਣਕ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋ.ਅ.ਦਲ (ਬ) | ਗੁਰਮੇਲ ਸਿੰਘ ਸਿੱਧੂ ਸਰਕਲ ਪ੍ਰਧਾਨ ਸ਼੍ਰੋ.ਅ.ਦਲ (ਬ) ਹਲਕਾ ਧਰਮਕੋਟ | ਰਣਜੀਤ ਸਿੰਘ ਔਜਲਾ ਸ਼ਹਿਰੀ ਪ੍ਰਧਾਨ ਧਰਮਕੋਟ ਸ਼੍ਰੋ.ਅ.ਦਲ (ਬ)

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ
ਸੁਖਜੀਤ ਸਿੰਘ ਕਾਕਾ ਲੋਹਗੜ੍ਹ ਸਾਬਕਾ ਵਿਧਾਇਕ ਧਰਮਕੋਟ
ਵੱਲੋਂ : ਸ਼ਵਾਜ ਸਿੰਘ ਭੋਲਾ ਮਸਤੇਵਾਲਾ ਬਲਾਕ ਪ੍ਰਧਾਨ ਕਾਂਗਰਸ ਤੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ | ਜਗਜੀਤ ਸਿੰਘ 'ਆਪ' ਆਗੂ ਕੋਟ ਸਦਰ ਖਾਂ | ਸਰਬਜੀਤ ਕੌਰ ਸਰਪੰਚ ਕੋਟ ਸਦਰ ਖਾਂ
ਵਿਧਾਇਕ ਲਾਡੀ ਢੋਸ ਦੀ ਅਗਵਾਈ ਵਿੱਚ ਪਿੰਡ ਦੇ ਵਿਕਾਸ ਲਈ ਵਚਨਬੱਧ ਹਾਂ।

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ
ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ
ਵੱਲੋਂ : ਸੁਮੀਤ ਕੁਮਾਰ ਬਿੱਟੂ ਮਲਹੋਤਰਾ ਵਾਈਸ ਪ੍ਰਧਾਨ ਨਗਰ ਪੰਚਾਇਤ (ਕੋਟ ਈਸੇ ਖਾਂ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ | ਅਮਿਤਪਾਲ ਸਿੰਘ ਸਰਪੰਚ ਬਲਾਕ ਪ੍ਰਧਾਨ ਹਲਕਾ ਧਰਮਕੋਟ | ਸਿਮਰਨਜੀਤ ਸਿੰਘ ਗਿੱਲ ਯੂਥ ਪ੍ਰਧਾਨ ਹਲਕਾ ਧਰਮਕੋਟ | ਸੁਖਰਾਜ ਕੌਰ ਬਲਾਕ ਸੰਮਤੀ ਮੈਂਬਰ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਡਾ. ਗੁਰਪ੍ਰੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ | ਗੁਰਸਾਹਿਬ ਸਿੰਘ ਸੰਧੂ ਖੇਤੀਬਾੜੀ ਵਿਕਾਸ ਅਫਸਰ | ਅਸ਼ਵਨੀ ਕੁਮਾਰ ਖੇਤੀਬਾੜੀ ਵਿਸਥਾਰ ਅਫਸਰ | ਹੀਰਾ ਲਾਲ ਖੇਤੀਬਾੜੀ ਵਿਸਥਾਰ ਅਫਸਰ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਕੁਲਦੀਪ ਸਿੰਘ ਰਾਜਪੂਤ ਸਾਬਕਾ ਪ੍ਰਧਾਨ ਨਗਰ ਪੰਚਾਇਤ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ
ਵੱਲੋਂ : ਵਿਜੈ ਭਾਊ ਯੂਥ 'ਆਪ' ਆਗੂ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਸੁਖਜੀਤ ਸਿੰਘ ਕਾਕਾ ਲੋਹਗੜ੍ਹ ਸਾਬਕਾ ਵਿਧਾਇਕ ਧਰਕਮੋਟ | ਸ਼ਵਾਜ ਸਿੰਘ ਭੋਲਾ ਮਸਤੇਵਾਲਾ ਬਲਾਕ ਪ੍ਰਧਾਨ ਕਾਂਗਰਸ ਤੇ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ | ਨਰਿੰਦਰ ਸਿੰਘ ਜਾਫਰਵਾਲਾ ਸਾਬਕਾ ਸਰਪੰਚ ਯੂਥ ਪ੍ਰਧਾਨ ਹਲਕਾ ਧਰਮਕੋਟ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ | ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ
ਤਲਵਿੰਦਰ ਸਿੰਘ ਵਿਰਕ ਉਮਰੀਆਣਾ ਕੋ ਆਰਡੀਨੇਟਰ ਸਿਹਤ ਮੰਤਰੀ ਪੰਜਾਬ ਧਰਮਕੋਟ | ਗੋਪੀ ਮਾਨ ਦਾਤੇਵਾਲ 'ਆਪ' ਆਗੂ | ਲਖਵੀਰ ਸਿੰਘ ਸਰਪੰਚ ਅਟਾਰੀ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ
ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ
ਵੱਲੋਂ : ਬਲਦੇਵ ਸਿੰਘ ਸਰਪੰਚ ਬਲਖੰਡੀ ਮੈਂਬਰ ਕਿਰਤ ਵਿਭਾਗ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋ.ਅ.ਦਲ (ਬ) | ਤੀਰਥ ਸਿੰਘ ਮਾਹਲਾ ਮੈਂਬਰ ਵਰਕਿੰਗ ਕਮੇਟੀ
ਵੱਲੋਂ : ਗੁਰਮੀਤ ਸਿੰਘ ਗਗੜਾ ਸੀਨੀਅਰ ਅਕਾਲੀ ਆਗੂ ਹਲਕਾ ਧਰਮਕੋਟ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ
ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ
ਵੱਲੋਂ : ਰਾਜਵੀਰ ਸਿੰਘ ਸਰਪੰਚ ਕਿਲੀ ਗਾਂਧਰਾ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਬਲਵੰਤ ਸਿੰਘ ਸੂਬਾ ਪ੍ਰਧਾਨ ਬੀ.ਕੇ.ਯੂ. ਬਹਿਰਾਮਕੇ | ਬਾਜ ਸਿੰਘ ਸੰਗਲਾ ਐਗਜੈਕਟਿਵ ਕਮੇਟੀ ਮੈਂਬਰ ਪੰਜਾਬ | ਗੁਰਨਾਮ ਸਿੰਘ ਸਾਹਵਾਲਾ ਸੂਬਾ ਸਕੱਤਰ | ਜਗਜੂਪ ਸਿੰਘ ਢਿੱਲਵਾਂ ਜ਼ਿਲ੍ਹਾ ਪ੍ਰਧਾਨ ਮੋਗਾ
ਗੁਰਮੇਲ ਸਿੰਘ ਗਿੱਲ ਸ਼ਹਿਰੀ ਪ੍ਰਧਾਨ ਧਰਮਕੋਟ | ਤੋਤਾ ਸਿੰਘ ਬਹਿਰਾਮਕੇ ਸੂਬਾ ਐਗਜੈਕਟਿਵ ਮੈਂਬਰ | ਮੁਖਤਿਆਰ ਸਿੰਘ ਮਾਹਲਾ ਸੂਬਾ ਸਕੱਤਰ | ਜੰਗੀਰ ਸਿੰਘ ਫੌਜੀ ਸੂਬਾ ਪ੍ਰੈਸ ਸਕੱਤਰ
ਜਾਰੀ ਕਰਤਾ : ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ
ਪ੍ਰਧਾਨ ਅਮਰਜੀਤ ਸ਼ਰਮਾ | ਸੈਕਟਰੀ ਅਸ਼ੋਕ ਕੁਮਾਰ | ਕੈਸ਼ੀਅਰ ਅਰੁਣ ਸ਼ਰਮਾ
ਜਸਵੰਤ ਸਿੰਘ ਇਚਰਜ ਬਲੱਡ ਕੈਂਪ | ਆਕਾਸ਼ਦੀਪ ਸ਼ਰਮਾ ਵਾਤਾਵਰਣ ਪ੍ਰਮੁੱਖ
ਵੱਲੋਂ : ਭਾਰਤ ਵਿਕਾਸ ਪ੍ਰੀਸ਼ਦ ਸ਼ਾਖਾ

ਮਾਡਰਨ ਬਿਲਡਿੰਗ ਡਿਜ਼ਾਈਨਰ
ਨਵੇਂ ਸਾਲ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ
ਇੱਥੇ ਘਰਾਂ, ਦੁਕਾਨਾਂ, ਮਕਾਨਾਂ, ਸ਼ੋਅ-ਰੂਮ, ਰਿਜ਼ੋਰਟ ਆਦਿ ਦੇ ਨਕਸ਼ੇ ਤਿਆਰ ਕੀਤੇ ਜਾਂਦੇ ਹਨ।
ਇੰਜੀ. ਹਰਜਿੰਦਰ ਸਿੰਘ (ਸੋਨੂੰ), ਸਿਵਲ ਇੰਜੀ. (ਡੀ.ਐਮ. ਸਿਵਲ)
97813-60954, 78370-60954 ਧਰਮਕੋਟ ਰੋਡ, ਕੋਟ ਈਸੇ ਖਾਂ (ਮੋਗਾ) ਇੰਜੀ. ਹਰਜਿੰਦਰ ਸਿੰਘ ਸੋਨੂੰ

ਹਰ-ਇਕ ਦੇ ਦੁੱਖ-ਸੁੱਖ ਦੇ ਸਾਥੀ ਹਲਕਾ ਧਰਮਕੋਟ ਦੀ ਸ਼ਾਨ
ਸਵ: ਕੁਲਦੀਪ ਸਿੰਘ ਢੋਸ | ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ | ਦਵਿੰਦਰਜੀਤ ਸਿੰਘ ਲਾਡੀ ਢੋਸ ਵਿਧਾਇਕ ਧਰਮਕੋਟ
ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
ਕੌਂਸਲਰ ਰਜਨੀ ਬਾਲਾ ਵਾਰਡ ਨੰ.9, ਕੋਟ ਈਸੇ ਖਾਂ | ਹੀਰਾ ਲਾਲ ਡਾਵਰ (ਸਮਾਜ ਸੇਵੀ)

Pathways Global School
ਪਾਥਵੇਜ਼ ਗਲੋਬਲ ਸਕੂਲ
DHARAMKOT ROAD, KOT ISE KHAN
ਨਵੇਂ ਸਾਲ 2026 ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ ਲੱਖ ਵਧਾਈਆਂ।
ADMISSION OPEN 2026-27
S. Barjit Singh Sidhu (Chairman) | S. Avtar Singh Sandh (V. Chairman) | Dr. Ashok Kamboj (President) | Dr. Arvind Kumar Sharma (Principal)
ਵੱਲੋਂ :- ਪਾਥਵੇਜ਼ ਗਲੋਬਲ ਸਕੂਲ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸਟਾਫ

SRI HEMKUNT SEN. SEC. SCHOOL (INTERNATIONAL)
CAMBRIDGE INTERNATIONAL EXAMINATION
The only unique school in moga district with accreditation from Cambridge University (England)
CAMBRIDGE PATHWAYS IGCSE SCHOOL
A HOME FOR EVERY MIND
SRI HEMKUNT INTERNATIONAL SCHOOL (IGCSE)
NURSERY to 12 th
CAMBRIDGE EARLY YEAR KINDER GARTEN
CAMBRIDGE JUNIOR (5 TO 11 YEARS) FROM GARDE 1 TO GRADE 5
CAMBRIDGE UPPER SECONDARY (14 TO 16 YEARS) CAMBRIDGE IGCSE: FROM GRADE 9 TO GRADE 10
CAMBRIDGE LOWER SECONDARY (11 TO 14 YEARS) FROM GRADE 6 TO GARDE 8
CAMBRIDGE ADVANCED (16 TO 19 YEARS) FROM GRADE 11TH TO GRADE 12TH

Western Australian Curriculum Board
In Collaboration with
Cambridge Convent School
Registration OPEN
1ST TIME IN PUNJAB
International CAMPUS IN INDIA
Admission Open 2026-27
ਕੈਂਬਰਿਜ਼ ਕਾਨਵੈਂਟ ਸਕੂਲ
ਮਾਤਾ ਪਿਤਾ ਦੀ ਪਹਿਲੀ ਪਸੰਦ
ਮੋਗਾ-ਅੰਮ੍ਰਿਤਸਰ ਰੋਡ, ਕੋਟ ਈਸੇ ਖਾਂ (ਮੋਗਾ)
M. 98882-78365, 97816-40200, 97794-58082

ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਲੱਖ ਲੱਖ ਵਧਾਈਆਂ
LIC NO. 184-185
BETTER SKILL
ਬੈਟਰ ਸਕਿੱਲ
IMMIGRATION AND TRAINING CONSULTANTS
CYPRUS STUDY VISA
ਅਕਾਸ਼ਦੀਪ ਸਿੰਘ (ਦਾਤੇਵਾਲ, ਕੋਟ ਈਸੇ ਖਾਂ)
Simranjit Singh Gill DIRECTOR (VISA EXPERT)
ਦਿਖਾਵੇ ਨਹੀਂ ਸਿਰਫ਼ ਚੰਗੇ ਰਿਜ਼ਲਟ
98633-98638
ਲੋਹਗੜ੍ਹ ਚੌਕ, ਧਰਮਕੋਟ